ਗਦਰੀ ਸੂਰਬੀਰਾਂ ਨੂੰ ਸਮਰਪਿਤ ਅੰਕ

ਬੁਲੇਟਿਨ

# ਲਲਕਾਰ

ਤਬਦੀਲੀ ਪਸੰਦ ਨੌਜਵਾਨਾਂ-ਵਿਦਿਆਰਥੀਆਂ ਦੀ ਮੈਗਜ਼ੀਨ

ਅਕਤੂਬਰ-ਦਸੰਬਰ 2009 ● 10 ਰੁਪਏ



ਬਾਬਾ ਸੋਹਣ ਸਿੰਘ ਭਕਨਾ



ਸ਼ਹੀਦ ਕਾਂਸ਼ੀ ਰਾਮ



ਸ਼ਹੀਦ ਕਰਤਾਰ ਸਿੰਘ ਸਰਾਭਾ



ਲਾਲਾ ਹਰਦਿਆਲ



ਸ਼ਹੀਦ ਗੁਰਦਿੱਤ ਸਿੰਘ

## ਆਪਣੀ ਗੱਲ

ਪ੍ਰਧਾਨ ਮੰਤਰੀ ਜੀ, 'ਦੇਸ਼ ਦੀ ਸੁਰੱਖਿਆ ਨੂੰ ਖ਼ਤਰਾ' ਦਹਿਸ਼ਤਗਰਦੀ ਤੋਂ ਨਹੀਂ, ਗਰੀਬੀ ਭੁੱਖਮਰੀ ਤੋਂ ਹੈ

## ਵਿਸ਼ੇਸ਼ ਲੇਖ

ਗੁਲਾਮੀ ਖਿਲਾਫ਼ ਮਨੁੱਖਤਾ ਦੇ ਸੰਗਰਾਮ ਦਾ ਸ਼ਾਨਾਮੱਤਾ ਅਧਿਆਇ—ਹਿੰਦੋਸਤਾਨ ਗਦਰ ਪਾਰਟੀ

## 'ਲਲਕਾਰ' ਬਾਰੇ ਕੁੱਝ ਮਹੱਤਵਪੂਰਨ ਨੁਕਤੇ

➢ ਭਾਰਤੀ ਇਨਕਲਾਬ ਦਾ ਰਾਹ ਕਿਰਤੀਆਂ ਦੀ ਅਗਵਾਈ 'ਚ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਇਨਕਲਾਬ ਦਾ ਰਾਹ ਹੈ। ਇਹ ਨਵੇਂ ਸਮਾਜਵਾਦੀ ਇਨਕਲਾਬ ਦਾ ਰਾਹ ਹੈ। ਇਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਰਾਹ ਹੈ। ਇਨਕਲਾਬ ਬੇਆਸਿਆਂ ਦੀ ਆਸ ਹੈ। ਹਨ੍ਹੇਰੇ ਵਿੱਚ ਜੀਣ ਵਾਲ਼ਿਆਂ ਲਈ ਰੌਸ਼ਨੀ ਦੀ ਕਿਰਨ ਹੈ। ਮੌਤ ਦੇ ਅਵਸਾਦ ਨੂੰ ਤੋੜਨ ਵਾਲ਼ੇ ਉਤਸਵ ਦਾ ਅਹਿਲਾਦ ਹੈ। "ਲਲਕਾਰ" ਇਸ ਤੂਫਾਨ ਨੂੰ ਮੁਕਤ ਕੰਠ ਨਾਲ਼ ਸੱਦਾ ਦਿੰਦਾ ਹੈ। "ਲਲਕਾਰ" ਇਸ ਤੂਫ਼ਾਨ ਦਾ ਅਨੰਦ ਲੈਣ ਲਈ ਸਾਰੇ ਨੌਜਵਾਨ ਤੂਫ਼ਾਨੀ ਪੇਤਰੇਲਾਂ ਨੂੰ ਨਿਉਂਦਾ ਦਿੰਦਾ ਹੈ।

➢ ਪੂਰਾ ਭਾਰਤੀ ਸਮਾਜ ਅੱਜ ਇੱਕ ਜਵਾਲਾ ਮੁਖੀ ਦੇ ਮੁੱਖ 'ਤੇ ਬੈਠਾ ਹੈ। ਹੁਣ ਇਹ ਸੱਚ ਪੂਰੀ ਤਰਾਂ ਉਜਾਗਰ ਹੋ ਚੁੱਕਾ ਹੈ ਕਿ ਰੋਗੀ-ਅਪੰਗ, ਬੁੱਢਾ-ਬੌਣਾ ਭਾਰਤੀ ਪੂੰਜੀਵਾਦ ਆਮ ਲੋਕਾਂ ਨੂੰ ਕੁੱਝ ਵੀ ਸਕਾਰਾਤਮਕ ਨਹੀਂ ਦੇ ਸਕਦਾ। ਕਿਰਤੀਆਂ ਦੀ ਜ਼ਿੰਦਗੀ ਨੂੰ ਇਸਨੇ ਲੁੱਟ-ਜ਼ਬਰ ਦੇ ਅਸਹਿ ਦੁੱਖਾਂ ਦੇ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ। ਅਥਾਹ ਦੁੱਖਾਂ ਦੇ ਸਾਗਰ ਵਿਚੋਂ ਅੱਯਾਸ਼ੀ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ, ਸੰਸਦ ਵਿੱਚ ਸਰਮਾਏਦਾਰਾਂ ਦੀਆਂ ਝੋਲ਼ੀ-ਚੱਕ ਵੋਟ-ਬਟੋਰੂ ਸਿਆਸੀ ਪਾਰਟੀਆਂ ਦਾ ਜਾਭਾਂ ਦਾ ਭੇੜ, ਵਿਦੇਸ਼ੀ ਲੁਟੇਰਿਆਂ ਨੂੰ ਲੁੱਟ ਦੀ ਖੁੱਲ੍ਹੀ ਛੁੱਟੀ, ਭ੍ਰਿਸ਼ਟਾਚਾਰ ਦੇ ਨਿੱਤ ਟੁੱਟਦੇ ਰਿਕਾਰਡ, ਸੰਵੇਦਨਾਵਾਂ ਨੂੰ ਖੁੰਢਾ ਕਰ ਰਹੇ ਵਿਗੜੇ-ਬਿਮਾਰ ਸਾਮਰਾਜਵਾਦੀ-ਪੂੰਜੀਵਾਦੀ ਸੱਭਿਆਚਾਰ ਦਾ ਧੀਮਾ ਜ਼ਹਿਰ, ਸੰਚਾਰ-ਮਾਧਿਅਮਾਂ ਉਪਰ ਪੂੰਜੀ ਦੀ ਸਰਬਵਿਆਪੀ ਜਕੜ, ਵਿਕਦਾ ਨਿਆਂ, ਬੇਤਹਾਸ਼ਾ ਮਹਿੰਗੀ ਹੁੰਦੀ ਜਾ ਰਹੀ ਨਿਰਾਰਥਕ-ਅਵਿਗਿਆਨਕ ਸਿੱਖਿਆ, ਮਾਮੂਲੀ ਇਲਾਜ ਦੀ ਕਮੀ ਨਾਲ਼ ਮਰਦੇ ਲੋਕ - ਇਹੋ ਅੱਜ ਦਾ ਉਹ ਨਰਕੀ ਸੱਚ ਹੈ, ਜਿਸਨੂੰ ਫਿਲਹਾਲ, ਹਾਰੀ ਹੋਈ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਨੇ ਆਪਣੀ ਹੋਣੀ ਮੰਨ ਲਿਆ ਹੈ। ਇਸ ਨੂੰ ਬਦਲਣ ਦਾ ਰਾਹ ਇਨਕਲਾਬ ਦਾ ਰਾਹ ਹੈ। ਇਨਕਲਾਬ ਮੁਸ਼ਕਿਲ ਹੈ, ਇਨਕਲਾਬ ਦਾ ਰਾਹ ਲੰਬਾ ਹੈ, ਤਬਾਹਕੁਨ ਹੈ, ਪਰ ਇਸ ਤੋਂ ਬਿਨਾਂ ਨਵੇਂ ਦੀ ਉਸਾਰੀ ਅਸੰਭਵ ਹੈ। ਇਹੋ ਅੱਜ ਦਾ ਠੱਢਾ ਸੱਚ ਹੈ, ਨੰਗਾ ਸੱਚ ਹੈ - ਪਰ ਇਹੋ ਮੁਕਤੀਦਾਈ ਸੱਚ ਹੈ। ਇਹੋ 'ਲਲਕਾਰ' ਦਾ ਬੇਖ਼ੌਫ਼ ਐਲਾਨ ਹੈ।

## ਇਸ ਅੰਕ ਵਿੱਚ




# ਲਲਕਾਰ

ਤਬਦੀਲੀ ਪਸੰਦ ਨੌਜਵਾਨਾਂ ਵਿਦਿਆਰਥੀਆਂ ਦਾ ਮੈਗਜ਼ੀਨ

ਸਾਲ 3, ਬੁਲੇਟਿਨ 10
ਅਕਤੂਬਰ-ਦਸੰਬਰ 2009

**ਸੰਪਾਦਕ**
ਲਖਵਿੰਦਰ

**ਚਿੱਠੀ-ਪੱਤਰ, ਰਚਨਾਵਾਂ ਅਤੇ ਚੰਦੇ ਭੇਜਣ ਦਾ ਪਤਾ**
ਲਖਵਿੰਦਰ ਸਪੁੱਤਰ ਸ. ਮਨਜੀਤ ਸਿੰਘ, ਮੁਹੱਲਾ ਜੱਸੜਾਂ, ਸ਼ਹਿਰ ਅਤੇ ਡਾਕਖਾਨਾ-ਸਰਹਿੰਦ ਸ਼ਹਿਰ, ਜਿਲ੍ਹਾ-ਫਤਿਹਗੜ੍ਹ ਸਾਹਿਬ-140406 ☎ 98771-43788
e-mail id— lalkaar08@rediffmail.com

**ਇੱਕ ਕਾਪੀ ਦੀ ਕੀਮਤ** ਦਸ ਰੁਪਏ **ਸਾਲਾਨਾ** ਚਾਲ਼ੀ ਰੁਪਏ (ਡਾਕ ਰਾਹੀਂ ਪੰਜਾਹ ਰੁਪਏ)

ਤੁਸੀਂ 'ਲਲਕਾਰ' ਸਾਡੇ ਬਲੌਗ 'ਤੇ ਵੀ ਪੜ੍ਹ ਸਕਦੇ ਹੋ। 'ਲਲਕਾਰ' ਦੇ ਪਿਛਲੇ ਸਾਰੇ ਅੰਕ ਵੀ ਬਲੌਗ 'ਤੇ ਉਪਲੱਬਧ ਹਨ।
lalkaar.wordpress.com

**ਪ੍ਰਧਾਨ ਮੰਤਰੀ ਜੀ, 'ਦੇਸ਼ ਦੀ ਸੁਰੱਖਿਆ ਨੂੰ ਖ਼ਤਰਾ' ਦਹਿਸ਼ਤਗਰਦੀ ਤੋਂ ਨਹੀਂ, ਗਰੀਬੀ ਭੁੱਖਮਰੀ ਤੋਂ ਹੈ**

## ਆਪਣੀ ਗੱਲ

ਬੀਤੀ 14-15 ਸਤੰਬਰ 2009 ਨੂੰ ਨਵੀਂ ਦਿੱਲੀ ਵਿਖੇ ਵੱਖ ਵੱਖ ਰਾਜਾਂ ਦੇ ਪੁਲੀਸ ਮੁਖੀਆਂ ਅਤੇ ਹੋਰ ਪੁਲੀਸ ਅਫ਼ਸਰਾਂ ਦੀ ਸਲ਼ਾਨਾ ਦੋ ਰੋਜ਼ਾ ਕਨਫਰੰਸ ਹੋਈ। ਪਹਿਲੇ ਦਿਨ ਇਸ ਕਨਫਰੰਸ ਨੂੰ ਗ੍ਰਹਿ ਮੰਤਰੀ ਚਿਦੰਬਰਮ ਅਤੇ ਦੂਸਰੇ ਦਿਨ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਮੁੱਖ ਬੁਲਾਰੇ ਵਜੋਂ ਸੰਬੋਧਨ ਕੀਤਾ। ਦੋਹਾਂ ਨੇ ਦੇਸ਼ ਨੂੰ ਅੰਦਰੂਨੀ ਅਤੇ ਬਾਹਰਲੀ ਦਹਿਸ਼ਤਗਰਦੀ ਤੋਂ ਖਤਰੇ ਦੀ ਚਰਚਾ ਕਰਦੇ ਹੋਏ ਇਸ ਨਾਲ਼ ਸਿੱਝਣ ਦੇ ਉਪਾਵਾਂ ਦੀ ਚਰਚਾ ਕੀਤੀ। ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿੱਚ ਕੁਝ ਦਿਲਚਸਪ ਅਤੇ ਅਰਧ ਸੱਚੀਆਂ ਗੱਲਾਂ ਕਹੀਆਂ। ਉਹਨਾਂ ਕੰਟਰੋਲ ਰੇਖਾ ਪਾਰੋਂ ਅਤੇ ਨੇਪਾਲ, ਬੰਗਲਾਦੇਸ਼ ਰਾਹੀਂ ਦੇਸ਼ ਵਿੱਚ ਹੋ ਰਹੀ ਘੁਸਪੈਠ ਦੀ ਚਰਚਾ ਕੀਤੀ। ਉਹਨਾਂ ਕਸ਼ਮੀਰ ਅਤੇ ਉੱਤਰ ਪੂਰਬੀ ਰਾਜਾਂ ਵਿੱਚ ਸਰਕਾਰ ਦੇ ਹਥਿਆਰਬੰਦ ਦਸਤਿਆਂ ਦੀਆਂ ਹਥਿਆਰਬੰਦ ਖਾੜਕੂਆਂ ਨਾਲ਼ ਝੜੱਪਾਂ ਦੀ ਵਧ ਰਹੀ ਗਿਣਤੀ ਦੀ ਚਰਚਾ ਕੀਤੀ। ਪ੍ਰਧਾਨ ਮੰਤਰੀ ਮਨਮੋਹਣ ਸਿੰਘ ਪਿਛਲੇ ਕਈ ਸਾਲਾਂ ਤੋਂ ਨਕਸਲਵਾਦ ਨੂੰ ਦੇਸ਼ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡੇ ਖਤਰੇ ਵਜੋਂ ਪੇਸ਼ ਕਰਦੇ ਆ ਰਹੇ ਹਨ। ਉਪਰੋਕਤ ਕਨਫਰੰਸ ਵਿੱਚ ਦਿੱਤੇ ਆਪਣੇ ਭਾਸ਼ਣ ਵਿੱਚ ਉਹਨਾਂ ਫਿਰ ਇਸ ਗੱਲ ਨੂੰ ਦੁਹਰਾਇਆ। ਉਹਨਾਂ ਪ੍ਰਵਾਨ ਕੀਤਾ ਕਿ, "ਨਾਗਰਿਕ ਸਮਾਜ, ਬੁੱਧੀਜੀਵੀਆਂ ਅਤੇ ਨੌਜਵਾਨਾਂ ਦੇ ਅੱਛੇ ਖਾਸੇ ਹਿੱਸੇ ਵਿੱਚ ਇਸ ਲਹਿਰ ਦਾ ਪ੍ਰਭਾਵ ਹੈ"। ਉਹਨਾਂ ਇਹ ਵੀ ਪ੍ਰਵਾਨ ਕੀਤਾ ਕਿ ਉਹਨਾਂ ਦੇ "ਯਤਨਾਂ ਦੇ ਬਾਵਜੂਦ ਪ੍ਰਭਾਵਤ ਰਾਜਾਂ ਵਿੱਚ ਹਿੰਸਾ ਵਿੱਚ ਵਾਧਾ ਜਾਰੀ ਹੈ।"

ਅੱਗੇ ਉਹਨਾਂ ਕਿਹਾ ਕਿ "ਸਾਨੂੰ ਇਹ ਚੰਗੀ ਤਰ੍ਹਾਂ ਸਮਝਣਾ ਪਵੇਗਾ ਕਿ ਕਿਸ ਤਰ੍ਹਾਂ ਨੌਜਵਾਨਾਂ ਨੂੰ ਇਹਨਾਂ ਲਹਿਰਾਂ ਵਿੱਚ ਹਿੱਸਾ ਲੈਣ ਲਈ ਉਕਸਾਇਆ ਜਾਂਦਾ ਹੈ, ਕਿਵੇਂ ਭਰਤੀ ਕੀਤਾ ਜਾਂਦਾ ਹੈ ਅਤੇ ਕਿਵੇਂ ਸਿੱਖਿਅਤ ਕੀਤਾ ਜਾਂਦਾ ਹੈ। ਸਮਾਜਿਕ ਇੱਕਸੁਰਤਾ ਨੂੰ ਤੋੜਨ ਵਾਲ਼ੇ ਅਤੇ ਅਲਹਿਦਗੀ ਨੂੰ ਪੈਦਾ ਕਰਨ ਵਾਲ਼ੇ ਕਾਰਕਾਂ ਦੀ ਸਪੱਸ਼ਟ ਨਿਸ਼ਾਨਦੇਹੀ ਕਰਨੀ ਪਵੇਗੀ ਤਾਂ ਕਿ ਉਹਨਾਂ ਨੂੰ ਦੂਰ ਕਰਨ ਲਈ ਕੰਮ ਕੀਤਾ ਜਾ ਸਕੇ।"

ਪਰ ਮੌਜੂਦਾ ਸਮਾਜਿਕ ਢਾਂਚੇ ਵਿੱਚ ਸਮਾਜਿਕ ਇੱਕਸੁਰਤਾ ਸੰਭਵ ਨਹੀਂ। ਪ੍ਰੋ. ਮੋਹਣ ਸਿੰਘ ਦੀ ਇੱਕ ਕਵਿਤਾ ਦੀਆਂ ਸਤਰਾਂ ਹਨ—

ਦੋ ਟੋਟਿਆਂ ਵਿੱਚ ਭੋਂ ਟੁੱਟੀ
ਇੱਕ ਮਹਿਲਾਂ ਦਾ ਇੱਕ ਢੋਕਾਂ ਦਾ,
ਦੋ ਧੜਿਆਂ ਵਿੱਚ ਖਲਕਤ ਵੰਡੀ
ਇੱਕ ਲੋਕਾਂ ਦਾ ਇੱਕ ਜੋਕਾਂ ਦਾ।

ਸਾਡਾ ਦੇਸ਼ ਵੀ ਇਸਦੀ ਛੋਟ ਨਹੀਂ ਹੈ। ਇੱਥੋਂ ਦੇ ਲੋਕ ਵੀ ਦੋ ਧੜਿਆਂ ਵਿੱਚ ਵੰਡੇ ਹੋਏ ਹਨ। ਦੇਸ਼ ਦੀ ਵੱਡੀ ਬਹੁਗਿਣਤੀ ਲੋਕ ਕਿਰਤੀ ਹਨ, ਹੱਡ ਭੰਨਵੀ ਮਿਹਨਤ ਕਰਦੇ ਹਨ, ਪਰ ਫਿਰ ਵੀ ਢਿੱਡੋਂ ਭੁੱਖੇ ਹਨ, ਕਰੋੜਾਂ ਕੋਲ ਰਹਿਣ ਲਈ ਬਸੇਰਾ ਨਹੀਂ, ਤਨ 'ਤੇ ਕੱਪੜਾ ਨਹੀਂ। ਉਹ ਗਰੀਬੀ , ਭੁੱਖਮਰੀ, ਬੇਰੁਜ਼ਗਾਰੀ ਦੀ ਚੱਕੀ ਵਿੱਚ ਹਮੇਸ਼ਾਂ ਪਿਸਦੇ ਰਹਿੰਦੇ ਹਨ। ਦੂਜਾ ਧੜਾ ਮੁੱਠੀ ਭਰ ਜੋਕਾਂ ਦਾ ਹੈ ਜੋ ਇਹ ਕਿਰਤੀਆਂ ਦੇ ਪਿੰਡਿਆਂ ਨੂੰ ਚਿੰਬੜਿਆ ਹੋਇਆ ਹੈ। ਇਹ ਧੜਾ ਲੋਟੂ ਵਿਹਲੜਾਂ ਦਾ ਹੈ, ਜੋ ਕਰੋੜਾਂ ਕਿਰਤੀਆਂ ਦੀ ਕਮਾਈ ਡਕਾਰ ਰਿਹਾ ਹੈ। ਦੇਸ਼ ਦੇ ਕਰੋੜਾਂ ਕਿਰਤੀ ਲੋਕਾਂ ਦੀ ਦੁਰਦਸ਼ਾ ਦੀ ਵਜ੍ਹਾ ਇਹਨਾਂ ਜੋਕਾਂ ਦੁਆਰਾ ਕੀਤੀ ਜਾਂਦੀ ਲੁੱਟ-ਖਸੁੱਟ ਹੈ। ਪ੍ਰਧਾਨ ਮੰਤਰੀ ਜੀ ਪਤਾ ਨਹੀਂ ਕਿਹੜੀ 'ਸਮਾਜਿਕ ਇਕਸੁਰਤਾ' ਦੇ ਟੁੱਟਣ ਦੀ ਗੱਲ ਕਰ ਰਹੇ ਹਨ। ਜਮਾਤਾਂ ਵਿੱਚ ਵੰਡੇ, ਲੋਕਾਂ

ਅਤੇ ਜੋਕਾਂ ਦੇ ਦੋ ਧੜਿਆਂ ਵਿੱਚ ਵੰਡੇ ਸਮਾਜ ਵਿੱਚ ਸਮਾਜਿਕ ਇਕਸੁਰਤਾ ਜਿਹੀ ਕੋਈ ਸੈਅ ਹੋ ਹੀ ਨਹੀਂ ਸਕਦੀ ਫੇਰ ਉਸਦੇ ਦੇ ਟੁੱਟਣ ਦੇ 'ਕਾਰਕਾਂ' ਦੀ ਤਲਾਸ਼ ਕਰਨ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।

ਅਜ਼ਾਦੀ ਤੋਂ ਬਾਅਦ ਕਸ਼ਮੀਰ ਅਤੇ ਉੱਤਰ ਪੂਰਬੀ ਰਾਜਾਂ ਵਿੱਚ ਲਗਾਤਾਰ ਕੌਮੀ ਮੁਕਤੀ ਲਹਿਰਾਂ ਜ਼ੋਰ ਫੜਦੀਆਂ ਰਹੀਆਂ ਹਨ। ਇਹਨਾਂ ਲਹਿਰਾਂ ਨੂੰ ਇਹਨਾਂ ਕੌਮੀਅਤਾਂ ਦੀ ਵਿਸ਼ਾਲ ਲੋਕਾਈ ਦੀ ਹਿਮਾਇਤ ਹਾਸਿਲ ਰਹੀ ਹੈ। ਬਾਅਦ ਵਿੱਚ ਇਹਨਾਂ ਵਿੱਚ ਕਈ ਲਹਿਰਾਂ ਕੁਰਾਹੇ ਵੀ ਪਈਆਂ। ਅੱਜ ਕਈ ਥਾਵਾਂ ਤੇ ਧਾਰਮਿਕ ਮੂਲਵਾਦੀ ਅਤੇ ਕਈ ਥਾਵਾਂ 'ਤੇ ਅੱਤ-ਕੌਮਵਾਦੀ ਜੱਥੇਬੰਦੀਆਂ ਇਹਨਾਂ ਲਹਿਰਾਂ ਵਿੱਚ ਸਰਗਰਮ ਹਨ। ਅੱਜ ਇਹਨਾਂ ਲਹਿਰਾਂ ਦੀ ਅਗਵਾਈ ਕਰਨ ਵਾਲ਼ੀਆਂ ਜੱਥੇਬੰਦੀਆਂ ਦੇ ਸਿਧਾਂਤ ਅਤੇ ਕੰਮ ਢੰਗ ਨਾਲ਼ ਅਸਹਿਮਤੀ ਹੋ ਸਕਦੀ ਹੈ, ਪਰ ਇੱਕ ਗੱਲ ਪੱਕੀ ਹੈ ਕਿ ਕਸ਼ਮੀਰ ਅਤੇ ਉੱਤਰ ਪੂਰਬ ਵਿੱਚ ਵੱਡੀ ਪੱਧਰ 'ਤੇ ਜਿਸ ਸਮਾਜਿਕ ਬੇਚੈਨੀ ਦਾ ਸਮੇਂ ਸਮੇਂ 'ਤੇ ਫੁਟਾਰਾ ਹੁੰਦਾ ਹੈ, ਉਸਦੀ ਮੁੱਖ ਵਜ੍ਹਾ ਭਾਰਤੀ ਰਾਜਸੱਤਾ ਦੁਆਰਾ ਇਹਨਾਂ ਕੌਮੀਅਤਾਂ ਦਾ ਬਰਬਰ ਦਮਨ ਹੀ ਹੈ। ਇਹੋ ਕਾਰਨ ਹੈ ਕਿ ਇਹਨਾਂ ਕੌਮੀਅਤਾਂ ਦੇ ਲੋਕ ਭਾਰਤੀ ਰਾਜ ਅਤੇ ਇਸਦੇ ਪ੍ਰਤੀਕ ਚਿੰਨ੍ਹਾਂ ਨੂੰ ਨਫ਼ਰਤ ਕਰਦੇ ਹਨ। ਆਪਣੇ ਤਬਾਹ ਹਾਲ਼ ਅਰਥਾਚਰਿਆਂ ਕਾਰਨ ਇਹਨਾਂ ਕੌਮੀਅਤਾਂ ਦੇ ਲੋਕ ਬੇਰੁਜ਼ਗਾਰੀ ਭੁੱਖਮਰੀ ਨਾਲ਼ ਜੂਝਦੇ ਹਨ ਅਤੇ ਭਾਰਤੀ ਰਾਜ ਸੱਤਾ ਖਿਲਾਫ਼ ਉੱਠਣ ਵਾਲ਼ੀ ਹਰ ਲਹਿਰ ਵਿੱਚ ਵੱਧ ਚੜ੍ਹਕੇ ਹਿੱਸਾ ਲੈਂਦੇ ਹਨ।

ਅਜ਼ਾਦੀ ਤੋਂ ਬਾਅਦ ਦੇਸ਼ ਅੰਦਰ ਅਮੀਰ ਅਤੇ ਗਰੀਬ ਦਰਮਿਆਨ ਖੱਡ ਹੋਰ ਚੌੜੀ ਹੋਈ ਹੈ। ਨਵੀਂ ਆਰਥਿਕ ਨੀਤੀ ਦੀ ਆਮਦ (1991) ਤੋਂ ਬਾਅਦ ਤਾਂ ਇਹ ਖੱਡ ਹੋਰ ਚੌੜੀ ਹੋਈ ਹੈ। ਦੇਸੀ-ਵਿਦੇਸ਼ੀ ਧਨੀਆਂ ਨੇ ਦੋਹੀਂ ਹੱਥੀਂ ਦੇਸ਼ ਦੀ ਦੌਲਤ ਲੁੱਟੀ ਹੈ। ਨਵੀਂ ਆਰਥਿਕ ਨੀਤੀ ਤੋਂ ਬਾਅਦ ਬਣੇ ਕਰੋੜਪਤੀਆਂ ਦੀ ਗਿਣਤੀ ਵਿੱਚ ਤੇਜ਼ੀ ਨਾਲ਼ ਵਾਧਾ ਹੋਇਆ ਹੈ। ਇੱਥੋਂ ਤੱਕ ਕਿ ਦੇਸ਼ ਦੇ ਉੱਚ ਮੱਧ ਵਰਗ ਕੋਲ਼ ਵੀ ਅਥਾਹ ਧਨ ਇਕੱਠਾ ਹੋਇਆ ਹੈ। ਇਸ ਲੁੱਟ ਦੇ ਮਾਲ 'ਤੇ ਇਹ ਛੋਟੀ ਜਿਹੀ ਅਬਾਦੀ ਐਸ਼ ਕਰ ਰਹੀ ਹੈ। ਕੁਝ ਸਾਲ ਪਹਿਲਾਂ ਪ੍ਰਧਾਨ ਮੰਤਰੀ ਮਨਮੋਹਣ ਸਿੰਘ ਨੇ ਹੀ ਇਹਨਾਂ ਧਨੀਆਂ ਨੂੰ ਧਨ ਦਾ ਬਹੁਤਾ ਦਿਖਾਵਾ ਨਾ ਕਰਨ ਦੀ ਸਲਾਹ ਦਿੱਤੀ ਸੀ ਤੇ ਚੇਤਾਵਨੀ ਦਿੱਤੀ ਸੀ ਕਿ ਧਨੀਆਂ ਦਾ ਐਸ਼ੋ ਅਰਾਮ ਭਰਿਆ ਜੀਵਨ ਦੇਖ ਕੇ ਗਰੀਬਾਂ ਅੰਦਰ ਬੇਚੈਨੀ ਜਨਮ ਲੈ ਸਕਦੀ ਹੈ। ਪਰ ਕਿਸੇ ਨੇ ਵੀ ਪ੍ਰਧਾਨ ਮੰਤਰੀ ਦੀ ਸਲਾਹ ਅਤੇ ਚੇਤਾਵਨੀ 'ਤੇ ਕੰਨ ਨਾ ਧਰਿਆ।

ਦੂਜੇ ਪਾਸੇ ਦੇਸ਼ ਵਿੱਚ 35 ਕਰੋੜ ਲੋਕ ਰਾਤ ਨੂੰ ਭੁੱਖੇ ਸੌਂਦੇ ਹਨ। ਬਚਪਨ ਹੋਟਲਾਂ, ਢਾਬਿਆਂ, ਭੱਠਿਆਂ, ਕਾਰਖਾਨਿਆਂ 'ਚ ਮਜ਼ਦੂਰੀ ਕਰਦਿਆਂ ਰੁਲ਼ ਰਿਹਾ ਹੈ। ਦੇਸ਼ ਦੀ ਲਗਭਗ ਇੱਕ ਤਿਹਾਈ ਅਬਾਦੀ ਬੇਰੁਜ਼ਗਾਰੀ-ਅਰਧ

## ਆਪਣੀ ਅਸੁਰੱਖਿਅਤਾ 'ਚੋਂ

**ਪਾਸ਼**

ਜੇ ਦੇਸ਼ ਦੀ ਸੁਰੱਖਿਆ ਏਹੋ ਹੁੰਦੀ ਹੈ
ਕਿ ਬੇ-ਜ਼ਮੀਰੀ ਜ਼ਿੰਦਗੀ ਲਈ ਸ਼ਰਤ ਬਣ ਜਾਵੇ
ਅੱਖ ਦੀ ਪੁਤਲੀ 'ਚ 'ਹਾਂ' ਤੋਂ ਬਿਨਾਂ ਕੋਈ ਵੀ ਸ਼ਬਦ
ਅਸ਼ਲੀਲ ਹੋਵੇ
ਤੇ ਮਨ ਬਦਕਾਰ ਘੜੀਆਂ ਸਾਹਮਣੇ ਡੰਡੌਤ 'ਚ ਝੁਕਿਆ ਰਹੇ
ਤਾਂ ਸਾਨੂੰ ਦੇਸ਼ ਦੀ ਸੁਰੱਖਿਅਤਾ ਤੋਂ ਖ਼ਤਰਾ ਹੈ

ਅਸੀਂ ਤਾਂ ਦੇਸ਼ ਨੂੰ ਸਮਝੇ ਸਾਂ ਘਰ ਵਰਗੀ ਪਵਿੱਤਰ ਸ਼ੈਅ
ਜਿਦ੍ਹੇ ਵਿੱਚ ਹੁੱਸੜ ਨਹੀਂ ਹੁੰਦਾ
ਮਨੁੱਖ ਵਰ੍ਹਦੇ ਮੀਂਹਾਂ ਦੀ ਗੂੰਜ ਵਾਂਗ ਗਲੀਆਂ 'ਚ ਵਹਿੰਦਾ ਹੈ
ਕਣਕ ਦੀਆਂ ਬੱਲੀਆਂ ਦੇ ਵਾਂਗ ਖੇਤੀਂ ਝੂਮਦਾ ਹੈ
ਅਤੇ ਅਸਮਾਨ ਦੀ ਵਿਸ਼ਾਲਤਾ ਨੂੰ ਅਰਥ ਦਿੰਦਾ ਹੈ

ਅਸੀਂ ਤਾਂ ਦੇਸ਼ ਨੂੰ ਸਮਝੇ ਸਾਂ ਜੱਫੀ ਵਰਗੇ ਇੱਕ ਅਹਿਸਾਸ ਦਾ ਨਾਂ
ਅਸੀਂ ਤਾਂ ਦੇਸ਼ ਨੂੰ ਸਮਝੇ ਸਾਂ ਕੰਮ ਵਰਗਾ ਨਸ਼ਾ ਕੋਈ
ਅਸੀਂ ਤਾਂ ਦੇਸ਼ ਨੂੰ ਸਮਝੇ ਸਾਂ ਕੁਰਬਾਨੀ ਜਹੀ ਵਫ਼ਾ
ਪਰ ਜੇ ਦੇਸ਼
ਰੂਹ ਦੀ ਵਗਾਰ ਦਾ ਕੋਈ ਕਾਰਖ਼ਾਨਾ ਹੈ
ਪਰ ਜੇ ਦੇਸ਼ ਉੱਲੂ ਬਣਨ ਦਾ ਪ੍ਰਯੋਗ ਘਰ ਹੈ
ਤਾਂ ਸਾਨੂੰ ਓਸ ਤੋਂ ਖ਼ਤਰਾ ਹੈ
ਜੇ ਦੇਸ਼ ਦਾ ਅਮਨ ਇਹੋ ਹੁੰਦੈ
ਕਿ ਕਰਜ਼ੇ ਦੇ ਪਹਾੜਾਂ ਤੋਂ ਰਿੜ੍ਹਦਿਆਂ ਪੱਥਰਾਂ ਵਾਂਗ ਟੁੱਟਦੀ ਰਹੇ ਹੋਂਦ ਸਾਡੀ
ਕਿ ਤਨਖਾਹਾਂ ਦੇ ਮੂੰਹ 'ਤੇ ਥੁੱਕਦਾ ਰਹੇ
ਕੀਮਤਾਂ ਦਾ ਬੇਸ਼ਰਮ ਹਾਸਾ
ਕਿ ਆਪਣੇ ਲਹੂ ਵਿੱਚ ਨਹਾਉਣਾ ਹੀ ਤੀਰਥ ਦਾ ਪੁੰਨ ਹੋਵੇ
ਤਾਂ ਸਾਨੂੰ ਅਮਨ ਤੋਂ ਖ਼ਤਰਾ ਹੈ

ਜੇ ਦੇਸ਼ ਦੀ ਸੁਰੱਖਿਅਤਾ ਏਹੋ ਹੁੰਦੀ ਹੈ
ਕਿ ਹਰ ਹੜਤਾਲ ਨੂੰ ਫੇਹ ਕੇ ਅਮਨ ਨੂੰ ਰੰਗ ਚੜ੍ਹਨਾ ਹੈ
ਕਿ ਸੂਰਮਗਤੀ ਬੱਸ ਹੱਦਾਂ 'ਤੇ ਮਰ ਕੇ ਪਰਵਾਨ ਚੜ੍ਹਨੀ ਹੈ
ਕਲਾ ਦਾ ਫੁੱਲ ਬੱਸ ਰਾਜੇ ਦੀ ਖਿੜਕੀ ਵਿੱਚ ਖਿੜਨਾ ਹੈ
ਅਕਲ ਨੇ ਹੁਕਮ ਦੇ ਖੂਹੇ 'ਤੇ ਗਿੜ ਕੇ ਧਰਤ ਸਿੰਜਣੀ ਹੈ
ਕਿਰਤ ਨੇ ਰਾਜ ਮਹਿਲਾਂ ਦੇ ਦਰੀਂ ਖਰਕਾ ਹੀ ਬਣਨਾ ਹੈ
ਤਾਂ ਸਾਨੂੰ ਦੇਸ਼ ਦੀ ਸੁਰੱਖਿਅਤਾ ਤੋਂ ਖ਼ਤਰਾ ਹੈ।

ਬੇਰੁਜ਼ਗਾਰੀ ਛਾਂਟੀਆਂ, ਤਾਲਾਬੰਦੀਆਂ ਦੀ ਮਾਰ ਝੱਲ ਰਹੀ ਹੈ। ਪ੍ਰਾਈਵੇਟ ਸੈਕਟਰ 'ਚ ਕੰਮ ਕਰਦੇ ਕਰੋੜਾਂ ਨੌਜਵਾਨ ਬੇਹੱਦ ਘੱਟ ਤਨਖਾਹਾਂ 'ਤੇ ਕੰਮ ਕਰਦੇ ਅਨੇਕਾਂ ਮਾਨਸਿਕ ਤਣਾਵਾਂ 'ਚ ਉਲਝੇ ਰਹਿੰਦੇ ਹਨ।

ਇਹੋ ਉਹ ਕਾਰਕ ਹਨ ਜੋ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਸਮਾਜਿਕ ਬੇਚੈਨੀ ਨੂੰ ਜਨਮ ਦੇ ਰਹੇ ਹਨ। ਲੋਕਾਂ ਦਾ ਗੁੱਸਾ ਦੇਸ਼ ਦੇ ਕੋਨੇ-ਕੋਨੇ ਵਿੱਚ ਕਿਧਰੇ ਛੋਟੀ ਪੱਧਰ ਤੇ ਅਤੇ ਕਿਧਰੇ ਵੱਡੀ ਪੱਧਰ 'ਤੇ ਫੁੱਟ ਰਿਹਾ ਹੈ। ਜੇਕਰ ਪ੍ਰਧਾਨ ਮੰਤਰੀ ਦੇ 'ਸਮਾਜਿਕ ਇੱਕਸੁਰਤਾ ਟੁੱਟਣ' ਅਤੇ 'ਅਲਹਿਦਗੀ ਦੇ ਪੈਦਾ ਹੋਣ' ਤੋਂ ਭਾਵ ਇਸ ਸਮਾਜਿਕ ਬੇਚੈਨੀ ਤੋਂ ਹੈ ਤਾਂ ਇਸ ਦੇ ਕਾਰਨਾਂ ਨੂੰ ਲੱਭਣ ਲਈ ਕਿਸੇ ਡੂੰਘੇ ਸਿਧਾਂਤ ਦੀ ਲੋੜ ਨਹੀਂ ਹੈ। ਸਭ ਇਸਦੇ ਕਾਰਨਾਂ ਨੂੰ ਜਾਣਦੇ ਹਨ। ਕੁਝ ਦਿਨ ਪਹਿਲਾਂ ਚੰਡੀਗੜ੍ਹ ਦੀ ਕਲੋਨੀ ਵਿੱਚ ਪ੍ਰਚਾਰ ਦੌਰਾਨ ਮਿਲੇ ਇੱਕ ਆਮ ਮੱਧਵਰਗੀ ਨਾਗਰਿਕ ਨੇ ਪ੍ਰਧਾਨ ਮੰਤਰੀ ਦੇ ਉਪਰੋਕਤ ਭਾਸ਼ਣ ਦਾ ਮਜ਼ਾਕ ਉਡਾਂਦਿਆਂ ਕਿਹਾ ਸੀ ਕਿ 'ਦੇਸ਼ ਦੀ ਸੁਰੱਖਿਆ ਨੂੰ ਖਤਰਾ ਦਹਿਸ਼ਤਗਰਦੀ ਤੋਂ ਨਹੀਂ ਸਗੋਂ ਆਲੂ ਤੋਂ ਹੈ। ਜਿੱਥੇ ਆਲੂ ਹੀ 25 ਰੁਪਏ ਕਿੱਲੋ ਮਿਲ਼ਦੇ ਹਨ, ਉੱਥੇ ਲੋਕ ਦਹਿਸ਼ਤਗਰਦ ਨਹੀਂ ਤਾਂ ਫਿਰ ਹੋਰ ਕੀ ਬਣਨਗੇ।' ਦੇਸ਼ ਦੇ ਕਰੋੜਾਂ ਲੋਕ ਤਾਂ ਪਹਿਲਾਂ ਹੀ ਭੁੱਖਮਰੀ ਦੇ ਸ਼ਿਕਾਰ ਸਨ, ਪਰ ਪਿਛਲੇ ਦੋ ਸਾਲਾਂ ਤੋਂ ਲਗਾਤਾਰ ਵਧ ਰਹੀ ਮਹਿੰਗਾਈ ਨੇ ਉਹਨਾਂ ਕਰੋੜਾਂ ਲੋਕਾਂ ਤੋਂ ਵੀ ਰੋਟੀ ਖੋਹ ਲਈ ਹੈ ਜਿਹਨਾਂ ਨੂੰ ਮਾੜੀ ਮੋਟੀ ਮਿਲ਼ਦੀ ਸੀ। ਫਲ ਦੁੱਧ ਤਾਂ ਪਹਿਲਾਂ ਹੀ ਦੇਸ਼ ਦੇ ਕਰੋੜਾਂ ਲੋਕਾਂ ਲਈ ਸੁਪਨਾ ਸਨ, ਹੁਣ ਦਾਲ ਸਬਜ਼ੀ ਵੀ ਉਹਨਾਂ ਦੀ ਪਹੁੰਚ ਤੋਂ ਬਾਹਰ ਹੋ ਗਈ ਹੈ। ਗਰੀਬਾਂ ਦੀ ਖੁਰਾਕ ਮੰਨੇ ਜਾਂਦੇ ਪਿਆਜ਼ ਆਲੂ ਵੀ ਅੱਜ ਉਹਨਾਂ ਤੋਂ ਖੋਹ ਲਏ ਗਏ ਹਨ। ਇਹ ਹੋ ਹੀ ਨਹੀਂ ਸਕਦਾ ਕਿ ਪ੍ਰਧਾਨ ਮੰਤਰੀ ਇਹ ਸਭ ਨਾ ਜਾਣਦੇ ਹੋਣ। ਉਹ ਸਭ ਜਾਣਦੇ ਹਨ। ਪਰ ਜਿਸ ਕੁਰਸੀ ਉੱਪਰ ਉਹ ਬੈਠੇ ਹਨ, ਉੱਥੇ ਬੈਠਕੇ ਉਹ ਉਸਤੋਂ ਵੱਧ ਬੋਲ ਹੀ ਨਹੀਂ ਸਕਦੇ ਜਿੰਨਾਂ ਉਹਨਾਂ ਬੋਲਿਆ ਹੈ।

ਇੱਕ ਪਾਸੇ ਉਹ 'ਸਮਾਜਿਕ ਇੱਕਸੁਰਤਾ' ਦੇ ਟੁੱਟਣ ਅਤੇ ਵਧ ਰਹੀ 'ਅਲਹਿਦਗੀ' ਦੇ ਜ਼ਿੰਮੇਵਾਰ ਕਾਰਕਾਂ ਨੂੰ ਲੱਭਣ ਅਤੇ ਉਹਨਾਂ ਨੂੰ ਦੂਰ ਕਰਨ ਲਈ ਕੰਮ ਕਰਨ ਦੀ ਗੱਲ ਕਰਦੇ ਹਨ, ਦੂਜੇ ਪਾਸੇ ਇਹਨਾਂ ਹੀ ਕਾਰਕਾਂ ਦੀ ਬਦੌਲਤ ਪੈਦਾ ਹੋ ਰਹੀਆਂ ਲੋਕ ਲਹਿਰਾਂ ਨੂੰ ਜ਼ਬਰ ਦੇ ਜ਼ੋਰ ਦਬਾ ਦੇਣ ਦੀ ਜ਼ੋਰਦਾਰ ਵਕਾਲਤ ਵੀ ਕਰਦੇ ਹਨ। ਆਪਣੇ ਉਪਰੋਕਤ ਭਾਸ਼ਣ ਵਿੱਚ ਪ੍ਰਧਾਨ ਮੰਤਰੀ ਨੇ ਦੇਸ਼ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੁਲੀਸ 'ਚ ਵੱਡੀ ਪੱਧਰ 'ਤੇ ਭਰਤੀ ਅਤੇ ਪੁਲੀਸ ਨੂੰ ਆਧੁਨਿਕ ਤਕਨੀਕ ਨਾਲ਼ ਲੈਸ ਕਰਨ ਦੀ ਵਕਾਲਤ ਕੀਤੀ। ਦੇਸ਼ ਦੇ ਹਾਕਮਾਂ ਕੋਲ਼ ਇਹੋ ਇੱਕੋ ਇੱਕ ਰਾਹ ਵੀ ਬਾਕੀ ਬਚਦਾ ਹੈ, ਜੋ ਖੁਦ ਉਹਨਾਂ ਦੀ ਮੌਤ ਵੱਲ ਜਾਂਦਾ ਹੈ। ਪ੍ਰਧਾਨ ਮੰਤਰੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਇਸ ਢਾਂਚੇ ਅੰਦਰ ਹੀ ਅੰਦਰ, ਜਿਸ ਢਾਂਚੇ ਦੇ ਰਾਖਿਆਂ ਦੇ ਮੁਖੀ ਉਹ ਖੁਦ ਹਨ, ਸਮਾਜਿਕ ਬੇਚੈਨੀ ਦੇ ਕਾਰਨਾਂ (ਲੋਕਾਂ ਦੀ ਗਰੀਬੀ, ਬੇਰੁਜ਼ਗਾਰੀ, ਭੁੱਖਮਰੀ, ਲੁੱਟ-ਜ਼ਬਰ) ਨੂੰ ਦੂਰ ਨਹੀਂ ਕੀਤਾ ਜਾ ਸਕਦਾ। ਇਸ ਲਈ ਲੁੱਟ ਜ਼ਬਰ ਦੇ ਸ਼ਿਕਾਰ ਕਿਰਤੀਆਂ ਅਤੇ ਕੌਮੀਅਤਾਂ 'ਚ ਖੌਲਦੀ ਬੇਚੈਨੀ ਨੂੰ ਠੱਲ੍ਹ ਪਾਉਣ ਲਈ ਰਾਜਸੱਤਾ ਦੀਆਂ ਹਥਿਆਰਬੰਦ ਸ਼ਕਤੀਆਂ ਦੇ ਦੰਦ ਤਿੱਖੇ ਕੀਤੇ ਜਾ ਰਹੇ ਹਨ।

ਪਰ ਇਤਿਹਾਸ ਗਵਾਹ ਹੈ ਜ਼ੋਰ-ਜ਼ਬਰ ਦੇ ਦਮ 'ਤੇ ਲੋਕਾਂ ਦੇ ਹੱਕੀ ਸੰਘਰਸ਼ਾਂ ਨੂੰ ਦਬਾਇਆ ਨਹੀਂ ਜਾ ਸਕਦਾ। ਮਰਹੂਮ ਕਾਮਰੇਡ ਹਰਭਜਨ ਸੋਹੀ ਨੇ ਠੀਕ ਹੀ ਲਿਖਿਆ ਹੈ-

ਜ਼ਬਰ ਨਾਕਾਮੀ ਹੋਰ ਜ਼ਬਰ
ਜਦੋਂ ਤੀਕ ਨਾ ਮਿਲ਼ੇ ਕਬਰ
ਹਰ ਜ਼ਾਬਰ ਦੀ ਇਹੋ ਕਹਾਣੀ
ਕਰਨਾ ਜ਼ਬਰ ਤੇ ਮੂੰਹ ਦੀ ਖਾਣੀ।

□

# ਇੱਕ ਪਾਸੇ ਭੁੱਖ ਅਤੇ ਅਕਾਲ ਦੂਜੇ ਪਾਸੇ ਗੋਦਾਮਾਂ ਵਿੱਚ ਸੜਦਾ ਅਨਾਜ

( ਸਫ਼ਾ 14 ਦਾ ਬਾਕੀ)

ਜਾਵੇ, ਤਾਂ ਇਕੱਲੇ ਅਮਰੀਕਾ, ਕਨੇਡਾ ਅਤੇ ਆਸਟ੍ਰੇਲੀਆ ਪੂਰੀ ਦੁਨੀਆਂ ਦਾ ਢਿੱਡ ਭਰਨ ਲਾਇਕ ਅਨਾਜ ਪੈਦਾ ਕਰ ਸਕਦੇ ਹਨ। ਪਰ ਉੱਥੋਂ ਦੀਆਂ ਸਰਕਾਰਾਂ ਹਰ ਸਾਲ ਪੂੰਜੀਪਤੀ ਫਾਰਮਰਾਂ ਨੂੰ ਕਰੋੜਾਂ ਡਾਲਰਾਂ ਦੀ ਸਬਸਿਡੀ ਇਸ ਲਈ ਦਿੰਦੀਆਂ ਹਨ ਤਾਂ ਕਿ ਉਹ ਆਪਣੇ ਖੇਤ ਬਿਨਾਂ ਬੀਜੇ ਛੱਡ ਦੇਣ। ਵਜ੍ਹਾ ਉਹੀ ਮੁਨਾਫ਼ਾ— ਜੇਕਰ ਪੈਦਾਵਾਰ ਜਿਆਦਾ ਹੋਵੇਗੀ ਤਾਂ ਮੰਡੀ ਵਿੱਚ ਜਿਨਸਾਂ ਦੀਆਂ ਕੀਮਤਾਂ ਡਿੱਗ ਜਾਣਗੀਆਂ ਅਤੇ ਪੂੰਜੀਪਤੀਆਂ ਦੇ ਮੁਨਾਫੇ ਵਿੱਚ ਕਮੀ ਆ ਜਾਵੇਗੀ।

ਜਿਨਸਾਂ ਅਤੇ ਉਤਪਾਦਕ ਸ਼ਕਤੀਆਂ ਦੀ ਬਰਬਾਦੀ ਪੂੰਜੀਵਾਦ ਦੇ ਜਿੰਦਾ ਰਹਿਣ ਦੀ ਸ਼ਰਤ ਹੈ। ਹਾਲੇ ਜਿਆਦਾ ਸਮਾਂ ਨਹੀਂ ਹੋਇਆ ਜਦੋਂ ਮੰਡੀ ਵਿੱਚ ਕੀਮਤਾਂ ਬਣਾਈ ਰੱਖਣ ਲਈ ਵੱਡੇ-ਵੱਡੇ ਜਹਾਜਾਂ ਵਿੱਚ ਭਰ ਕੇ ਅਨਾਜ ਸਮੁੰਦਰ ਵਿੱਚ ਸੁੱਟ ਦਿੱਤਾ ਜਾਂਦਾ ਸੀ ਜਾਂ ਸਾੜ ਦਿੱਤਾ ਜਾਂਦਾ ਸੀ। ਹੁਣ ਬਰਬਾਦੀ ਦੇ ਨਵੇਂ ਨਵੇਂ ਤਰੀਕੇ ਆ ਗਏ ਹਨ ਅਤੇ ਬਰਬਾਦੀ ਦਾ ਪੱਧਰ ਵੀ ਜਿਆਦਾ ਵੱਡਾ ਹੋ ਗਿਆ ਹੈ।

ਜਿਸ ਪ੍ਰਬੰਧ ਵਿੱਚ ਕਰੋੜਾਂ ਲੋਕ ਭੁੱਖ ਨਾਲ਼ ਤੜਫਦੇ ਹੋਣ, ਜਿੱਥੇ ਹਿੰਦੋਸਤਾਨ ਜਿਹੇ ਦੇਸ਼ ਵਿੱਚ ਰੋਜ਼ 9 ਹਜ਼ਾਰ ਬੱਚੇ, ਭੁੱਖ ਕੁਪੋਸ਼ਣ ਅਤੇ ਉਸਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਨਾਲ਼ ਮਰ ਜਾਂਦੇ ਹੋਣ ਅਤੇ ਫਿਰ ਲੱਖਾਂ ਟਨ ਅਨਾਜ਼ ਪਏ ਪਏ ਸੜ ਜਾਂਦਾ ਹੋਵੇ, ਉਸ ਪ੍ਰਬੰਧ ਨੂੰ ਜਿੰਨੀ ਜਲਦੀ ਹੋ ਸਕੇ ਤਬਾਹ ਕਰ ਦਿੱਤਾ ਜਾਣਾ ਚਾਹੀਦਾ ਹੈ। ਪੂੰਜੀਵਾਦ ਦੀ ਮੌਤ ਦੇਸ਼ ਦੇ ਕਰੋੜਾਂ ਗਰੀਬਾਂ, ਕਿਰਤੀ ਲੋਕਾਂ ਦੇ ਜਿਉਂਦੇ ਰਹਿਣ ਦੀ ਸ਼ਰਤ ਹੈ! □

## ਗੁਲਾਮੀ ਖਿਲਾਫ਼ ਮਨੁੱਖਤਾ ਦੇ ਸੰਗਰਾਮ ਦਾ ਸ਼ਾਨਾਮੱਤਾ ਅਧਿਆਇ

# ਹਿੰਦੋਸਤਾਨ ਗਦਰ ਪਾਰਟੀ

• ਡਾ. ਅਮ੍ਰਿਤ

ਆਉਣ ਵਾਲ਼ਾ 1 ਨਵੰਬਰ ਦਾ ਦਿਨ ਭਾਰਤ ਦੇ ਇਤਿਹਾਸ ਦਾ ਉਹ ਯਾਦਗਾਰੀ ਦਿਨ ਹੈ ਜਿਸ ਦਿਨ ਭਾਂਵੇਂ ਹਿੰਦੋਸਤਾਨ ਤੋਂ ਦੂਰ ਅਮਰੀਕਾ ਵਿੱਚ ਹੀ ਸਹੀ, ਸਾਮਰਾਜੀ ਬਰਤਾਨੀਆ ਦੀ ਗੁਲਾਮੀ ਦੇ ਸਿਕੰਜੇ ਖਿਲਾਫ਼ ਭਾਰਤੀ ਲੋਕਾਂ ਦੀ ਆਵਾਜ਼ ਨੇ ਅੰਗੜਾਈ ਲਈ ਅਤੇ ਹਿੰਦੋਸਤਾਨ ਗਦਰ ਪਾਰਟੀ ਦਾ ਅਖ਼ਬਾਰ 'ਗਦਰ' ਛਪਣਾ ਸ਼ੁਰੂ ਹੋਇਆ ਸੀ। ਇਹ 1913 ਦਾ ਸਾਲ ਸੀ ਅਤੇ ਆਉਣ ਵਾਲ਼ੇ, ਦੋ ਸਾਲ਼ਾ ਵਿੱਚ ਇਸ ਅਖ਼ਬਾਰ ਨੇ ਸਾਮਰਾਜੀ ਗੁਲਾਮੀ ਖਿਲਾਫ਼ ਇੱਕ ਝੱਖੜ ਨੂੰ ਜਨਮ ਦੇਣਾ ਸੀ ਅਤੇ ਦੇਸ਼ ਦੇ ਲੋਕਾਂ ਵਿੱਚ ਨਵੀਂ ਚੇਤਨਾ ਦਾ ਸੰਚਾਰ ਕਰਨਾ ਸੀ ਅਤੇ ਅਜ਼ਾਦੀ ਦਾ ਅਜਿਹਾ ਹੋਕਾ ਦੇਣਾ ਸੀ ਜਿਸ ਨੇ ਸੈਂਕੜੇ-ਹਜ਼ਾਰਾਂ ਮਜ਼ਦੂਰਾਂ ਕਿਸਾਨਾਂ ਅਤੇ ਫੌਜੀਆਂ ਨੂੰ ਭਾਰਤ ਦੀ ਗੁਲਾਮੀ ਦੇ ਸੰਗਲ ਤੋੜਨ ਲਈ ਆਪਣੀਆਂ ਜਾਨਾਂ ਵਾਰਨ ਲਈ ਪ੍ਰੇਰਿਤ ਕਰਨਾ ਸੀ।

ਇਸ ਲੇਖ ਦਾ ਵਿਸ਼ਾ-ਵਸਤੂ ਇਹਨਾਂ ਯਾਦਗਾਰੀ ਦਿਨਾਂ ਦੀ ਯਾਦ ਤਾਜ਼ਾ ਕਰਦੇ ਹੋਏ ਹਿੰਦੋਸਤਾਨ ਗਦਰ ਪਾਰਟੀ ਦੇ ਉਸ ਬੇਮਿਸਾਲ ਤੇ ਸ਼ਾਨਾਮੱਤੇ ਇਤਿਹਾਸ ਨੂੰ ਪਾਠਕਾਂ ਅੱਗੇ ਪੇਸ਼ ਕਰਨਾ ਹੈ ਜੋ ਕਾਮਰੇਡ ਸੋਹਣ ਸਿੰਘ ਜੋਸ਼ ਦੇ ਸ਼ਬਦਾਂ ਵਿੱਚ, "ਅਜਿਹਾ ਇਤਿਹਾਸ ਜੋ ਸਾਨੂੰ ਜਗਾ ਕੇ ਖੜੇ ਕਰ ਦਿੰਦਾ ਹੈ ਤੇ ਭਾਰਤ ਦੀ ਅਜ਼ਾਦੀ ਲਈ ਸਾਡੇ ਪੁਰਖਿਆਂ ਵਲੋਂ ਉਸ ਸਮੇਂ ਕੀਤੀਆਂ ਬੇਮਿਸਾਲ ਕੁਰਬਾਨੀਆਂ ਪ੍ਰਤੀ ਮਾਣ ਨਾਲ਼ ਭਰ ਦਿੰਦਾ ਹੈ। ਜਦੋਂ ਦੇਸ਼ ਅੰਦਰ ਬਹੁਤੇ ਭਾਰਤੀ ਲੋਕ ਬਰਤਾਨਵੀ ਸਾਮਰਾਜ, ਇਸਦੇ ਇਰਾਦਿਆਂ ਤੇ ਆਗੂਆਂ ਬਾਰੇ ਭਾਂਤ-ਭਾਂਤ ਦੇ ਭਰਮਾਂ ਵਿੱਚ ਫਾਥੇ ਹੋਣ ਕਾਰਨ ਬਰਤਾਨੀਆ ਪੱਖੀ ਤੇ ਪਹਿਲੀ ਸੰਸਾਰ ਜੰਗ ਦੇ ਹਮਾਇਤੀ ਸਨ।" ਉਸ ਸਮੇਂ ਜਦੋਂ ਦੇਸ਼ ਦੇ ਅਖੌਤੀ ਆਗੂ ਦੇਸ਼ ਦੇ ਨੌਜਵਾਨਾਂ ਨੂੰ ਸਾਮਰਾਜੀ ਬਰਤਾਨੀਆਂ ਦੀ ਫੌਜ ਵਿੱਚ ਭਰਤੀ ਹੋ ਕੇ ਸਾਮਰਾਜੀਆਂ ਦੀ ਸੇਵਾ ਦਾ ਉਪਦੇਸ਼ ਦੇ ਰਹੇ ਸ਼ਨ, ਦੇਸ਼ ਦੇ ਧਰਮ-ਅਸਥਾਨਾਂ ਦੇ ਪ੍ਰਬੰਧਕ, ਬਰਤਾਨਵੀ ਹੱਥ-ਠੋਕੇ, ਬਰਤਾਨੀਆ ਦੀ ਸਾਮਰਾਜੀ ਸਲਤਨਤ ਦੀ ਰਾਜ਼ੀ-ਖੁਸ਼ੀ ਅਤੇ ਜਿੱਤ ਲਈ ਅਰਦਾਸਾਂ ਕਰ ਰਹੇ ਸਨ, ਉਸ ਸਮੇਂ ਗਦਰੀ ਸੂਰਬੀਰਾਂ ਨੇ ਦੇਸ਼ ਦੀ ਮੁਕੰਮਲ ਆਜ਼ਾਦੀ ਦੀ ਆਵਾਜ਼ ਬੁਲੰਦ ਕੀਤੀ ਅਤੇ ਭਾਰਤੀ ਲੋਕਾਂ ਵਿੱਚ ਰਾਜਨੀਤਕ ਚੇਤਨਾ ਦੇ ਪ੍ਰਸਾਰ ਲਈ ਤੇ ਦੇਸ਼ ਦੀ ਆਜ਼ਾਦੀ ਲਈ ਅਦੁੱਤੀ ਕੁਰਬਾਨੀਆਂ ਕੀਤੀਆਂ ਅਤੇ ਅਜਿਹੇ ਇਤਿਹਾਸ ਦੀ ਸਿਰਜਣਾ ਕੀਤੀ ਜੋ ਕਿਸੇ ਵੀ ਤਰ੍ਹਾਂ ਦੇ ਜ਼ੁਲਮ ਅਤੇ ਦਾਬੇ ਖਿਲਾਫ਼ ਲੜਨ-ਮਰਨ ਲਈ ਕਿਰਤੀ ਅਵਾਮ ਨੂੰ ਪ੍ਰੇਰਣਾ ਦਿੰਦਾ ਰਹੇਗਾ।

### 1857 ਦੇ ਗਦਰ ਤੋਂ ਬਾਅਦ ਭਾਰਤ

1857 ਦੀ ਕੌਮੀ ਬਾਗਵਤ ਨੂੰ ਬੁਰੀ ਤਰ੍ਹਾਂ ਕੁਚਲਣ ਤੋਂ ਬਾਅਦ ਬਰਤਾਨੀਆ ਦੇ ਤਾਜ ਨੇ ਭਾਰਤ ਦੀ ਹਕੂਮਤ ਸਿੱਧੇ ਆਪਣੇ ਹੱਥਾਂ ਵਿੱਚ ਲੈ ਲਈ ਅਤੇ ਰਾਣੀ ਨੇ ਆਪਣੇ ਐਲਾਨਨਾਮੇ ਵਿੱਚ ਭਾਰਤੀ ਲੋਕਾਂ ਨੂੰ ਬਰਤਾਨਵੀ ਸਲਤਨਤ ਦੀ ਪਰਜਾ ਦੇ ਤੌਰ 'ਤੇ ਸਮਝਣ ਦਾ ਧੋਖਾ ਕੀਤਾ, ਜਿਸ ਧੋਖੇ ਦੇ ਭਾਰਤੀ ਲੋਕ ਖਾਸ ਕਰ ਕੇ ਪੰਜਾਬ ਦੇ ਲੋਕ ਲੰਮੇ ਸਮੇਂ ਤੱਕ ਸ਼ਿਕਾਰ ਰਹੇ। ਇਸ ਬਗਾਵਤ ਨੇ ਪਹਿਲੀ ਵਾਰ ਦੇਸ਼ ਦੇ ਵੱਖ-ਵੱਖ ਧਰਮਾਂ ਅਤੇ ਜਾਤਾਂ ਦੇ ਲੋਕਾਂ ਨੂੰ ਏਕਤਾ ਦਾ ਪਾਠ ਪੜਾਇਆ, ਜਿਸ ਤੋਂ ਡਰੇ ਅੰਗਰੇਜ਼ਾਂ ਲਈ ਆਉਣ ਵਾਲ਼ੇ ਸਮੇਂ ਵਿੱਚ ਭਾਰਤੀ ਲੋਕਾਂ ਨੂੰ ਧਰਮ ਅਤੇ ਜਾਤ ਦੇ ਅਧਾਰ 'ਤੇ ਵੰਡਣ ਦਾ ਕੰਮ, ਸਭ ਤੋਂ ਮਹੱਤਵਪੂਰਨ ਏਜੰਡਾ ਰਿਹਾ।

1857 ਤੋਂ ਬਾਅਦ ਭਾਰਤ ਵਿੱਚ ਲੰਮਾ ਸਮਾਂ ਖੜੋਤ ਦਾ ਭਿਆਨਕ ਦੌਰ ਰਿਹਾ। ਇਸ ਸਮੇਂ ਕੂਕਾ ਲਹਿਰ, ਬੰਗਾਲ ਦੀ ਵੰਡ ਖਿਲਾਫ਼ ਅੰਦੋਲਨ ਅਤੇ ਅਜੀਤ ਸਿੰਘ ਦੀ ਅਗਵਾਈ ਵਾਲ਼ੇ ਬਾਹਰੀ ਦੁਆਬ ਦੇ ਅੰਦੋਲਨ ਨੂੰ ਛੱਡ ਕੇ ਕੋਈ ਵੀ ਅਜਿਹੀ ਲਹਿਰ ਸਾਮਰਾਜੀ ਗੁਲਾਮੀ ਖਿਲਾਫ਼ ਨਹੀਂ ਛਿੜੀ ਜਿਸ ਵਿੱਚ ਆਮ ਲੋਕਾਂ ਦੀ ਵੱਡੀ ਪੱਧਰ 'ਤੇ ਸ਼ਮੂਲਿਅਤ ਹੋਵੇ।

ਇਸੇ ਦੌਰਾਨ ਹੀ 1885 ਵਿੱਚ ਅੰਗਰੇਜ਼ਾਂ ਨੇ ਆਪਣੀ ਲੁੱਟ ਦੇ ਸਾਮਰਾਜ ਦੀ ਇੱਕ ਹੋਰ ਹਿਫਾਜ਼ਤੀ ਕਤਾਰ, ਕਾਂਗਰਸ ਪਾਰਟੀ ਦੀ ਸਥਾਪਨਾ ਕਰ ਲਈ ਸੀ। ਇਸ ਦਾ ਮਕਸਦ ਇਨਕਲਾਬੀ ਲਹਿਰ ਨੂੰ ਮੋੜਾ ਦੇ ਕੇ ਸੰਵਿਧਾਨਕ ਲੀਹਾਂ 'ਤੇ ਪਾਉਣਾ ਸੀ। ਭਾਰਤੀ ਲੋਕਾਂ ਦੀਆਂ ਸਿਆਸੀ ਸ਼ਿਕਾਇਤਾਂ ਦੀ ਨਵਿਰਤੀ ਤੇ ਭਾਰਤ ਦੀ ਰਾਜਨੀਤਕ ਤਰੱਕੀ ਤਾਂ ਐਵੇਂ ਵਿਖਾਉਣ ਲਈ ਹੀ ਸੀ।

1857 ਦੇ ਗਦਰ ਦੌਰਾਨ, ਅੰਗਰੇਜ਼ਾਂ ਨੇ ਸਿੱਖ ਰਜਮੈਂਟਾਂ ਦੀ ਸਮੱਰਥਾ ਵੀ ਦੇਖ ਲਈ ਸੀ ਅਤੇ ਕੁਝ ਨੂੰ ਛੱਡ ਕੇ, ਸਿੱਖ ਜਗੀਰੂ ਸਰਦਾਰਾਂ ਦੀ ਵਫਾਦਾਰੀ ਵੀ, ਜਿਸ ਦੇ ਸਿੱਟੇ ਵਜੋਂ ਉਹਨਾਂ ਨੇ ਇਹਨਾਂ ਜਗੀਰੂ ਸਰਦਾਰਾਂ ਨੂੰ ਉੱਤਰ ਪ੍ਰਦੇਸ਼ ਅਤੇ ਪੰਜਾਬ ਵਿੱਚ ਜਾਗੀਰਾਂ ਦੇ ਕੇ ਸਨਮਾਨਿਤ ਕੀਤਾ। ਅੰਗਰੇਜ਼ਾਂ ਨੇ ਸਮੁੱਚੇ ਪੰਜਾਬ ਨੂੰ ਆਪਣੇ ਸਾਮਰਾਜ ਦੀ ਹਿਫ਼ਾਜਤ ਲਈ ਫੌਜੀ ਭਰਤੀ ਦੇ ਵਿਸ਼ੇਸ ਖਿੱਤੇ ਵਿੱਚ ਬਦਲ ਦਿੱਤਾ। ਸਿੱਟੇ ਵਜੋਂ ਉਹਨਾਂ ਨੇ ਅਜਿਹੀ ਕਿਸੇ ਵੀ ਲਹਿਰ ਜਾਂ ਸੋਚ ਜਾਂ ਸਿੱਖਿਆ ਨੂੰ ਬੇਰਹਿਮੀ ਨਾਲ਼ ਦਬਾਇਆ ਜਿਹੜੀ ਲੋਕਾਂ, ਖਾਸ ਕਰਕੇ, ਨੌਜਵਾਨਾਂ ਵਿੱਚ

ਰਾਜਨੀਤਕ ਚੇਤਨਾ ਅਤੇ ਦੇਸ਼ ਦੀ ਆਜ਼ਾਦੀ ਲਈ ਤਾਂਘ ਪੈਦਾ ਕਰਦੀ ਹੋਵੇ। ਪੰਜਾਬੀ ਲੋਕਾਂ ਦੀ ਸਿਆਸੀ ਸੂਝ ਇੱਥੋਂ ਤੱਕ ਪਿਛੜ ਗਈ ਸੀ ਕਿ ਉਹ ਸਾਰੀ ਮਨੁੱਖਤਾ ਦੇ ਦੁਸ਼ਮਣ, ਆਪਣੇ ਦੇਸ਼ ਦੀ ਬਰਬਾਦੀ ਦੇ ਜ਼ਿੰਮੇਵਾਰ ਸਾਮਰਾਜੀ ਅੰਗਰੇਜ਼ਾਂ ਦੀ ਫੌਜ ਵਿੱਚ ਭਰਤੀ ਹੋਣ, ਉਹਨਾਂ ਦੇ ਵਫ਼ਾਦਾਰ ਹੋਣ ਅਤੇ ਸਾਮਰਾਜੀ ਲੁੱਟ ਲਈ ਲੜੀਆਂ ਜਾਣ ਵਾਲੀਆਂ ਲੜਾਈਆਂ ਵਿੱਚ ਹਿੱਸਾ ਲੈਣ ਨੂੰ ਬਹਾਦਰੀ ਸਮਝਦੇ ਸਨ ਅਤੇ ਅੰਗਰੇਜ਼ੀ ਰਾਜ ਵੱਲੋਂ ਮਿਲਣ ਵਾਲ਼ੇ ਤੁਛ ਤਮਗਿਆਂ ਨੂੰ ਮਾਣ ਨਾਲ਼ ਛਾਤੀ 'ਤੇ ਸਜਾਉਂਦੇ ਸਨ ਅਤੇ ਅੰਗਰੇਜ਼ੀ ਸਰਕਾਰ ਦੇ ਗੁਣ ਗਾਉਂਦੇ ਸਨ। ਇਹ ਸਿਲਸਿਲਾ ਹੁਣ ਤੱਕ ਵੀ ਜਾਰੀ ਹੈ ਅਤੇ ਬਹੁਤੇ ਲੋਕ ਅਜੇ ਵੀ ਗੁਲਾਮ ਮਾਨਸਿਕਤਾ ਤੋਂ ਪਿੱਛਾ ਨਹੀਂ ਛੁਡਾ ਸਕੇ।

## ਸਮਕਾਲੀ ਭਾਰਤ ਵਿੱਚ ਗਰੀਬੀ

ਬਰਤਾਨਵੀ ਸਾਮਰਾਜਵਾਦ ਨੇ ਭਾਰਤੀ ਉਦਯੋਗ ਅਤੇ ਦਸਤਕਾਰੀਆਂ ਨੂੰ ਤਬਾਹ ਕਰ ਦਿੱਤਾ ਅਤੇ ਭਾਰਤ ਨੂੰ ਕੱਚਾ ਮਾਲ ਪੈਦਾ ਕਰਨ ਅਤੇ ਇੰਗਲੈਂਡ ਦੀਆਂ ਤਿਆਰ ਵਸਤਾਂ ਦੀ ਮੰਡੀ ਬਣਾ ਕੇ ਰੱਖ ਦਿੱਤਾ। ਅੰਗਰੇਜ਼ ਭਾਰਤ ਵਿੱਚੋਂ ਕੱਚਾ ਮਾਲ ਅਨਾਜ, ਕਪਾਹ ਆਦਿ ਬੜੇ ਸਸਤੇ ਭਾਅ ਖਰੀਦ ਲੈਂਦੇ ਸਨ ਜਾਂ ਕਿਹਾ ਜਾਵੇ ਭਾਰਤੀਆਂ ਨੂੰ ਅਜਿਹਾ ਕਰਨ ਲਈ ਮਜਬੂਰ ਕਰ ਦਿੰਦੇ ਸਨ ਅਤੇ ਆਪਣੀਆਂ ਤਿਆਰ ਵਸਤਾਂ ਮਹਿੰਗੇ ਭਾਅ ਵੇਚ ਕੇ ਲੋਕਾਂ ਦੀ ਰੱਤ ਨਿਚੋੜਦੇ ਸਨ। ਉਤੋਂ ਹੋਰ, ਤਰ੍ਹਾਂ-ਤਰ੍ਹਾਂ ਦੇ ਟੈਕਸ ਭਾਰਤੀ ਲੋਕਾਂ ਸਿਰ ਮੜ੍ਹ ਦਿੰਦੇ ਸਨ ਅਤੇ ਭਾਰਤੀ ਲੋਕਾਂ ਦੀ ਸਿਹਤ, ਖੇਤੀ ਅਤੇ ਵਿਕਾਸ ਤੇ ਸਿੱਖਿਆ ਤੋਂ ਉੱਕਾ ਹੀ ਕਿਨਾਰਾ ਕਰ ਲੈਂਦੇ ਸਨ। ਜਬਰੀ ਵਸੂਲੀਆਂ ਅਤੇ ਸ਼ਾਹੂਕਾਰਾਂ, ਦੇਸੀ ਜਾਗੀਰਦਾਰਾਂ ਨਾਲ਼ ਰਲ ਕੇ ਕਿਸਾਨਾਂ ਦੀ ਲੁੱਟ ਅੰਗਰੇਜ਼ਾਂ ਦਾ ਇੱਕੋ-ਇੱਕ ਕੰਮ ਸੀ। ਇਸ ਸਭ ਦੇ ਸਿੱਟੇ ਵਜੋਂ ਭਾਰਤ ਵਿੱਚ ਭਿਆਨਕ ਅਕਾਲ, ਭੁੱਖ ਅਤੇ ਮਹਾਂਮਾਰੀਆਂ ਫੈਲਣ ਲੱਗੀਆਂ। ਇਸ ਦਾ ਅੰਦਾਜ਼ਾ ਹੇਠ ਦਿੱਤੇ ਕੁਝ ਅੰਕੜਿਆਂ ਤੋਂ ਲਗਾਇਆ ਜਾ ਸਕਦਾ ਹੈ —

ਪਹਿਲੀ ਸੰਸਾਰ ਜੰਗ ਦੌਰਾਨ, ਜੋ ਕਿ ਉਸ ਸਮੇਂ ਤੱਕ ਦੀ ਸਭ ਤੋਂ ਭਿਆਨਕ ਤੇ ਖੂਨੀ ਜੰਗ ਸੀ, ਚਾਰ ਸਾਲਾਂ ਵਿੱਚ 76, 50,000 ਮਨੁੱਖੀ ਜਾਨਾਂ ਗਈਆਂ ਸਨ। ਪਰ ਜੇ ਅਸੀਂ 1911 ਅਤੇ 1914 ਦੇ ਵਕਫ਼ੇ ਦੌਰਾਨ ਭਾਰਤ ਵਿੱਚ ਸੀਤਲਾ, ਹੈਜਾ ਤੇ ਪਲੇਗ ਜਿਹੀਆਂ ਮਹਾਂਮਾਰੀਆਂ ਕਾਰਨ ਭਾਰਤ ਵਿੱਚ ਹੋਈਆਂ ਮੌਤਾਂ ਦੀ ਗਿਣਤੀ ਵੱਲ ਧਿਆਨ ਮਾਰੀਏ ਤਾਂ ਦਿਲ ਦਹਿਲ ਜਾਂਦਾ ਹੈ—

| ਸਾਲ | ਮੌਤਾਂ ਦੀ ਗਿਣਤੀ |
|---|---|
| 1911 | 76,39,544 |
| 1912 | 70,90,991 |
| 1913 | 68,45,618 |
| 1914 | 71,55,771 |
| ਕੁਲ (4 ਸਾਲ) | 2,87, 31,324 |

(*ਲਾਲ ਲਾਜਪਤ ਰਾਏ ਦੁਆਰਾ ਨਿਊਯਾਰਕ ਤੋਂ ਸੰਪਾਦਿਤ ਕੀਤਾ ਰਸਾਲਾ, ਯੰਗ ਇੰਡੀਆ, ਜਿਲਦ 1 ਅੰਕ 2, 1918,* ਵਿਚੋਂ)

1912 ਦੇ ਸਾਲ ਦੌਰਾਨ ਜਦੋਂ ਲੋਕ ਭੁੱਖ ਨਾਲ਼ ਮਰ ਰਹੇ ਸਨ, ਉਸ ਸਾਲ ਅੰਗਰੇਜ਼ਾਂ ਨੇ 26 ਕਰੋੜ ਡਾਲਰ ਮੁੱਲ ਦੇ ਭੋਜਨ ਪਦਾਰਥ ਭਾਰਤ ਵਿੱਚੋਂ ਇੰਗਲੈਂਡ ਭੇਜੇ। ਇਸ ਤਰ੍ਹਾਂ ਦੇ ਹੀ ਹੋਰ ਅਨੇਕਾਂ ਅੰਕੜੇ ਭਾਰਤ ਦੀ ਲੁੱਟ ਬਾਰੇ ਉਪਲੱਬਧ ਹਨ। ਇਹ ਅੰਕੜੇ, ਉਹਨਾਂ ਗੁਲਾਮ ਜਿਹਨੀਅਤ ਤੇ ਅੰਗਰੇਜ਼ਾਂ ਦੇ ਪਿੱਠੂ ਇਤਿਹਾਸਕਾਰ ਦੇ ਮੂੰਹਾਂ 'ਤੇ ਵੀ ਚਪੇੜ ਹਨ ਜਿਹੜੇ ਕਹਿੰਦੇ ਹਨ ਕਿ ਅੰਗਰੇਜ਼ਾਂ ਦੇ ਆਉਣ ਨਾਲ਼ ਭਾਰਤ ਵਿੱਚ ਤਰੱਕੀ ਹੋਈ, ਵਿਗਿਆਨਕ ਸੋਚ ਆਈ ਜਾਂ ਅੰਗਰੇਜ਼ਾਂ ਨੇ ਭਾਰਤੀਆਂ ਨੂੰ ਸਭਿਅਤਾ ਸਿਖਾਈ ਇਤਿਆਦਿ।

## ਪ੍ਰਦੇਸਾਂ ਵੱਲ ਪਰਵਾਸ, ਭਾਰਤੀਆਂ ਦੀ ਬੇਪਤੀ ਅਤੇ ਸੋਚ ਵਿੱਚ ਬਦਲਾਅ

1904-05 ਦੌਰਾਨ ਭਾਰਤ ਵਿੱਚ ਦੂਜੀਆਂ ਬਸਤੀਆਂ, ਖਾਸਕਰ ਕੈਨੇਡਾ ਵਿੱਚ, ਭਾਰਤੀਆਂ ਵਲੋਂ ਪ੍ਰਵਾਸ ਦੀ ਸ਼ੁਰੂਆਤ ਹੋਈ। ਇਹਨਾਂ ਵਿੱਚ ਜਿਆਦਾਤਰ ਪੰਜਾਬੀ ਅਤੇ ਸਿੱਖ ਸਨ। ਸ਼ੁਰੂ ਵਾਲ਼ੇ ਬਹੁਤੇ ਲੋਕ ਸਾਬਕਾ ਫੌਜੀ ਜਾਂ ਫੌਜ 'ਚੋਂ ਅਸਤੀਫ਼ੇ ਦੇ ਕੇ ਜਾਣ ਵਾਲ਼ੇ ਫੌਜੀ ਸਨ। ਇਹ ਲੋਕ ਆਮ ਤੌਰ 'ਤੇ ਇੱਕ ਬਰਤਾਨਵੀ ਪਰਜਾ ਹੋਣ ਦੇ ਨਾਤੇ ਉਹ ਬਰਤਾਨਵੀਂ ਬਸਤੀਆਂ ਵਿੱਚ ਜਾ ਕੇ ਕਿਤੇ ਵੀ ਵਸ ਸਕਦੇ ਹਨ। ਫੌਜ ਦੀ ਨੌਕਰੀ ਦੌਰਾਨ ਇਹਨਾਂ ਦੇਖਿਆ ਕਿ ਦੂਜੀਆਂ ਬਸਤੀਆਂ ਖਾਸਕਰ ਸਫੈਦ ਬਸਤੀਆਂ ਜਿਵੇਂ ਕੈਨੇਡਾ, ਨਿਊਜ਼ੀਲੈਂਡ, ਸਿੰਘਾਪੁਰ ਵਿੱਚ, ਇੱਕ ਆਮ ਮਜ਼ਦੂਰ ਵੀ ਚੰਗੀ ਕਮਾਈ ਕਰ ਲੈਂਦਾ ਹੈ। ਇਹ ਦੇਖਦੇ ਹੋਏ ਪੰਜਾਬ ਦੇ ਆਮ ਕਿਸਾਨ ਜੋ ਬੁਰੀ ਤਰ੍ਹਾਂ ਤਬਾਹ ਚੁੱਕੇ ਸਨ, ਵੀ ਬਿਹਤਰ ਆਰਥਿਕ ਜਿੰਦਗੀ ਅਤੇ ਪਿੱਛੇ ਰਹਿ ਗਏ ਪਰਿਵਾਰਾਂ ਦੀ ਹਾਲਤ ਸੁਧਾਰਨ ਲਈ ਦੂਜੇ ਦੇਸ਼ਾਂ ਵੱਲ ਪਰਵਾਸ ਕਰਨ ਲੱਗੇ।

ਪ੍ਰਮੁੱਖ ਗਦਰੀਆਂ ਜਿਵੇਂ ਬਾਬਾ ਸੋਹਣ ਸਿੰਘ ਭਕਨਾ, ਹਰਨਾਮ ਸਿੰਘ ਟੁੰਡੀਲਾਟ, ਰਤਨ ਸਿੰਘ ਤੇ ਹੋਰ ਦੇ ਬਿਆਨਾਂ ਅਨੁਸਾਰ, ਇਹਨਾਂ ਲੋਕਾਂ ਦੇ ਬਾਹਰ ਜਾਣ ਦੇ ਕਈ ਕਾਰਣ ਸਨ—

-ਜਮੀਨ ਦਾ ਮਾਲੀਆ ਤੇ ਸਿੱਧੇ-ਅਸਿੱਧੇ ਸਰਕਾਰੀ ਕਰ ਚੁਕਾਉਣ 'ਚ ਅਸਮਰਥਾ

—ਧਨ ਕਮਾ ਕੇ ਲੋਟੂ ਸ਼ਾਹੂਕਾਰਾਂ ਦੇ ਕਰਜ਼ੇ ਉਤਾਰਨ ਦੀ ਇੱਛਾ

—ਪਛੜੀਆਂ ਆਰਥਿਕ ਹਾਲਤਾਂ ਨੂੰ ਬਿਹਤਰ ਕਰਨ ਦੀ ਇੱਛਾ

—ਕੁਝ ਸਿਆਸੀ ਕਾਰਕੁੰਨ ਗ੍ਰਿਫਤਾਰੀਆਂ ਤੋਂ ਬਚਣ ਲਈ

—ਬਰਤਾਨਵੀ ਫੌਜ ਵਿੱਚ ਭਰਤੀ ਹੋਣ ਤੋਂ ਬਚਣ ਲਈ

ਕੁਝ ਲੋਕ ਕੈਨੇਡਾ ਹੁੰਦੇ ਹੋਏ ਅਮਰੀਕਾ ਜਾ ਪਹੁੰਚੇ। ਇਹਨਾਂ ਮੁਲਕਾਂ ਵਿੱਚ ਪੂੰਜੀਪਤੀ ਭਾਰਤੀ ਮਜ਼ਦੂਰਾਂ ਨੂੰ ਤਰਜੀਹ ਦਿੰਦੇ ਸਨ ਕਿਉਂਕਿ ਉਹ ਘੱਟ ਉਜ਼ਰਤ 'ਤੇ ਕੰਮ ਕਰ ਲੈਂਦੇ ਸਨ। ਅਮਰੀਕਨ ਸਰਮਾਏਦਾਰਾਂ ਨੇ ਉਹਨਾਂ ਨੂੰ 'ਕਾਲ਼ੀਆਂ ਭੇਡਾਂ' ਦਾ ਨਾਂ ਦਿੱਤਾ। ਜਿਵੇਂ 1907 ਦੇ ਮੰਦਵਾੜੇ ਦੇ ਦਿਨਾਂ ਵਿੱਚ, ਟਕੋਮ (ਆਰੀਗਨ ਸਟੇਟ) ਵਿੱਚ ਰੇਲਵੇ ਮਜ਼ਦੂਰਾਂ ਦੀ ਹੜਤਾਲ ਹਿੰਦੋਸਤਾਨੀ ਮਜ਼ਦੂਰਾਂ ਦੀ ਸਹਾਇਤਾ ਨਾਲ਼ ਤੋੜੀ ਗਈ।

ਇਹਨਾਂ ਮੁਲਕਾਂ ਵਿੱਚ ਭਾਰਤੀਆਂ ਨੂੰ ਨਫ਼ਰਤ ਦੀ ਨਿਗਾਹ ਨਾਲ਼ ਦੇਖਿਆ ਜਾਂਦਾ ਸੀ ਅਤੇ ਪੈਰ-ਪੈਰ 'ਤੇ ਉਹਨਾਂ ਨੂੰ ਜਲੀਲ ਹੋਣ ਪੈਂਦਾ ਸੀ। ਬਰਤਾਨਵੀ ਪਰਜਾ ਹੋਣ ਦਾ ਭੁਲੇਖਾ

ਅਤੇ ਤਮਗਿਆਂ ਦਾ ਮਾਣ ਇੱਥੇ ਕੁਝ ਹੀ ਸਾਲਾਂ ਵਿੱਚ ਟੁੱਟਣਾ ਸ਼ੁਰੂ ਹੋ ਗਿਆ। ਅਜ਼ਾਦ ਅਮਰੀਕਨ ਤੇ ਜਾਪਾਨੀ ਨਾਗਰਿਕਾਂ ਨੂੰ ਅਤੇ ਕੈਨੇਡਾ ਦੇ ਗੋਰੇ ਲੋਕਾਂ ਨੂੰ ਵੇਖ ਇਹਨਾਂ ਲੋਕਾਂ ਦੇ ਮਨਾਂ ਵਿੱਚ ਆਜ਼ਾਦੀ ਦੀ ਤਾਂਘ ਜਨਮ ਲੈਣ ਲੱਗੀ। ਇਹਨਾਂ ਪਰਵਾਸੀਆਂ ਦੀ ਸਿਆਸੀ ਚੇਤਨਾ ਵਧਣ-ਫੁੱਲਣ ਲੱਗੀ ਅਤੇ ਨਾਲ਼ ਹੀ ਭਾਰਤੀਆਂ ਦੀ ਹੋਣ ਵਾਲ਼ੀ ਬੇਇੱਜਤੀ ਵਿੱਚ ਵੀ ਵਾਧਾ ਹੋਣ ਲੱਗਾ। ਪੰਜਾਬੀ ਮਜ਼ਦੂਰਾਂ ਨੂੰ 'ਕੁਲੀ' ਕਹਿ ਕੇ ਪੁਕਾਰਿਆ ਜਾਂਦਾ ਸੀ ਤੇ ਜਗ੍ਹਾ-ਜਗ੍ਹਾ ਜਨਤਕ ਪਾਰਕਾਂ, ਸਿਨੇਮਿਆਂ ਵਿੱਚ ਉਹਨਾਂ ਨੂੰ ਗੁਲਾਮ ਹੋਣ ਦਾ ਅਹਿਸਾਸ ਕਰਵਾਇਆ ਜਾਂਦਾ ਸੀ। ਇਸੇ ਦੌਰਾਨ ਹੀ, ਗੋਰੇ ਮਜ਼ਦੂਰਾਂ ਨੇ ਏਸ਼ੀਆਈ ਮਜ਼ਦੂਰਾਂ ਦਾ ਇਸ ਅਧਾਰ 'ਤੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਕਿ ਉਹ ਉਹਨਾਂ ਦੇ ਰੁਜ਼ਗਾਰ ਦੇ ਮੌਕੇ ਹਥਿਆ ਲੈਂਦੇ ਹਨ। ਇਹ ਵਿਰੋਧ ਵਧਦਾ-ਵਧਦਾ ਏਸ਼ੀਆਈ ਮਜ਼ਦੂਰਾਂ ਖਾਸ ਕਰਕੇ ਗੁਲਾਮ ਭਾਰਤੀਆਂ ਖਿਲਾਫ਼ ਬੁਰਛਾਗਰਦੀ ਅਤੇ ਦੰਗਿਆਂ ਦਾ ਰੂਪ ਧਾਰਨ ਕਰਨ ਲੱਗਾ। ਜਾਪਾਨ ਅਤੇ ਦੂਜੇ ਆਜ਼ਾਦ ਮੁਲਕਾਂ ਦੀਆਂ ਸਰਕਾਰਾਂ ਆਪਣੇ ਨਾਗਰਿਕਾਂ ਦੇ ਬਚਾਅ ਹਰਜਾਨੇ ਦੀ ਪੂਰਤੀ ਲਈ ਝੱਟ ਬਹੁੜ ਜਾਂਦੀਆਂ ਪਰ ਭਾਰਤੀਆਂ ਦੀ ਮਦਦ ਲਈ ਨਾ ਤਾਂ ਭਾਰਤੀ ਸਰਕਾਰ ਬਹੁੜਦੀ, ਨਾ ਹੀ ਸ਼ਾਹੀ ਸਰਕਾਰ। ਇਸ ਤੋਂ ਇਲਾਵਾ ਇੱਥੇ ਆ ਕੇ ਭਾਰਤੀ ਤੁਰਕੀ, ਆਇਰਲੈਂਡ, ਚੀਨ, ਮਿਸਰ, ਆਦਿ ਦੇਸ਼ਾਂ ਵਿੱਚ ਚੱਲ ਰਹੀਆਂ ਮੁਕਤੀ ਦੀਆਂ ਲਹਿਰਾਂ ਦੇ ਸੰਪਰਕ ਵਿੱਚ ਆਏ। ਭਾਰਤ ਤੋਂ ਆਏ ਕੁਝ ਸਿਆਸੀ ਕਾਰਕੁੰਨਾਂ ਜਿਵੇਂ ਰਾਮ ਨਾਥ ਪੁਰੀ, ਜਿਸ ਨੇ 'ਸਰਕੂਲਰ-ਇ-ਆਜ਼ਾਦੀ' ਨਾਂ ਦਾ ਰਸਾਲਾ ਕੱਢਿਆ ਅਤੇ ਤਾਰਨ ਦਾਸ, ਜਿਸ ਨੇ 'ਫ੍ਰੀ ਹਿੰਦੋਸਤਾਨ' ਨਾਂ ਦਾ ਮੈਗਜ਼ੀਨ ਕੱਢਿਆ, ਨੇ ਆਪਣੇ ਪ੍ਰਚਾਰ ਵਿੱਚ ਆਵਾਸ ਤੇ ਪ੍ਰਵਾਸ ਦੀਆਂ ਸਮੱਸਿਆਵਾਂ ਨੂੰ ਭਾਰਤ ਦੀ ਗੁਲਾਮੀ ਨਾਲ਼ ਜੋੜ ਕੇ ਪੇਸ਼ ਕੀਤਾ। ਇਹਨਾਂ ਸਾਰੇ ਹਾਲਾਤਾਂ ਦਾ ਹੌਲੀ ਹੌਲੀ ਭਾਰਤੀਆਂ ਦੇ ਮਨਾਂ 'ਤੇ ਅਸਰ ਹੋਣ ਲੱਗਾ ਤੇ ਉਹਨਾਂ ਦੀ ਸੋਚ 'ਚ ਬਦਲਾਅ ਆਉਣ ਲੱਗਾ। ਇਹ ਨਵੀਂ ਜਾਗ੍ਰਿਤੀ ਉਹਨਾਂ ਦੀ ਜਿੰਦਗੀ ਵਿੱਚ ਵੀ ਪ੍ਰਤੀਬਿੰਬਤ ਹੋਣ ਲੱਗੀ ਸੀ...

3 ਅਕਤੂਬਰ, 1909 ਨੂੰ ਵੈਨਕੂਵਰ ਬੀ.ਸੀ. ਕੈਨੇਡਾ ਦੇ ਗੁਰਦੁਆਰੇ ਵਿੱਚ ਇੱਕ ਸ਼ਾਨਦਾਰ ਘਟਨਾ ਵਾਪਰੀ। ਇੱਕ ਸਿੱਖ ਸਰਦਾਰ ਨੱਥਾ ਸਿੰਘ ਲੋਕਾਂ ਦੇ ਇਕੱਠ ਅੱਗੇ ਖੜ੍ਹਾ ਹੋ ਕੇ ਭਾਰਤ ਦੇ ਦੇਸ਼ਵਾਸੀਆਂ ਤੇ ਬਰਤਾਨਵੀ ਬਸਤੀਆਂ ਵਿੱਚ ਲੋਕਾਂ ਦੀ ਦੁਰਦਸ਼ਾਂ ਬਾਰੇ ਬੋਲਣ ਲੱਗਿਆ, ਅੰਤ ਵਿੱਚ ਉਸਨੇ ਇੱਕ ਮਤਾ ਪੇਸ਼ ਕੀਤਾ—

'ਗੁਰਦੁਆਰੇ ਦੀ ਪ੍ਰਬੰਧਕੀ ਕਮੇਟੀ ਦਾ ਕੋਈ ਵੀ ਮੈਂਬਰ ਕੋਈ ਅਜਿਹਾ ਤਮਗਾ, ਬਟਨ, ਵਰਦੀ ਜਾਂ ਸੰਕੇਤਕ ਚਿੰਨ੍ਹ ਨਾ ਪਹਿਨੇ, ਜਿਸ ਤੋਂ ਪਤਾ ਇਹ ਲੱਗੇ ਕਿ ਧਾਰਨ ਕਰਨ ਵਾਲ਼ਾ ਬੰਦਾ ਬਰਤਾਨੀਆਂ ਦਾ ਗੁਲਾਮ ਹੈ। ਉਹਨਾਂ ਦੇ ਤਮਗੇ ਇਸ ਗੱਲ ਦੇ ਸੰਕੇਤ ਹਨ ਕਿ ਉਹ ਆਪਣੇ ਹੀ ਦੇਸ਼ ਵਾਸੀਆਂ ਜਾਂ ਹੋਰ ਆਜ਼ਾਦ ਲੋਕਾਂ ਵਿਰੁੱਧ ਬਰਤਾਨੀਆ ਦੇ ਭਾੜੇ ਦੇ ਸਿਪਾਹੀ ਬਣ ਕੇ ਲੜੇ ਸਨ। ਫੌਜ ਵਿੱਚ ਨੌਕਰੀ ਕਰਕੇ ਪ੍ਰਾਪਤ ਕੀਤੇ ਤਮਗੇ ਗੁਲਾਮੀ ਦੇ ਤਗਮੇ ਸਮਝੇ ਜਾਣੇ ਚਾਹੀਦੇ ਹਨ।"

ਇਸ ਮਤੇ ਨੂੰ ਸਰਬਸੰਮਤੀ ਨਾਲ਼ ਪਾਸ ਕੀਤਾ ਗਿਆ। ਇੱਕ ਮੈਂਬਰ ਗਰੀਬ ਸਿੰਘ ਨੇ ਆਪਣਾ ਤਮਗਾ ਉਤਾਰ ਕੇ ਵਗਾਹ ਮਾਰਿਆ। ਇੱਕ ਹੋਰ ਖਾਲਸਾ ਦੀਵਾਨ ਦੇ ਸਕੱਤਰ, ਭਾਗ ਸਿੰਘ ਨੇ ਸੇਵਾ-ਮੁਕਤੀ 'ਤੇ ਮਿਲਿਆ ਸਨਮਾਨ ਪੱਤਰ ਸਭ ਦੇ ਸਾਹਮਣੇ ਅੱਗ ਲਾ ਕੇ ਸਾੜ ਦਿੱਤਾ। ਸਾਬਕਾ ਫੌਜੀਆਂ ਨੇ ਗਵਰਨਰ ਜਨਰਲ ਦੇ ਦੌਰੇ ਮੌਕੇ ਪਰੇਡ 'ਚ ਸ਼ਾਮਲ ਹੋਣ ਤੋਂ ਨਾਂਹ ਕਰ ਦਿੱਤੀ। ਅਜਿਹੀਆਂ ਹੀ ਹੋਰ ਘਟਨਾਵਾਂ ਸਾਮਰਾਜੀਆਂ ਲਈ ਖਤਰੇ ਦੀ ਘੰਟੀ ਸਨ। ਕੈਨੇਡਾ ਸਰਕਾਰ ਨੇ ਦਿੱਲੀ ਤੇ ਲੰਡਨ ਦੀਆਂ ਬਰਤਾਨਵੀ ਹਕੂਮਤਾਂ ਦੇ ਇਸ਼ਾਰੇ 'ਤੇ ਪਰਵਾਸੀਆਂ ਖਾਸ ਕਰਕੇ ਹਿੰਦੋਸਤਾਨੀਆਂ ਦੀ ਆਮਦ ਨੂੰ ਰੋਕਣ ਲਈ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਵਰਤਣੇ ਸ਼ੁਰੂ ਕਰ ਦਿੱਤੇ। ਉਹਨਾਂ 'ਤੇ ਆਪਣੇ ਪਰਿਵਾਰ ਤੇ ਪਤਨੀਆਂ ਨੂੰ ਕੈਨੇਡਾ ਬੁਲਾਉਣ 'ਤੇ ਪਾਬੰਦੀ ਲਾ ਦਿੱਤੀ, ਜੋ ਸਿਰਫ਼ ਭਾਰਤੀਆਂ 'ਤੇ ਹੀ ਲਾਗੂ ਕੀਤੀ ਗਈ ਅਤੇ ਉਹਨਾਂ ਪੱਕੇ ਤੌਰ 'ਤੇ ਰਿਹਾਇਸ਼ੀ ਹੱਕ ਦੇਣ ਵਿੱਚ ਤਰ੍ਹਾਂ-ਤਰ੍ਹਾਂ ਦੀਆਂ ਰੁਕਾਵਟਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਪੰਜਾਬੀ ਮਜ਼ਦੂਰਾਂ ਨੂੰ ਧੋਖੇ ਨਾਲ਼ ਹਾਂਡੂਰਸ ਭੇਜਣ ਦੀ ਕੋਸ਼ਿਸ਼ ਕੀਤੀ ਗਈ। 1910 ਵਿੱਚ ਕੈਨੇਡਾ ਸਰਕਾਰ ਨੇ ਕਾਨੂੰਨ ਬਣਾਇਆ ਕਿ ਸਿਰਫ਼ ਉਹੀ ਆਦਮੀ ਕੈਨੇਡਾ ਦੀ ਧਰਤੀ 'ਤੇ ਦਾਖਿਲ ਹੋ ਸਕੇਗਾ ਜੋ ਦਾਖਲੇ ਸਮੇਂ 200 ਡਾਲਰ ਦੀ ਨਕਦੀ ਦਿਖਾਏਗਾ ਅਤੇ ਆਪਣੇ ਦੇਸ਼ ਤੋਂ ਸਿੱਧੀ ਕੈਨੇਡਾ ਦੀ ਟਿਕਟ ਲੈ ਕੇ ਲਗਾਤਾਰ ਸਫ਼ਰ ਕਰਕੇ ਉੱਥੇ ਪਹੁੰਚੇਗਾ। ਕਾਨੂੰਨ ਦਾ ਸਿੱਧਾ ਨਿਸ਼ਾਨਾਂ ਭਾਰਤੀ ਸਨ ਕਿਉਂਕਿ ਭਾਰਤ ਤੋਂ ਕੈਨੇਡਾ ਲਈ ਕੋਈ ਸਿੱਧਾ ਸਫਰੀ ਜਹਾਜ਼ ਨਹੀਂ ਜਾਂਦਾ ਸੀ। ਅਮਰੀਕੀ ਸਰਕਾਰ, ਜੋ ਰਾਜਨੀਤਕ ਤੌਰ 'ਤੇ ਅਜ਼ਾਦ ਸੀ , 'ਤੇ ਦਬਾਅ ਪਾ ਕੇ ਭਾਰਤੀ ਸਿਆਸੀ ਕਾਰਕੁੰਨਾਂ ਦੁਆਰਾ ਕੱਢੇ ਜਾ ਰਹੇ ਅਖਬਾਰਾਂ, ਰਸਾਲਿਆਂ ਨੂੰ ਬੰਦ ਕਰਵਾਇਆ ਗਿਆ। ਇਹਨਾਂ ਸਾਰੀਆਂ ਧੱਕੇਸ਼ਾਹੀਆਂ ਵਿਰੁੱਧ ਆਪਣੀ ਆਵਾਜ਼ ਪਹੁੰਚਾਉਣ ਲਈ ਭਾਰਤੀਆਂ ਨੇ , ਜੋ ਅਜੇ ਵੀ ਬਰਤਾਨਵੀ ਇਨਸਾਫ਼ ਵਿੱਚ ਵਿਸ਼ਵਾਸ਼ ਰੱਖਦੇ ਸਨ, ਕਈ ਵਫ਼ਦ ਦਿੱਲੀ ਤੇ ਲੰਡਨ ਭੇਜੇ ਪਰ ਕਿਸੇ ਨੇ ਵੀ ਉਹਨਾਂ ਦੇ ਹੱਕ 'ਚ ਕੁਝ ਵੀ ਕਰਨ ਤੋਂ ਉੱਕਾ ਹੀ ਇਨਕਾਰ ਕਰ ਦਿੱਤਾ। ਹਿੰਦੋਸਤਾਨੀਆਂ ਨੂੰ ਪਹਿਲੀ ਵਾਰ ਚਾਨਣ ਹੋਇਆ— ਉਹ ਇੱਕ ਗੁਲਾਮ ਦੇਸ਼ ਦੇ ਵਸਨੀਕ ਹਨ। ਜੰਗਲਾਂ 'ਚ ਰੁੱਖਾਂ ਦੀ ਕਟਾਈ-ਚਰਾਈ, ਮਿੱਲਾਂ ਤੇ ਫਾਰਮਾਂ ਵਿੱਚ ਕੰਮ ਕਰਨ ਵਾਲ਼ੇ, ਇਹਨਾਂ ਭਾਰਤੀ, ਜਿਹਨਾਂ ਚੋਂ ਬਹੁਤਾਤ ਪੰਜਾਬੀ ਸਿੱਖਾਂ ਦੀ ਸੀ, ਮਜ਼ਦੂਰਾਂ ਦੇ ਮਨਾਂ ਵਿੱਚ ਆਜ਼ਾਦੀ ਦੇ ਲਾਂਬੂ ਭੜਕਾ ਦਿੱਤੇ। ਉਹਨਾਂ ਦੇ ਮਨਾਂ 'ਚ ਨਵੀਂ ਸੋਚ, ਨਵਾਂ ਖਿਆਲ ਹੁਲਾਰੇ ਲੈ ਰਿਹਾ ਸੀ—ਦੇਸ਼ ਨੂੰ ਆਜ਼ਾਦ ਕਰਾਉਣ ਦੀ ਸੋਚ, ਬਰਤਾਨਵੀ ਹਕੂਮਤ ਖਿਲਾਫ਼ ਬਗਾਵਤ ਦਾ ਖਿਆਲ।

## ਆਰੰਭਕ ਜੱਥੇਬੰਦਕ ਕੰਮ

ਹੁਣ ਹਾਲਾਤ ਅਗਲਾ ਕਦਮ ਉਠਾਉਣ ਲਈ ਤਿਆਰ ਹੋ ਚੁੱਕੇ ਸਨ। ਸਭ ਕੈਨੇਡਾ ਤੇ ਅਮਰੀਕਾ ਵਿਚਲੇ ਅਪਮਾਨਜਨਕ ਜੀਵਨ ਤੋਂ ਅੱਕੇ ਪਏ ਸਨ। ਰਾਮ ਨਾਥ ਪੁਰੀ, ਠਾਕੁਰ ਦਾਸ ਅਤੇ ਤਾਰਕ ਨਾਥ ਦਾਸ ਜਿਹੇ ਪੰਜਾਬੀ ਅਤੇ ਬੰਗਾਲੀ ਪਹਿਲਾਂ ਹੀ ਸਿਆਸੀ ਕੰਮ ਕਰ ਰਹੇ ਸਨ। ਹਰਨਾਮ ਸਿੰਘ ਕਾਹਰੀ ਸਾਹਰੀ ਅਤੇ ਗੁਰੂ ਦੱਤ ਕੁਮਾਰ ਸਮਾਜ ਸੁਧਾਰ ਅਤੇ ਮਾਸ ਸ਼ਰਾਬ ਛੱਡਣ ਦਾ ਪ੍ਰਚਾਰ ਕਰ ਰਹੇ ਸਨ। ਹਰਨਾਮ ਸਿੰਘ ਕੋਟਲਨੌਧ ਨੇ ਇਹਨਾਂ

ਨੂੰ ਕਿਹਾ ਕਿ ਹੁਣ ਸਮਾਜ ਸੁਧਾਰ ਦਾ ਵੇਲਾ ਵਿਹਾਅ ਚੁੱਕੇ ਪ੍ਰਚਾਰ ਦਾ ਸਮਾਂ ਨਹੀਂ, ਹੁਣ ਸਿਆਸੀ ਲੜਾਈ ਦਾ ਸਮਾਂ ਹੈ।

ਜੁਲਾਈ, 1912 ਦੇ ਕਿਸੇ ਦਿਨ ਵੱਖ-ਵੱਖ ਆਰਾ ਮਿੱਲਾਂ ਦੇ ਭਾਰਤੀ ਮਜ਼ਦੂਰ ਅਮਰੀਕੀ ਸ਼ਹਿਰ ਪੋਰਟਲੈਂਡ ਇਕੱਠੇ ਹੋਏ। ਮੀਟਿੰਗ ਵਿੱਚ 'ਪੈਸੇਫਿਕ ਕੋਸਟ ਹਿੰਦੀ ਐਸੋਸੀਏਸ਼ਨ' ਕਾਇਮ ਕਰਕੇ 'ਹਿੰਦੋਸਤਾਨ' ਉਰਦੂ ਸਪਤਾਹਕ ਕੱਢਣ ਦਾ ਫੈਸਲਾ ਲਿਆ ਗਿਆ ਅਤੇ ਪੋਰਟਲੈਂਡ ਵਿੱਚ ਹੀ ਇੱਕ ਘਰ ਕਿਰਾਏ 'ਤੇ ਲੈ ਕੇ ਐਸੋਸੀਏਸ਼ਨ ਦਾ ਦਫ਼ਤਰ ਖੋਲ੍ਹਣ ਦਾ ਫੈਸਲਾ ਵੀ ਕੀਤਾ ਗਿਆ। ਸੋਹਣ ਸਿੰਘ ਭਕਨਾ ਨੂੰ ਇਸ ਦਾ ਪ੍ਰਧਾਨ, ਬਾਬੂ ਗੁਰੂ ਦੱਤ ਨੂੰ ਜਨਰਲ ਸਕੱਤਰ ਅਤੇ ਪੰਡਿਤ ਕਾਂਸੀ ਰਾਮ ਨੂੰ ਇਸਦਾ ਖਜ਼ਾਨਚੀ ਥਾਪਿਆ ਗਿਆ।

ਮਜ਼ਦੂਰ ਬੇਚੈਨ ਸਨ ਅਤੇ ਕੁਝ ਕੀਤਾ ਜਾਣਾ ਲੋਚਦੇ ਸਨ। ਲਾਲਾ ਠਾਕੁਰ ਦਾਸ ਨੇ ਸੁਝਾਅ ਦਿੱਤਾ ਕੀ ਸਾਨਫ੍ਰਾਂਸਿਸਕੋ ਵਿੱਚ ਰਹਿੰਦੇ ਲਾਲਾ ਹਰਦਿਆਲ ਨੂੰ ਅਗਵਾਈ ਕਰਨ ਲਈ ਤਿਆਰ ਕੀਤਾ ਜਾਵੇ। ਹਰਦਿਆਲ ਵੀ ਬੇਚੈਨ ਸੀ, ਦੇਸ਼ ਦੀ ਆਜ਼ਾਦੀ ਲਈ ਜਾਗ੍ਰਿਤੀ ਪੈਦਾ ਕਰਨ ਲਈ, ਜਿੱਥੇ ਵੀ ਭਾਰਤੀ ਰਹਿੰਦੇ ਸਨ, ਤਕਰੀਰਾਂ ਕਰਿਆ ਕਰਦੇ ਸਨ। ਉਹ ਉੱਚ ਕੋਟੀ ਦੇ ਲੇਖਕ ਤੇ ਵਿਦਵਾਨ ਸਨ।

ਮਾਰਚ, 1913 ਨੂੰ ਲਾਲਾ ਹਰਦਿਆਲ ਸਾਨਫ੍ਰਾਂਸਿਸਕੋ ਤੋਂ ਸੇਂਟ ਜੋਹਨ ਪਹੁੰਚੇ। 25 ਮਾਰਚ, 1913 ਦੀ ਰਾਤ ਨੂੰ ਉਹਨਾਂ ਦੇ ਅਤੇ ਭਾਈ ਪਰਮਾਨੰਦ ਦੇ ਵਿਚਾਰ ਸੁਨਣ ਲਈ ਕੁਝ ਪੰਜਾਬੀ ਪੰਡਿਤ ਕਾਂਸ਼ੀ ਰਾਮ ਦੇ ਘਰ ਇਕੱਠੇ ਹੋਏ। ਲਾਲਾ ਹਰਦਿਆਲ ਨੇ ਆਪਣੀ ਤਕਰੀਰ ਵਿੱਚ ਕਿਹਾ—"ਜਿੰਨਾਂ ਚਿਰ ਬਰਤਾਨਵੀ ਰਾਜ ਦਾ ਖਾਤਮਾ ਨਹੀਂ ਹੋ ਜਾਂਦਾ, ਓਨਾ ਚਿਰ ਭਾਰਤ ਦੀਆਂ ਮੁਸ਼ਕਿਲਾਂ ਦਾ ਕੋਈ ਇਲਾਜ ਨਹੀਂ। ਅੰਗਰੇਜ਼ੀ ਸਕੂਲ ਅਤੇ ਕਾਲਜ ਕੇਵਲ ਕਲਰਕ ਪੈਦਾ ਕਰਦੇ ਹਨ ਜੋ ਸਰਕਾਰੀ ਨੌਕਰੀ ਦੀ ਭਾਲ ਵਿੱਚ ਰਹਿੰਦੇ ਹੋਏ ਖੁਸ਼ ਹਨ। ਅਜਿਹੇ ਲੋਕਾਂ ਤੋਂ ਬਹੁਤੀ ਆਸ ਨਹੀਂ, ਇਹ ਕੰਮ ਕੇਵਲ ਕਿਸਾਨ-ਮਜ਼ਦੂਰ ਹੀ ਕਰ ਸਕਦੇ ਹਨ ਬਸ਼ਰਤੇ ਕਿ ਉਹਨਾਂ ਨੂੰ ਆਪਣੇ ਕਰਤੱਵ ਦਾ ਅਹਿਸਾਸ ਕਰਵਾਇਆ ਜਾਵੇ।"

ਇਸ ਤੋਂ ਬਾਅਦ ਵੱਖ-ਵੱਖ ਸ਼ਹਿਰਾਂ ਵਿੱਚ ਇਕੱਤਰਤਾਵਾਂ ਕੀਤੀਆਂ ਗਈਆਂ। ਸਾਰੇ ਡੈਲੀਗੇਟਾਂ ਦੀ ਮੀਟਿੰਗ 21 ਅਪ੍ਰੈਲ, 1913 ਨੂੰ ਅਮਰੀਕੀ ਸ਼ਹਿਰ ਐਸਤੋਰੀਆ ਵਿੱਚ ਹੋਈ। ਇਸ ਮੀਟਿੰਗ ਵਿੱਚ ਸੰਗਠਨ ਦਾ ਨਾਮ "ਹਿੰਦੀ ਐਸੋਸੀਏਸ਼ਨ ਆਫ਼ ਦੀ ਪੈਸੇਫਿਕ ਕੋਸਟ ਆਫ਼ ਅਮੈਰਿਕਾ' ਰੱਖਿਆ ਗਿਆ। ਇਹੀ ਬਾਅਦ ਵਿੱਚ 'ਹਿੰਦੋਸਤਾਨ ਗਦਰ ਪਾਰਟੀ' ਦੇ ਨਾਂ ਨਾਲ਼ ਮਸ਼ਹੂਰ ਹੋਈ। ਪਾਰਟੀ ਦਾ ਦਫ਼ਤਰ ਸਾਨਫ੍ਰਾਂਸਿਸਕੋ ਦਾ 'ਯੁਗਾਂਤਰ' ਆਸ਼ਰਮ ਰੱਖਿਆ ਗਿਆ। ਉਰਦੂ ਅਤੇ ਪੰਜਾਬੀ ਵਿੱਚ ਸਪਤਾਹਿਕ ਅਖਬਾਰ ਕੱਢਣ ਦਾ ਨਿਰਣਾ ਲਿਆ ਗਿਆ, ਜਿਸ ਦਾ ਨਾਮ 1857 ਦੇ ਗਦਰ ਦੀ ਯਾਦ ਵਿੱਚ 'ਗਦਰ' ਹੀ ਰੱਖਿਆ ਗਿਆ।

ਪਾਰਟੀ ਦੀ ਕੇਂਦਰੀ ਕਮੇਟੀ ਦੀ ਚੋਣ ਕੀਤੀ ਗਈ। ਸੋਹਣ ਸਿੰਘ ਭਕਨਾ ਪ੍ਰਧਾਨ ਅਤੇ ਲਾਲਾ ਹਰਦਿਆਲ ਜਨਰਲ ਸਕੱਤਰ ਚੁਣੇ ਗਏ।

ਪਾਰਟੀ ਦੇ ਗੁਪਤ ਕਾਰਜਾਂ ਨੂੰ ਨਪੇਰੇ ਚਾੜ੍ਹਨ ਲਈ ਸੋਹਣ ਸਿੰਘ ਭਕਨਾ, ਲਾਲਾ ਹਰਦਿਆਲ ਅਤੇ ਪੰਡਿਤ ਕਾਸ਼ੀ ਰਾਮ 'ਤੇ ਆਧਾਰਿਤ ਕਮਿਸ਼ਨ ਚੁਣਿਆ ਗਿਆ। ਫੰਡ ਇਕੱਠੇ ਕਰਨ ਦੀ ਅਪੀਲ 'ਤੇ 10,000 ਡਾਲਰ ਮੌਕੇ 'ਤੇ ਹੀ ਇਕੱਠੇ ਹੋ ਗਏ ਸਨ। ਇਸ ਤੋਂ ਬਾਅਦ ਲਾਲਾ ਹਰਦਿਆਲ ਨੇ ਵੱਖ-ਵੱਖ ਸ਼ਹਿਰਾਂ ਦਾ ਤਕਰੀਰੀ ਦੌਰਾ ਕੀਤਾ ਅਤੇ ਅਮਰੀਕਾ ਕੈਨੇਡਾ 'ਚ ਕੰਮ ਕਰਦੇ ਭਾਰਤੀ ਮਜ਼ਦੂਰਾਂ 'ਚ ਆਜ਼ਾਦੀ ਦੀ ਚਿਣਗ ਜਗਾਉਣੀ ਜਾਰੀ ਰੱਖੀ।

## '.ਗਦਰ' ਦਾ ਛਪਣਾ

21 ਅਪ੍ਰੈਲ, 1913 ਦੀ ਵੱਡੀ ਮੀਟਿੰਗ ਵਿੱਚ ਲਾਲਾ ਹਰਦਿਆਲ ਨੂੰ ਗਦਰ ਅਖਬਾਰ ਲਈ ਸੰਪਾਦਕ ਥਾਪਿਆ ਗਿਆ ਅਤੇ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਤੇ ਪੰਡਿਤ ਜਗਤ ਰਾਮ ਨੂੰ ਲਾਲਾ ਹਰਦਿਆਲ ਦੇ ਸਹਾਇਕ ਲਗਾਇਆ ਗਿਆ। ਆਖਰਕਾਰ 7 ਮਹੀਨਿਆਂ ਦੀ ਉਡੀਕ ਤੋਂ ਬਾਅਦ, 1 ਨਵੰਬਰ, 1913 ਨੂੰ ਕਰਤਾਰ ਸਿੰਘ ਸਰਾਭੇ ਅਤੇ ਰਘਬਰ ਲਾਲ ਗੁਪਤਾ ਦਾ ਸਾਈਕਲੋਸਟਾਈਲ ਕੀਤਾ, ਉਰਦੂ 'ਗਦਰ' ਦਾ ਪਹਿਲਾ ਅੰਕ ਛਪ ਕੇ ਬਾਹਰ ਆਇਆ।

ਪਹਿਲੇ ਅੰਕ ਨਾਲ਼ ਹੀ 'ਗਦਰ' ਨੇ ਲੋਕਾਂ ਵਿੱਚ ਜਗ੍ਹਾ ਬਣਾਉਣੀ ਸ਼ੁਰੂ ਕਰ ਦਿੱਤੀ। ਜਿਸ ਜਗ੍ਹਾ ਵੀ ਗਦਰ ਪਹੁੰਚਦਾ, ਉਸ ਜਗ੍ਹਾ ਹੀ ਗਦਰ ਪਾਰਟੀ ਦੀ ਸ਼ਾਖਾ ਖੁੱਲ ਜਾਂਦੀ। ਸਪਤਾਹਿਕ ਗਦਰ ਪਹਿਲੇ ਅੰਕ ਤੋਂ ਹੀ ਇੱਕ ਧਰਮ ਨਿਰਪੱਖ, ਗੈਰ ਫਿਰਕਾਪ੍ਰਸਤ, ਜਮਹੂਰੀ ਅਤੇ ਇਨਕਲਾਬੀ ਅਖਬਾਰ ਸੀ। ਇਹ ਇੱਕ ਅੰਦੋਲਨਕਾਰ ਅਤੇ ਜੱਥੇਬੰਦਕ ਦੀ ਭੂਮਿਕਾ ਨਿਭਾ ਰਿਹਾ ਸੀ। ਹਰ ਅੰਕ ਵਿੱਚ ਬਰਤਾਨਵੀ ਰਾਜ ਦੀ ਲੁੱਟ ਦਾ ਪਰਦਾਫਾਸ਼ ਕੀਤਾ ਜਾਂਦਾ ਅਤੇ 'ਅੰਕੜਿਆਂ ਦੀ ਗਵਾਹੀ' ਨਾਲ਼ ਭਾਰਤੀ ਲੋਕਾਂ ਦੀ ਭੁੱਖਮਰੀ ਅਤੇ ਗਰੀਬੀ ਦਾ ਹਾਲ ਬਿਆਨ ਕੀਤਾ ਜਾਂਦਾ ਸੀ। 1857 ਦੇ ਗਦਰ ਦਾ ਇਤਿਹਾਸ ਵੀ ਛਾਪਿਆ ਗਿਆ ਤੇ ਗਦਰ ਅਖਬਾਰ ਆਮ ਲੋਕਾਂ, ਮਜ਼ਦੂਰ-ਕਿਸਾਨਾਂ ਤੇ ਫੌਜੀਆਂ ਦੇ ਨਾਂ ਅਪੀਲ ਵਿੱਚ ਬਰਤਾਨਵੀ ਹਕੂਮਤ ਦਾ ਤਖਤਾ ਪਲਟਣ ਦਾ ਹੋਕਾ ਦਿੰਦਾ।

8 ਦਸੰਬਰ, 1913 ਤੋਂ ਪੰਜਾਬੀ 'ਗਦਰ' ਵੀ ਛਪਣਾ ਸ਼ੁਰੂ ਹੋ ਗਿਆ। ਅਮਰੀਕਾ ਅਤੇ ਕੈਨੇਡਾ ਤੋਂ ਇਲਾਵਾ ਦੂਜੇ ਦੇਸ਼ਾਂ ਵਿੱਚ ਜਿਵੇਂ ਮਲੇਸ਼ੀਆ, ਸਿੰਘਾਪੁਰ, ਹਾਂਗਕਾਂਗ, ਫਿਲਪੀਨਜ਼ ਆਦਿ ਵਿੱਚ ਬੰਡਲਾਂ ਦੇ ਬੰਡਲ 'ਗਦਰ' ਭੇਜਿਆ ਜਾਣ ਲੱਗਾ ਅਤੇ ਭਾਰਤ ਵਿੱਚ ਵੀ ਵੱਡੀ ਪੱਧਰ 'ਤੇ 'ਗਦਰ' ਪਹੁੰਚਾਉਣ ਦੀ ਕੋਸ਼ਿਸ਼ ਹੋਣ ਲੱਗੀ। ਕੁਝ ਅੰਕ ਬਾਅਦ ਹੀ ਮੰਗ ਇੰਨੀ ਜਿਆਦਾ ਵੱਧ ਗਈ ਕਿ ਨਵੀਂ ਪ੍ਰੈਸ ਲਗਾਉਣੀ ਪਈ। ਇਸ ਤੋਂ ਹਿੰਦੀ ਅਤੇ ਗੁਜਰਾਤੀ ਵਿੱਚ ਵੀ ਅੰਕ ਛਾਪੇ ਗਏ ਅਤੇ ਇੱਕ ਅੰਕ ਪਸ਼ਤੋ ਵਿੱਚ ਵੀ ਛਾਪਿਆ ਗਿਆ।

## ਵਿਚਾਰਧਾਰਾ ਅਤੇ ਪ੍ਰੋਗਰਾਮ

'ਗਦਰ' ਦੇ ਪਹਿਲੇ ਅੰਕ ਵਿੱਚ ਪਾਰਟੀ ਦੀ ਵਿਚਾਰਧਾਰਾ ਤੇ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ ਗਿਆ। ਇਸ ਵਿਚਾਰਧਾਰਾ ਦਾ ਤੱਤ ਬਰਤਾਨਵੀ ਸਾਮਰਾਜਵਾਦੀ ਗੁਲਾਮੀ ਦਾ ਵਿਰੋਧ ਅਤੇ ਹਥਿਆਰਬੰਦ ਸੰਗਰਾਮ ਰਾਹੀਂ ਇੱਕ ਧਰਮ ਨਿਰਪੱਖ ਭਾਰਤੀ ਗਣਤੰਤਰ ਦੀ ਸਥਾਪਨਾ ਸੀ।

### ਭਾਰਤੀ ਗਣਤੰਤਰ

ਇਹ ਸੰਕਲਪ ਅਮਰੀਕਾ ਦੇ ਗਣਤੰਤਰ ਤੋਂ ਉਧਾਰ ਲਿਆ ਗਿਆ ਸੀ। ਉਹ ਹਰ ਤਰ੍ਹਾਂ ਦੀ ਬਾਦਸ਼ਾਹਤ ਖਤਮ ਕਰਕੇ ਇੱਕ ਚੁਣਿਆ ਹੋਇਆ ਪ੍ਰਧਾਨ ਬਣਾਉਣਾ ਚਾਹੁੰਦੇ ਸਨ।

### ਧਰਮ ਨਿਰਪੱਖਤਾ ਅਤੇ ਹਿੰਦੂ ਮੁਸਲਿਮ ਏਕਤਾ

ਗਦਰ ਪਾਰਟੀ ਦੀਆਂ ਮੀਟਿੰਗਾਂ ਵਿੱਚ ਧਾਰਮਿਕ ਅਤੇ ਫਿਰਕੂ ਮਸਲੇ ਉਠਾਉਣ ਦੀ ਮਨਾਹੀ ਸੀ। ਹਰ ਕੋਈ ਮੈਂਬਰ ਨਿੱਜੀ ਤੌਰ ’ਤੇ ਕਿਸੇ ਵੀ ਧਰਮ ਵਿੱਚ ਵਿਸ਼ਵਾਸ਼ ਜਾਂ ਅਵਿਸ਼ਵਾਸ਼ ਕਰਨ ਲਈ ਆਜ਼ਾਦ ਸੀ।

ਹਿੰਦੂ ਮੁਸਲਿਮ ਏਕਤਾ ’ਤੇ ਉਹ ਖਾਸ ਤੌਰ ’ਤੇ ਜ਼ੋਰ ਦਿੰਦੇ ਸਨ। ਉਹ ਬਰਤਾਨਵੀ ਹਾਕਮਾਂ ’ਤੇ ਉਹਨਾਂ ਦੇ ਦੇਸੀ ਝੋਲੀ-ਚੁੱਕਾਂ ਦੀ ਧਰਮ ਦੇ ਨਾਂ ’ਤੇ ਲੋਕਾਂ ਨੂੰ ਪਾੜਨ ਦੀ ਨੀਤੀ ਤੋਂ ਭਲੀ-ਭਾਂਤ ਜਾਣੂ ਸਨ ਅਤੇ ਇਸਦੀ ਰੱਜ ਕੇ ਨਿਖੇਧੀ ਕਰਦੇ ਸਨ।

### ਕੋਈ ਜਾਤ-ਰੰਗ ਭੇਦ ਨਹੀਂ

ਪਾਰਟੀ ਦਫਤਰ ਯੁਗਾਂਤਰ ਆਸ਼ਰਮ ਵਿੱਚ ਸਾਰੇ ਦੇ ਸਾਰੇ ਇਕੱਠੇ ਬੈਠ ਕੇ ਖਾਣਾ ਖਾਂਦੇ ਸਨ। ਭਾਰਤ ਦੀ ਏਕਤਾ ਤੇ ਕੌਮੀ ਮੁਕਤੀ-ਇਹੀ ਦੋ ਮੁੱਲਵਾਨ ਸਿਧਾਂਤ ਉਹਨਾਂ ਦੇ ਮਾਰਗ ਦਰਸ਼ਕ ਸਨ। ਦੇਸ਼ ਦੀ ਆਜ਼ਾਦੀ, ਸਨਅਤੀਕਰਨ, ਖੇਤੀ ਦਾ ਵਿਕਾਸ, ਭੁੱਖਮਰੀ ਅਤੇ ਗਰੀਬੀ ਦਾ ਖਾਤਮਾ ਸਭ ਦੇ ਸਾਂਝੇ ਸਰੋਕਾਰ ਸਨ। ਗਦਰ ਦੀ ਇੱਕ ਪ੍ਰਸਿੱਧ ਕਵਿਤਾ ਜਾਤ-ਪਾਤ ਦੀ ਇਵੇਂ ਨਿੰਦਾ ਕਰਦੀ ਹੈ—

ਜਾਤ ਪਾਤ ਦੀਨ ਅਸੀਂ ਨਹੀਂ ਪਛਾਣਦੇ,<br>
ਗਲ ਰੋਟੀ, ਪੇਟ ਦੀ ਅੱਗੇ ਰਖਾਂਵਦੇ<br>
ਮਿਹਨਤੀ ਮੁਸ਼ੱਕਤੀ ਜਿਨ੍ਹਾਂ ਦੇ ਸਾਥੀ ਨੇ,<br>
ਉਹਨਾਂ ਕਾਹਨੂੰ ਬੰਨਣੇ ਸਫੇਦ ਹਾਥੀ ਨੇ<br>
ਝੰਡਾ ਏਕਤਾ ਦਾ ਨਵਾਂ ਅਸੀਂ ਗੱਡਿਆ,<br>
ਨਰ-ਨਾਰ ਸਾਡੇ ਵੱਲ ਆਵੇ ਭੱਜਿਆ।

### ਕੌਮਾਂਤਰੀ ਖਾਸਾ

ਗਦਰ ਪਾਰਟੀ ਸਾਰੀਆਂ ਬਸਤੀਆਂ ਦੀ ਆਜ਼ਾਦੀ ਦੀ ਹਮਾਇਤ ਕਰਦੀ ਸੀ। ਇਸੇ ਨਜ਼ਰੀਏ ਤੋਂ ‘ਗਦਰ’ ਨੇ ਇੱਕ ਲੇਖ ਵਿੱਚ ਲਿਖਿਆ — ‘ਓ ਭਰਾਵੋ! ਚੀਨ ਵਿਰੁੱਧ ਨਾ ਲੜੋ। ਦੁਸ਼ਮਣ ਤੋਂ ਬਚੋ। ਦੁਸ਼ਮਣ ਭਰਾਵਾਂ ਵਿੱਚ ਪਾਟਕ ਪਾ ਕੇ ਉਹਨਾਂ ਨੂੰ ਇੱਕ ਦੂਜੇ ਤੋਂ ਮਰਵਾਉਂਦਾ ਹੈ।’

ਗਦਰ ਪਾਰਟੀ ਦੇ ਸੰਸਾਰ ਦੇ ਸਨਅਤੀ ਕਾਮਿਆਂ ਦੀ ਜੱਥੇਬੰਦੀ ਆਈ.ਡਬਲਿਉ.ਡਬਲਿਉ. ਨਾਲ਼ ਨਜ਼ਦੀਕੀ ਸਬੰਧ ਸਨ। ਭਾਰਤੀ ਬਾਸ਼ਿੰਦਿਆਂ ਵਿੱਚੋਂ ਬਖਸ਼ੀਸ਼ ਸਿੰਘ ਇਸ ਦਾ ਪਹਿਲਾ ਮੈਂਬਰ ਬਣਿਆ।

ਆਇਰਲੈਂਡ ਦੇ ਸੁਤੰਤਰਤਾ ਸੰਗਰਾਮੀਆਂ ਨਾਲ਼ ਗਦਰ ਪਾਰਟੀ ਦੇ ਮੈਂਬਰਾਂ ਦਾ ਨਿਕਟਵਰਤੀ ਸਹਿਯੋਗ ਸੀ, ਉਹਨਾਂ ਨਾਲ਼ ਤਾਂ ‘ਇੱਕ ਤਰ੍ਹਾਂ ਇਨਕਲਾਬੀ ਭਾਈਚਾਰਾ ਬਣ ਗਿਆ ਸੀ।’

## ਲਾਲਾ ਹਰਦਿਆਲ ਨੂੰ ਅਮਰੀਕਾ ’ਚੋਂ ਦੇਸ਼ ਨਿਕਾਲਾ ਅਤੇ ਕਾਮਾਗਾਟਾਮਾਰੂ ਕਾਂਡ

ਅਮਰੀਕਾ ਅਤੇ ਕੈਨੇਡਾ ਵਿੱਚ ਇਨਕਲਾਬੀ ਉਭਾਰ ਸਿਖਰਾਂ ਛੋਹ ਰਿਹਾ ਸੀ। ਰੋਜ਼ ਨਵੇਂ ਮਜ਼ਦੂਰ ਗਦਰ ਪਾਰਟੀ ਵਿੱਚ ਸ਼ਾਮਲ ਹੋ ਰਹੇ ਸਨ। ਬਰਤਾਨਵੀ ਹਕੂਮਤ ਨੂੰ ਗਦਰ ਪਾਰਟੀ ਦੀਆਂ ਸਰਗਰਮੀਆਂ ਦੀਆਂ ਬਾਕਾਇਦਾ ਰਿਪੋਰਟਾਂ ਮਿਲ ਰਹੀਆਂ ਸਨ। ‘ਗਦਰ’ ਅਖਬਾਰ ਸ਼ਰੇਆਮ ਭਾਰਤੀ ਲੋਕਾਂ ਖਾਸ ਕਰਕੇ ਭਾਰਤੀ ਫੌਜੀਆਂ ਨੂੰ ਬਰਤਾਨਵੀ ਹਕੂਮਤ ਖਿਲਾਫ਼ ਬਗਾਵਤ ਕਰਨ ਲਈ ਪ੍ਰੇਰ ਰਿਹਾ ਸੀ। ਇਸ ਸਭ ਨੂੰ ਦੇਖਦੇ ਹੋਏ, ਬਰਤਾਨੀਆ ਸਰਕਾਰ ਨੇ ਅਮਰੀਕੀ ਸੂਬੇ ਕੈਲੇਫੋਰਨੀਆ ਦੀ ਸਰਕਾਰ ਤੋਂ ਲਾਲਾ ਹਰਦਿਆਲ ਦੇ ਦੇਸ਼ ਨਿਕਾਲੇ ਦੇ ਵਾਹੰਦ ਜਾਰੀ ਕਰਵਾ ਦਿੱਤੇ। 25 ਮਾਰਚ 1914 ਨੂੰ ਅਮਰੀਕੀ ਸਰਕਾਰ ਨੇ ਲਾਲਾ ਹਰਦਿਆਲ ਨੂੰ ਗ੍ਰਿਫ਼ਤਾਰ ਕਰ ਲਿਆ, ਪਰ ਗਦਰੀਆਂ ਨੇ 1000 ਡਾਲਰ ਦੀ ਜਮਾਨਤ ਅਦਾ ਕਰ ਕੇ ਲਾਲਾ ਹਰਦਿਆਲ ਨੂੰ 10 ਅਪ੍ਰੈਲ ਨੂੰ ਛੁਡਾ ਲਿਆ ਅਤੇ ਉਹਨਾਂ ਨੂੰ ਅਮਰੀਕਾ ਵਿੱਚੋਂ ਕੱਢ ਕੇ ਸਵਿਟਜ਼ਰਲੈਂਡ ਪੁਚਾ ਦਿੱਤਾ। ਇਸ ਤੋਂ ਬਾਅਦ ਲਾਲਾ ਹਰਦਿਆਲ ਦਾ ਗਦਰ ਪਾਰਟੀ ਨਾਲ਼ ਕੋਈ ਸਬੰਧ ਨਾ ਬਣ ਸਕਿਆ। ਹਰਨਾਮ ਸਿੰਘ ਕੋਟਲਾ ਨੂੰ ‘ਗਦਰ’ ਦਾ ਸੰਪਾਦਕ ਬਣਾ ਦਿੱਤਾ ਗਿਆ ਅਤੇ ਸਰਾਭੇ ਜਿਹੇ ਨੌਜਵਾਨਾਂ ਨੇ ਅੱਗੇ ਹੋ ਕੇ ਕੰਮ ਸੰਭਾਲ ਲਿਆ, ਪਰ ਇਸ ਘਟਨਾ ਨੇ ਭਾਰਤੀਆਂ ਦੇ ਦਿਲਾਂ ਵਿੱਚ ਨਫ਼ਰਤ ਹੋਰ ਵੀ ਵਧਾ ਦਿੱਤੀ ਅਤੇ ਰਹਿੰਦੀ ਕਸਰ ਕਾਮਾਗਾਟਾਮਾਰੂ ਜਹਾਜ਼ ਕਾਂਡ ਨੇ ਪੂਰੀ ਕਰ ਦਿੱਤੀ ਸੀ। ਹੁਣ ਭਾਰਤੀ ਪਰਵਾਸੀ ਨਫਰਤ ਅਤੇ ਗੁੱਸੇ ਨਾਲ਼ ਉਬਲ ਰਹੇ ਸਨ ਅਤੇ ਆਪਣੀਆਂ ਜਾਨਾਂ ਵਾਰ ਕੇ ਭਾਰਤ ਨੂੰ ਬਰਤਾਨਵੀ ਗੁਲਾਮੀ ਤੋਂ ਆਜ਼ਾਦ ਕਰਵਾਉਣ ਲਈ ਪਰ ਤੋਲਣ ਲੱਗੇ ਸਨ।

ਕਾਮਾਗਾਟਾਮਾਰੂ ਇੱਕ ਜਾਪਾਨੀ ਸਮੁੰਦਰੀ ਸਫ਼ਰੀ ਜਹਾਜ ਸੀ, ਜਿਸ ਨੂੰ ਇੱਕ ਸਿੱਖ ਗੁਰਦਿੱਤ ਸਿੰਘ ਨੇ, ਨਿੱਜੀ ਤੌਰ ’ਤੇ ਕਿਰਾਏ ਉੱਪਰ ਲਿਆ ਸੀ। ਗੁਰਦਿੱਤ ਸਿੰਘ ਇਸ ਤਰ੍ਹਾਂ ਭਾਰਤੀਆਂ ਨੂੰ ਕੈਨੇਡਾ ਸਰਕਾਰ ਦੀਆਂ ਸ਼ਰਤਾਂ ਨੂੰ ਪੂਰਾ ਕਰਦੇ ਹੋਏ ਉੱਥੇ ਪਹੁੰਚਾਉਣਾ ਚਾਹੁੰਦਾ ਸੀ, ਪਰ ਉਸ ਨੂੰ ਨਹੀਂ ਪਤਾ ਸੀ ਕਿ ਕਾਨੂੰਨ ਤਾਂ ਸਿਰਫ਼ ਬਹਾਨਾ ਹਨ। ਅਸਲ ਵਿੱਚ ਬਰਤਾਨਵੀ ਤੇ ਕੈਨੇਡਾ ਸਰਕਾਰਾਂ ਚਾਹੁੰਦੀਆਂ ਹੀ ਨਹੀਂ ਸਨ ਕਿ ਭਾਰਤੀ ਮਜ਼ਦੂਰ ਕੈਨੇਡਾ ਵਿੱਚ ਰਹਿਣ।

ਕਾਮਗਾਟਾਮਾਰੂ ਜਹਾਜ਼ 4 ਅਪ੍ਰੈਲ ,1914 ਨੂੰ ਹਾਂਗਕਾਂਗ ਤੋਂ ਤੁਰਿਆ ਅਤੇ 21-23 ਮਈ ਵਿਚਕਾਰ ਵੈਨਕੂਵਰ ਜਾ ਲੱਗਿਆ, ਪਰ ਕੈਨੇਡਾ ਸਰਕਾਰ ਨੇ ਮੁਸਾਫਰਾਂ ਨੂੰ ਉਤਰਨ ਤੋਂ ਮਨ੍ਹਾ ਕਰ ਦਿੱਤਾ। ਜਹਾਜ਼ ਨੂੰ ਗਸ਼ਤੀ ਕਿਸ਼ਤੀਆਂ ਨੇ ਘੇਰ ਲਿਆ ਅਤੇ ਕਿਸੇ ਵੀ ਆਦਮੀ ਦੇ ਅੰਦਰ ਬਾਹਰ ਆਉਣ ਦੀ ਮੁਕੰਮਲ ਪਾਬੰਦੀ ਕਰ ਦਿੱਤੀ ਗਈ। ਗੁਰਦਿੱਤ ਸਿੰਘ ਨੇ ਆਪਣੇ ਵਕੀਲ ਐਡਵਰਡ ਬਰਡ ਰਾਹੀਂ ਅਦਾਲਤਾਂ ਅਤੇ ਸਰਕਾਰ ਕੋਲ਼ ਮਾਮਲਾ ਉਠਾਇਆ ਪਰ ਕਿਤੋਂ ਵੀ ਮੁਸਾਫਿਰਾਂ ਦੀ ਸੁਣਵਾਈ ਨਹੀਂ ਹੋਈ। ਉੱਧਰ ਅੱਠ ਹਫਤਿਆਂ ਤੋਂ ਘੇਰੇ ਹੋਏ ਜਹਾਜ਼ ਵਿੱਚ ਯਾਤਰੀਆਂ ਦੀ ਭੁੱਖ ਨਾਲ਼ ਬੁਰੀ ਹਾਲਤ ਹੋ ਰਹੀ ਸੀ। ਯਾਤਰੀਆਂ ਨੇ ਬੜੇ

ਹੌਂਸਲੇ ਨਾਲ਼ ਪੁਲੀਸ 'ਤੇ ਹਮਲਾ ਕਰ ਦਿੱਤਾ, ਉਹਨਾਂ ਦੀ ਗਸ਼ਤੀ ਕਿਸ਼ਤੀ ਤੋੜ ਦਿੱਤੀ ਅਤੇ ਪੁਲੀਸ ਦੇ ਵੱਡੇ ਅਫਸਰ ਜ਼ਖ਼ਮੀ ਕਰ ਦਿੱਤੇ। ਇਸ ਤੋਂ ਬਾਅਦ ਕੈਨੇਡੀਅਨ ਅਧਿਕਾਰੀਆਂ ਨੇ ਜੰਗੀ ਬੇੜੇ 'ਰੇਨਬੋ' ਨੂੰ ਕਾਮਾਗਾਟਾਮਾਰੂ 'ਤੇ ਹਮਲਾ ਕਰਨ ਲਈ ਬੁਲਾ ਲਿਆ।

ਆਖ਼ਰਕਾਰ ਯਾਤਰੀਆਂ ਨੇ ਰਸ਼ਦ-ਪਾਣੀ ਮਿਲਣ ਦੀ ਸ਼ਰਤ 'ਤੇ ਵਾਪਸ ਮੁੜਨਾ ਮੰਨ ਲਿਆ। 23 ਜੁਲਾਈ, 1914 ਨੂੰ ਦੋ ਮਹੀਨੇ ਦੀ ਨਜ਼ਰਬੰਦੀ ਤੋਂ ਬਾਅਦ, ਕਾਮਾਗਾਟਾਮਾਰੂ ਭਾਰਤ ਵੱਲ ਵਾਪਸ ਚੱਲ ਪਿਆ। ਬਰਤਾਨਵੀ ਤੇ ਕੈਨੇਡੀਅਨ ਸਰਕਾਰ ਦੇ ਰਵੱਈਏ ਤੋਂ ਅੱਕੇ ਯਾਤਰੀ ਸਬਕ ਸਿੱਖ ਚੁੱਕੇ ਸਨ। 16 ਅਗਸਤ ਨੂੰ ਯੋਕੋਗਾਮਾ (ਜਾਪਾਨ) ਪੁੱਜਣ 'ਤੇ ਸੋਹਣ ਸਿੰਘ ਭਕਨਾ ਨੇ ਯਾਤਰੀਆਂ ਕੋਲ਼ ਪਿਸਤੌਲ ਤੇ ਗੋਲ਼ੀ ਸਿੱਕਾ ਪਹੁੰਚਦਾ ਕਰ ਦਿੱਤਾ।

ਇਸੇ ਦੌਰਾਨ ਬਰਤਾਨੀਆ ਪਹਿਲੀ ਸੰਸਾਰ ਜੰਗ ਵਿੱਚ ਸ਼ਾਮਿਲ ਹੋ ਚੁੱਕਾ ਸੀ ਅਤੇ ਪੰਜਾਬ ਵਿੱਚੋਂ ਧੜਾਧੜ ਫੌਜੀ ਭਰਤੀ ਹੋ ਰਹੀ ਸੀ। ਅਜਿਹੀ ਹਾਲਤ ਵਿੱਚ ਕਾਮਾਗਾਟਾਮਾਰੂ ਦੇ ਯਾਤਰੀਆਂ ਦਾ ਬਰਤਾਨਵੀ ਬਸਤੀਆਂ ਵਿੱਚ ਪਹੁੰਚਣਾ ਕਿਸੇ ਵੀ ਸਿਆਸੀ ਅੰਦੋਲਨ ਨੂੰ ਜਨਮ ਦੇ ਸਕਦਾ ਸੀ। ਜਹਾਜ਼ ਵਿੱਚ ਸਵਾਰ 321 ਯਾਤਰੀ 'ਬੇਚੈਨ ਤੇ ਰੁੱਸੇ ਹੋਏ' ਚਿੰਗਾੜੀ ਛੇੜ ਦੇਣ ਵਾਲੇ 'ਸ਼ਰਾਰਤੀ ਅਨਸਰ' ਬਣ ਗਏ ਸਨ। ਜਪਾਨ ਤੋਂ ਜਹਾਜ਼ ਸਿੱਧਾ ਕਲਕੱਤੇ ਵੱਲ ਤੁਰ ਪਿਆ ਅਤੇ 26 ਸਤੰਬਰ ਰਾਤ ਨੂੰ ਕਲਕੱਤੇ ਪਹੁੰਚ ਗਿਆ। ਦੋ ਦਿਨ ਤੱਕ ਯਾਤਰੀਆਂ ਤੇ ਜਹਾਜ਼ ਦੀ ਤਲਾਸ਼ੀ ਚੱਲਦੀ ਰਹੀ। ਇਸ ਨੇ ਯਾਤਰੀਆਂ ਵਿੱਚ ਹੋਰ ਗੁੱਸਾ ਭਰ ਦਿੱਤਾ। 29 ਸਤੰਬਰ ਨੂੰ ਬਜਬਜ ਘਾਟ 'ਤੇ ਪਹੁੰਚਣ ਤੋਂ ਬਾਅਦ ਦੁਬਾਰਾ ਤਲਾਸ਼ੀ ਲਈ ਗਈ ਅਤੇ ਸਾਰੇ ਯਾਤਰੀਆਂ ਨੂੰ ਪੰਜਾਬ ਜਾਣ ਲਈ ਸਪੈਸ਼ਲ ਗੱਡੀ ਵਿੱਚ ਬੈਠਣ ਦਾ ਹੁਕਮ ਸੁਣਾ ਦਿੱਤਾ ਗਿਆ। ਪਰ ਯਾਤਰੀਆਂ ਨੇ ਕਲਕੱਤੇ ਸ਼ਹਿਰ ਜਾਣ ਦੀ ਜਿੱਦ ਕੀਤੀ, ਇਸ 'ਤੇ ਉਹਨਾਂ ਦੀ ਪੁਲੀਸ ਨਾਲ਼ ਝੜੱਪ ਹੋ ਗਈ। ਬਰਤਾਨਵੀ ਪੁਲੀਸ ਨੇ ਲੱਗਭਗ ਨਿਹੱਥੇ ਬੇਕਸੂਰ ਯਾਤਰੀਆਂ 'ਤੇ ਨੇੜਿਓਂ 177 ਗੋਲੀਆਂ ਚਲਾਈਆਂ। 18 ਮੁਸਾਫ਼ਿਰ ਸ਼ਹੀਦ ਹੋ ਗਏ ਅਤੇ ਬਾਕੀਆਂ ਨੂੰ ਫੜ ਕੇ ਜੇਲ੍ਹੀਂ ਡੱਕ ਦਿੱਤਾ ਗਿਆ। ਗੁਰਦਿੱਤ ਸਿੰਘ ਸਣੇ ਕੋਈ 30 ਯਾਤਰੀ ਪੁਲੀਸ ਨੂੰ ਚਕਮਾ ਦੇ ਕੇ ਫਰਾਰ ਹੋ ਗਏ।

## ਭਾਰਤ ਵੱਲ ਵਹੀਰਾਂ ਅਤੇ ਗ੍ਰਿਫ਼ਤਾਰੀਆਂ

ਅਗਸਤ ਦੇ ਪਹਿਲੇ ਹਫ਼ਤੇ ਬਰਤਾਨੀਆ ਜਰਮਨੀ ਖਿਲਾਫ਼ ਪਹਿਲੀ ਸਾਮਰਾਜੀ ਸੰਸਾਰ ਜੰਗ ਵਿੱਚ ਕੁੱਦ ਪਿਆ। ਗਦਰੀ ਪਹਿਲਾਂ ਹੀ ਇਸ ਸੰਭਾਵਨਾ ਬਾਰੇ ਸੋਚ ਚੁੱਕੇ ਸਨ ਅਤੇ ਜੰਗ ਦਾ ਫਾਇਦਾ ਲੈ ਕੇ ਬਰਤਾਨਵੀ ਹਕੂਮਤ ਦਾ ਤਖਤਾ ਉਲਟਾਉਣ ਦੀ ਤਾਕ ਵਿੱਚ ਸਨ। ਸਪਤਾਹਿਕ 'ਗਦਰ' ਨੇ ਪਹਿਲਾਂ ਹੀ, ਭਾਰਤ ਵਾਪਸ ਕੇ ਹਥਿਆਰ ਚੁੱਕਣ ਲਈ ਮੁਹਿੰਮ ਸ਼ੁਰੂ ਕੀਤੀ ਹੋਈ ਸੀ। ਗਦਰ ਪਾਰਟੀ ਦੀ ਮੈਂਬਰਸ਼ਿਪ 12000 ਨੂੰ ਪੁੱਜ ਚੁੱਕੀ ਸੀ। 'ਗਦਰ' ਅਖ਼ਬਾਰ ਦੀਆਂ ਅਪੀਲਾਂ 'ਤੇ ਫੁੱਲ ਚੜ੍ਹਾਉਂਦੇ ਹੋਏ ਸੈਂਕੜੇ ਲੋਕਾਂ ਨੇ ਭਾਰਤ ਵੱਲ ਨੂੰ ਚਾਲੇ ਪਾ ਦਿੱਤੇ। ਆਪਣਾ ਸਭ ਕੁਝ ਪਾਰਟੀ ਦਫਤਰ ਜਮ੍ਹਾ ਕਰਵਾ ਕੇ ਜਿਸ ਨੂੰ ਜਿਹੜਾ ਜਹਾਜ਼ ਮਿਲਿਆ, ਭਾਰਤ ਵੱਲ ਨੂੰ ਵਹੀਰਾ ਘੱਤ ਦਿੱਤੀਆਂ।

ਪਰ ਬਰਤਾਨਵੀ ਸਰਕਾਰ ਨੂੰ ਪਹਿਲਾਂ ਹੀ ਸਭ ਕੁਝ ਪਤ ਚੱਲ ਚੁੱਕਿਆ ਸੀ। ਉਸਨੇ ਗਦਰੀਆਂ ਨੂੰ ਗ੍ਰਿਫ਼ਤਾਰ ਕਰਨ ਅਤੇ ਜੇਲ੍ਹੀਂ ਡੱਕਣ ਦੇ ਮੁਕੰਮਲ ਬੰਦੋਬਸਤ ਕਰ ਰੱਖੇ ਸਨ। ਜਦੋਂ ਇਸ ਸਖਤਾਈ ਦਾ ਪਤਾ ਗਦਰੀਆਂ ਨੂੰ ਲੱਗਿਆ ਤਾਂ ਉਹਨਾਂ ਨੂੰ ਆਪਣੇ ਥੋੜ੍ਹੇ ਬਹੁਤ ਹਥਿਆਰ ਵੀ ਸਮੁੰਦਰ ਵਿੱਚ ਸੁੱਟਣੇ ਪਏ ਤਾਂ ਕਿ ਘਾਟ ਤੇ ਉੱਤਰਦਿਆਂ ਹੀ ਗ੍ਰਿਫ਼ਤਾਰੀ ਤੋਂ ਬਚਿਆ ਜਾ ਸਕੇ। ਬਰਤਾਨਵੀ ਸਰਕਾਰ ਨੇ ਆਪਣੇ ਜਾਸੂਸਾਂ ਦੀ ਮਦਦ ਨਾਲ਼, ਜਿਹਨਾਂ 'ਚੋਂ ਕਈ ਗਦਰ ਪਾਰਟੀ ਵਿੱਚ ਸ਼ਾਮਿਲ ਹੋ ਚੁੱਕੇ ਸਨ, ਸਾਰੇ ਗਦਰੀ ਆਗੂਆਂ ਦੀ ਨਿਸ਼ਾਨਦੇਹੀ ਕਰ ਰੱਖੀ ਸੀ। ਪਾਰਟੀ ਨੇ ਖੁਦ ਵੀ ਆਪਣਾ ਅੰਦੋਲਨ ਅਤੇ ਆਦਰਸ਼ ਲੁਕਾ ਕੇ ਨਹੀਂ ਰੱਖੇ ਸਨ ਅਤੇ ਨਾ ਹੀ ਹਿੰਦੋਸਤਾਨ ਵਾਪਸ ਮੁੜਨ ਦਾ ਫੈਸਲਾ ਹੀ ਖੁਫੀਆ ਰੱਖਿਆ ਗਿਆ ਸੀ। ਸਾਰੀਆਂ ਮੁੱਖ ਬੰਦਰਗਾਹਾਂ 'ਤੇ ਪੁਲੀਸ ਦੀ ਭਾਰੀ ਤੈਨਾਤੀ ਕਰ ਦਿੱਤੀ ਗਈ ਅਤੇ ਸੂਹੀਏ ਪਰਛਾਵੇਂ ਵਾਂਗ ਗਦਰੀਆਂ ਦਾ ਪਿੱਛਾ ਕਰ ਰਹੇ ਸਨ।

ਪਾਰਟੀ ਪ੍ਰਧਾਨ ਸੋਹਣ ਸਿੰਘ ਭਕਨਾ ਨੇ ਕੁਝ ਹੋਰ ਸਾਥੀਆਂ ਸਮੇਤ ਜਿਹਨਾਂ ਵਿੱਚ ਜਵਾਲਾ ਸਿੰਘ, ਕੇਸਰ ਸਿੰਘ, ਹਰਨਾਮ ਸਿੰਘ, ਜਗਤ ਸਿੰਘ ਨੂੰ ਉਤਰਨ ਸਾਰ ਹੀ ਗ੍ਰਿਫਤਾਰ ਕਰਕੇ ਜੇਲ੍ਹੀਂ ਡੱਕ ਦਿੱਤਾ ਗਿਆ।

ਇਸੇ ਤਰ੍ਹਾਂ 28 ਅਕਤੂਬਰ ਨੂੰ ਜਾਪਾਨੀ ਜਹਾਜ਼ ਆਰ.ਐਸ. ਮਾਰੂ ਰਾਹੀਂ 172 ਹਿੰਦੋਸਤਾਨੀ, ਜਿਹਨਾਂ 'ਚੋਂ ਬਹੁਤੇ ਗਦਰੀ ਸਨ, ਨੂੰ ਗ੍ਰਿਫਤਾਰ ਕਰਕੇ ਮਿੰਟਗੁਮਰੀ ਅਤੇ ਮੁਲਤਾਨ ਦੀਆਂ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ ਗਿਆ। ਭਾਵੇਂ ਕਰਤਾਰ ਸਿੰਘ ਸਰਾਭਾ, ਵੀ. ਜੇ. ਪਿੰਗਲੇ, ਹਰਨਾਮ ਸਿੰਘ ਟੁੰਡੀਲਾਟ ਅਤੇ ਪੰਡਿਤ ਕਾਂਸ਼ੀ ਰਾਮ ਜਿਹੇ ਗਦਰੀ ਪੁਲੀਸ ਨੂੰ ਚਕਮਾ ਦੇ ਕੇ ਭਾਰਤ ਵਿੱਚ ਦਾਖਲ ਹੋਣ ਵਿੱਚ ਕਾਮਯਾਬ ਹੋ ਗਏ, ਪਰ ਵੱਡੇ ਪੱਧਰ 'ਤੇ ਪਾਰਟੀ ਲੀਡਰਾਂ ਦੀ ਗ੍ਰਿਫਤਾਰੀ ਨੇ ਆਰੰਭ ਵਿੱਚ ਹੀ ਲਹਿਰ ਨੂੰ ਵੱਡੀ ਸੱਟ ਮਾਰ ਦਿੱਤੀ।

ਸੰਸਾਰ ਜੰਗ ਦੇ ਆਰੰਭਿਕ ਕੁਝ ਮਹੀਨਿਆਂ ਵਿੱਚ 3125 ਪੰਜਾਬੀ ਵਿਦੇਸ਼ਾਂ ਤੋਂ ਵਾਪਸ ਮੁੜੇ, ਇਹਨਾਂ 'ਚੋਂ 1000 ਨੂੰ ਜਾਂ ਤਾਂ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ ਗਿਆ ਜਾਂ ਪਿੰਡਾਂ ਵਿੱਚ ਜੂਹਬੰਦ ਕਰ ਦਿੱਤਾ ਗਿਆ। ਇਸ ਤੋਂ ਵੀ ਗਦਰੀਆਂ ਨੂੰ ਲੱਗੀ ਆਰੰਭਕ ਵੱਡੀ ਸੱਟ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ।

## ਭਾਰਤ ਪਹੁੰਚ ਕੇ ਹੋਏ ਐਕਸ਼ਨ

ਬਹੁਤ ਸਾਰੇ ਪ੍ਰਮੁੱਖ ਆਗੂਆਂ ਦੀ ਗ੍ਰਿਫਤਾਰੀ ਨੇ ਪਾਰਟੀ ਨੂੰ ਇਕਦਮ ਕਾਰਜਕਾਰੀ ਕੇਂਦਰ ਤੋਂ ਮਹਿਰੂਮ ਕਰ ਦਿੱਤਾ। ਉੱਤੋਂ ਬਚੇ ਹੋਏ ਗਦਰੀਆਂ ਕੋਲ਼ ਹਥਿਆਰ ਅਤੇ ਪੈਸਾ ਨਾ ਮਾਤਰ ਹੀ ਰਹਿ ਗਿਆ ਸੀ ਅਤੇ ਉਹਨਾਂ ਕੋਲ਼ ਜੋ ਵੀ ਜਾਇਦਾਦ ਸੀ, ਉਹ ਸਾਂਨਫ੍ਰਾਂਸਿਸਕੋ ਦੇ ਦਫ਼ਤਰ ਵਿੱਚ ਜਮ੍ਹਾਂ ਕਰਵਾ ਆਏ ਸਨ। ਕਾਰਜਕਾਰੀ ਕੇਂਦਰ ਦੀ ਸਥਾਪਨਾ, ਵਿਉਂਤਬੰਦੀ, ਕੰਮਾਂ-ਕਾਰਾਂ ਦਾ ਤਾਲਮੇਲ਼, ਹਥਿਆਰਾਂ ਅਤੇ ਪੈਸੇ ਦਾ ਬੰਦੋਬਸਤ ਆਦਿ ਕਰਨ ਦਾ ਭਾਰ ਪਾਰਟੀ ਦੇ ਕੁਝ ਬਚੇ ਹੋਏ ਆਗੂਆਂ 'ਤੇ ਆ ਪਿਆ, ਜਿਹਨਾਂ 'ਚੋਂ ਮੁੱਖ ਸਨ—ਕਰਤਾਰ ਸਿੰਘ ਸਰਾਭਾ, ਪ੍ਰਿਥਵੀ ਸਿੰਘ, ਹਰਨਾਮ ਸਿੰਘ ਟੁੰਡੀਲਾਟ, ਰਹਿਮਤ ਅਲੀ, ਜਗਤ ਰਾਮ, ਪੰਡਿਤ ਕਾਸ਼ੀ ਰਾਮ ਅਤੇ ਨਿਧਾਨ ਸਿੰਘ ਚੁੱਘਾ।

ਉਸ ਸਮੇਂ ਦੇ ਭਾਰਤ ਦਾ ਮਾਹੌਲ, ਖਾਸ ਕਰਕੇ ਪੰਜਾਬ

ਦਾ ਮਾਹੌਲ ਸਿਆਸੀ ਤੌਰ ’ਤੇ ਬੇਹੱਦ ਠੰਡਾ ਸੀ ਅਤੇ ਸਭ ਪਾਸੇ ਬਰਤਾਨਵੀ ਸਮਾਜ ਦੀ ਚਮਚਾਗਿਰੀ ਦਾ ਮਾਹੌਲ ਸੀ। ਦੇਸ਼ ਦੇ ਲੱਗਭਗ ਸਾਰੇ ਵੱਡੇ ਨੇਤਾ ਸੰਸਾਰ ਜੰਗ ਵਿੱਚ ਬਰਤਾਨਵੀਆਂ ਦੀ ਹਮਾਇਤ ਦੀਆਂ ਗੁਹਾਰਾਂ ਲਗਾ ਰਹੇ ਸਨ। ਇਸ ਤਰ੍ਹਾਂ ਦੇ ਮਾਹੌਲ ਵਿੱਚ ਇਨਕਲਾਬੀ ਕੰਮ ਹੋਰ ਵੀ ਔਖੇ ਹੋ ਗਏ ਸਨ। ਪਰ ਗਦਰੀਆਂ ਨੇ ਤਾਂ ਜਾਨਾਂ ਤਲੀਆਂ ’ਤੇ ਰੱਖ ਛੱਡੀਆਂ ਸਨ। ਉਹਨਾਂ ਨੇ ਜਲਦੀ ਜਲਦੀ ਕਾਰਜਕਾਰੀ ਕੇਂਦਰ ਕਾਇਮ ਕਰਕੇ ਪ੍ਰੋਗਰਾਮ ਵਿਉਂਤਬੱਧ ਕੀਤਾ—

ਭਾਰਤੀ ਫੌਜੀਆਂ ਨੂੰ ਆਪਣੇ ਵੱਲ ਕਰਨਾ, ਸਰਕਾਰੀ ਅਫ਼ਸਰਾਂ ’ਤੇ ਟਾਉਟਾਂ ਦਾ ਕਤਲ ਕਰਨਾ, ਸਿਆਸੀ ਅਤੇ ਹੋਰ ਕੈਦੀਆਂ ਦੀ ਰਿਹਾਈ ਲਈ ਜੇਲ੍ਹਾਂ ਤੋੜਨੀਆਂ, ਸਰਕਾਰੀ ਖਜਾਨਿਆਂ ਨੂੰ ਲੁੱਟਣਾ, ਹਥਿਆਰ ਪ੍ਰਾਪਤ ਕਰਨੇ ਅਤੇ ਬੰਬ ਬਣਾਉਣੇ, ਰੇਲਵੇ ਤੇ ਡਾਕ-ਤਾਰ ਪ੍ਰਬੰਧ ਦੀ ਤਬਾਹੀ, ਲੋਕਾਂ ਖਾਸ ਕਰਕੇ ਨੌਜਵਾਨਾਂ ਨੂੰ ਇਨਕਲਾਬ ’ਚ ਸ਼ਾਮਲ ਹੋਣ ਲਈ ਪ੍ਰੇਰਨਾ।

ਇਹਨਾਂ ਸਾਰੇ ਕੰਮਾਂ ਲਈ ਧਨ ਦੀ ਲੋੜ ਸੀ ਅਤੇ ਫੰਡ ਇਕੱਠੇ ਕਰਨ ਦਾ ਕੋਈ ਵੱਡਾ ਜਰੀਆ ਬਣ ਨਹੀਂ ਰਿਹਾ ਸੀ। ਸੋ ਗਦਰੀਆਂ ਨੇ ਡਾਕੇ ਮਾਰਨ ਦਾ ਰੁੱਖ ਕੀਤਾ। ਇਹ ਫੈਸਲਾ ਹੋਇਆ ਕਿ ਡਾਕੇ ਸਿਰਫ਼ ਸਰਕਾਰੀ ਝੋਲੀ-ਚੁੱਕਾਂ ਅਤੇ ਸ਼ਾਹੂਕਾਰਾਂ ਦੇ ਘਰ ਮਾਰੇ ਜਾਣ।

ਇਸ ਵਿਉਂਤ ਅਧੀਨ ਗਦਰੀਆਂ ਨੇ ਸਾਹਨੇਵਾਲ, ਮਨਸੂਰਾਂ, ਝਨੀਰ, ਚੱਬੇ ਦੇ ਡਾਕਿਆਂ ਸਣੇ ਕਈ ਡਾਕੇ ਮਾਰੇ। ਪਰ ਡਾਕਿਆਂ ਨਾਲ਼ ਵੀ ਏਨਾ ਧੰਨ ਇਕੱਠਾ ਨਹੀਂ ਹੋਇਆ ਅਤੇ ਸਰਕਾਰ ਵੀ ਗਦਰੀਆਂ ਨੂੰ ਲੋਕਾਂ ਵਿੱਚ ਬਦਨਾਮ ਕਰਨ ਵਿੱਚ ਕਾਮਯਾਬ ਹੋ ਗਈ।

ਇਹਨਾਂ ਅਨੰਤ ਮੁਸ਼ਕਿਲਾਂ ਦੇ ਬਾਵਜੂਦ ਗਦਰੀਆਂ ਨੇ ਆਪਣਾ ਕੰਮ ਜਾਰੀ ਰੱਖਿਆ। ਫੌਜੀ ਛਾਉਣੀਆਂ ਨਾਲ਼ ਸੰਪਰਕ ਬਣਾਇਆ ਗਿਆ। ਭਾਰਤੀ ਫੌਜੀਆਂ ਵਿੱਚ ਬੇਚੈਨੀ ਛਾਈ ਹੋਈ ਸੀ। ਗਦਰ ਪਾਰਟੀ ਦੇ ਪ੍ਰਚਾਰ ਅਤੇ ਮੋਰਚੇ ਤੇ ਹੋ ਰਹੀ ਜਰਮਨੀ ਦੀ ਜਿੱਤ ਦੀਆਂ ਖਬਰਾਂ ਅਤੇ ਸਾਥੀਆਂ ਦੀਆਂ ਮੌਤਾਂ ਬਾਰੇ ਸੁਣ ਕੇ ਉਹ ਵੀ ਅੰਗਰੇਜ਼ਾਂ ਲਈ ਲੜਨ ਦੀ ਥਾਂ ਦੇਸ਼ ਲਈ ਲੜਦੇ ਹੋਏ ਮਰਨ ਬਾਰੇ ਸੋਚਣ ਲੱਗੇ ਸਨ। ਮੀਆਂਪੁਰ (ਲਾਹੌਰ) ਅਤੇ ਫਿਰੋਜਪੁਰ ਦੀਆਂ ਛਾਉਣੀਆਂ ਵਿਚਲੇ ਸਿਪਾਹੀ ਬਗਾਵਤ ਕਰਨ ਲਈ ਤਿਆਰ ਹੋ ਗਏ ਸਨ, ਪਰ ਇਸ ਸ਼ਰਤ ’ਤੇ ਕਿ ਬਗਾਵਤ ਦੀ ਸ਼ੁਰੂਆਤ ਇਨਕਲਾਬੀ ਕਰਨਗੇ ਤੇ ਉਹ ਬਾਅਦ ਵਿੱਚ ਸਾਥ ਆ ਜਾਣਗੇ। ਜਲੰਧਰ ਤੇ ਰਾਵਲਪਿੰਡੀ ਦੀਆਂ ਰਜਮੈਂਟਾਂ ਨੇ ਵੀ ਬਗਾਵਤ ਵਿੱਚ ਸ਼ਾਮਿਲ ਹੋਣ ਲਈ ਹਾਂ ਕਰ ਦਿੱਤੀ ਸੀ। ਫੈਸਲਾ ਹੋਇਆ ਕਿ ਇਨਕਲਾਬੀ ਛਾਉਣੀਆਂ ’ਤੇ ਹਮਲਾ ਕਰਨਗੇ ਅਤੇ ਫੌਜੀ ਆਪਣੇ ਹਥਿਆਰਾਂ ਸਮੇਤ ਉਹਨਾਂ ਨਾਲ਼ ਆ ਸ਼ਾਮਿਲ ਹੋਣਗੇ। ਪਰ ਹਥਿਆਰਾਂ ਦੀ ਘਾਟ ਹੋਣ ਵਜੋਂ ਇਹ ਪ੍ਰੋਗਰਾਮ ਕਈ ਵਾਰ ਮੁਲਤਵੀ ਕਰਨਾ ਪਿਆ। ਉੱਧਰ ਸਰਕਾਰ ਨੂੰ ਇਸ ਦੀ ਕੁਝ-ਕੁਝ ਭਿਣਕ ਲੱਗ ਚੁੱਕੀ ਸੀ ਅਤੇ ਉਸ ਨੇ ਕਿਰਪਾਲ ਸਿੰਘ ਜਿਹੇ ਗੱਦਾਰ ਪਾਰਟੀ ਵਿੱਚ ਫਿੱਟ ਕਰ ਦਿੱਤੇ ਸਨ। ਇੱਕ ਹੋਰ ਮੂਲਾ ਸਿੰਘ ਗ੍ਰਿਫਤਾਰੀ ਤੋਂ ਬਾਅਦ ਪੁਲੀਸ ਦਾ ਖਬਰੀ ਬਣ ਗਿਆ ਸੀ।

## ਇਨਕਲਾਬ ਨਾਲ਼ ਧ੍ਰੋਹ, ਸਰਕਾਰੀ ਦਮਨ ਅਤੇ ਨਾਕਾਮੀ

ਇੱਕ ਪਾਸੇ ਗਦਰੀਆਂ ਖਿਲਾਫ਼ ਚੋਰ-ਡਾਕੂ ਗਰਦਾਨ ਕੇ ਕੀਤਾ ਜਾ ਰਿਹਾ ਸਰਕਾਰੀ ਭੰਡੀ-ਪ੍ਰਚਾਰ ਜ਼ੋਰਾਂ ’ਤੇ ਸੀ ਦੂਜੇ ਪਾਸੇ ਚੀਫ਼ ਖਾਲਸਾ ਦੀਵਾਨ ਜਿਹੀਆਂ ਸੰਸਥਾਵਾਂ ਅੰਗਰੇਜ਼ਾਂ ਦੀ ਸੇਵਾ ਕਰਦੇ ਹੋਏ ਗਦਰੀ ਸਿੱਖਾਂ ਨੂੰ ਪੰਥ ਚੋਂ ਛੇਕ ਰਹੀਆਂ ਸਨ। ਲੜਾਈ ਅਸਾਵੀਂ ਹੋ ਚੱਲੀ ਸੀ।

ਫੇਰੂ ਸ਼ਹਿਰ ਲਾਗੇ ਇੱਕ ਮੁਕਾਬਲੇ ਵਿੱਚ ਦੋ ਗਦਰੀ ਮਾਰੇ ਗਏ। ਰਹਿਮਤ ਅਲੀ ਖਾਂ ਤੇ ਜੀਵਨ ਸਿੰਘ ਸਮੇਤ ਸੱਤ ਨੂੰ ਸਰਕਾਰ ਨੇ ਫਾਂਸੀ ਲਗਾ ਦਿੱਤਾ। ਬਾਕੀ ਬਚਿਆਂ ਵਿੱਚੋਂ ਪੰਜਾਂ ਨੂੰ ਪੰਜ-ਪੰਜ ਸਾਲ ਦੀ ਕੈਦ ਅਤੇ ਇੱਕ ਨੂੰ ਤਿੰਨ ਸਾਲ ਦੀ ਕੈਦ ਹੋਈ। ਇਹ ਘਟਨਾ 30 ਨਵੰਬਰ, 1914 ਦੀ ਤਰੀਕ ਨੂੰ ਹੋਈ ਸੀ। ਇਸ ਤੋਂ ਬਾਅਦ ਸਰਕਾਰ ਨੇ ਆਪਣੇ ਸੂਹੀਏ ਅਤੇ ਜਾਸੂਸਾਂ ਦੀ ਮਦਦ ਨਾਲ਼ ਲਗਾਤਾਰ ਗਦਰੀਆਂ ’ਤੇ ਦਮਨ ਚੱਕਰ ਚਲਾਇਆ। ਇਹਨਾਂ ਵਿੱਚ ਕਈ ਗਦਰੀ ਫੜੇ ਗਏ ਜਾਂ ਮਾਰੇ ਗਏ।

ਉੱਧਰ ਫੌਜੀਆਂ ਵਿੱਚ ਬੇਚੈਨੀ ਵਧ ਰਹੀ ਸੀ ਅਤੇ ਮੀਆਂਪੁਰ ਦੀ ਛਾਉਣੀ ਨੂੰ ਮਾਰਚ, 1915 ਵਿੱਚ ਜੰਗੀ ਮੋਰਚੇ ਤੇ ਪੁੱਜਣ ਦੇ ਹੁਕਮ ਆ ਗਏ ਸਨ। ਹੁਣ ਬਗਾਵਤ ਦੀ ਤਰੀਕ ਪਹਿਲਾਂ ਮਿਥਣੀ ਪੈਣੀ ਸੀ, ਨਹੀਂ ਤਾਂ ਮੌਕਾ ਸਦਾ ਲਈ ਹੱਥੋਂ ਨਿਕਲ ਜਾਣਾ ਸੀ। ਬਗਾਵਤ ਦੀ ਅਗਵਾਈ ਵਿੱਚ ਸਹਿਯੋਗ ਲੈਣ ਲਈ ਬੰਗਾਲੀ ਇਨਕਲਾਬੀ ਰਾਸ ਬਿਹਾਰੀ ਬੋਸ ਨੂੰ ਬੁਲਾ ਲਿਆ ਗਿਆ ਸੀ। 10 ਵੀਂ ਬਲੋਚ ਰੈਜਮੈਂਟ ਨੇ ਬੰਬਈ ਤੋਂ ਇਰਾਕ ਦੇ ਮੋਰਚੇ ਲਈ ਰਵਾਨਾ ਹੋਣ ਸਮੇਂ ਆਪਣੇ ਅਫ਼ਸਰਾਂ ਨੂੰ ਗੋਲੀ ਮਾਰ ਦਿੱਤੀ ਸੀ।

ਅੰਤ ਹਾਲਾਤਾਂ ਨੂੰ ਦੇਖਦੇ ਹੋਏ 21 ਫਰਵਰੀ ਬਗਾਵਤ ਦੀ ਤਾਰੀਕ ਮਿਥੀ ਗਈ ਪਰ ਅੰਗਰੇਜ਼ਾਂ ਨੂੰ ਗੱਦਾਰ ਕਿਰਪਾਲ ਸਿੰਘ ਤੋਂ ਇਸ ਬਾਰੇ ਪਤਾ ਚੱਲ ਗਿਆ। ਇਨਕਲਾਬੀਆਂ ਨੂੰ ਵੀ ਇਸ ਦੀ ਭਿਣਕ ਲੱਗ ਗਈ ਕਿ ਯੋਜਨਾ ਲੀਕ ਹੋ ਚੁੱਕੀ ਹੈ। ਉਹਨਾਂ ਨੇ ਤਰੀਕ ਬਦਲ ਕੇ 19 ਫਰਵਰੀ ਕਰ ਦਿੱਤੀ ਪਰ ਸਰਕਾਰ ਨੂੰ ਐਨ ਆਖਰੀ ਸਮੇਂ ਇਸ ਦਾ ਵੀ ਪਤਾ ਚੱਲ ਗਿਆ। ਫੌਜੀਆਂ ਨੂੰ ਹਥਿਆਰ ਰਹਿਤ ਕਰ ਦਿੱਤਾ ਗਿਆ ਅਤੇ ਛਾਉਣੀਆਂ ’ਤੇ ਗੋਰੇ ਫੌਜੀਆਂ ਦੇ ਪਹਿਰੇ ਬਿਠਾ ਦਿੱਤੇ ਗਏ। ਸ਼ਹਿਰਾਂ ਵਿੱਚ ਜ਼ਰੂਰੀ ਥਾਵਾਂ ’ਤੇ ਕਬਜ਼ੇ ਕਰ ਲਏ ਗਏ ਅਤੇ ਗਸ਼ਤ ਕਰੜੀ ਕਰ ਦਿੱਤੀ ਗਈ। ਗਦਰੀਆਂ ਦੀ ਛਾਉਣੀਆਂ ’ਤੇ ਹਮਲਾ ਕਰਨ ਦੀ ਵਿਉਂਤਬੰਦੀ ਧਰੀ-ਧਰਾਈ ਰਹਿ ਗਈ ਸੀ।

ਇਸ ਤੋਂ ਬਾਅਦ ਸ਼ੁਰੂ ਹੋਇਆ ਛਾਪਿਆਂ ਅਤੇ ਗ੍ਰਿਫਤਾਰੀਆਂ ਦਾ ਸਿਲਸਿਲਾ।

ਇਨਕਲਾਬ ਦੀ ਸੰਭਾਵਨਾ ਖਤਮ ਹੋ ਚੁੱਕੀ ਸੀ। ਭਾਵੇਂ ਸਤੰਬਰ, 1915 ਤੱਕ ਬਾਕੀ ਬਚੇ ਗਦਰੀਆਂ ਨਾਲ਼ ਪੁਲੀਸ ’ਤੇ ਫੌਜ ਦੀਆਂ ਝੜੱਪਾਂ ਹੁੰਦੀਆਂ ਰਹੀਆਂ, ਪਰ ਇਨਕਲਾਬ ਫਰਵਰੀ ਵਿੱਚ ਹੀ ਅਸਫ਼ਲ ਹੋ ਚੁੱਕਿਆ ਸੀ।

## ਮੁਕੱਦਮੇ ਅਤੇ ਸਜਾਵਾਂ

ਗ੍ਰਿਫ਼ਤਾਰ ਕੀਤੇ ਗਏ ਗਦਰੀ ਇਨਕਲਾਬੀਆਂ ਨੂੰ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ ਗਿਆ। ਮੁਕੱਦਮਿਆਂ ਨੂੰ ਜਲਦੀ ਜਲਦੀ ਖਤਮ ਕਰਨ ਦੀ ਕਾਹਲੀ ਵਿੱਚ ਪੰਜਾਬ ਦੇ ਅੰਗਰੇਜ਼ ਗਵਰਨਰ ਮਾਈਕਲ ਉਡਵਾਇਰ ਨੇ ਤਿੰਨ ਜੱਜਾਂ ਦਾ ਇੱਕ ਵਿਸ਼ੇਸ਼ ਟ੍ਰਿਬਿਊਨਲ ਬਣਾਇਆ ਅਤੇ ਬਰਤਾਨਵੀ ਇਨਸਾਫ਼ ਦਾ ਨਾਟਕ ਰਚਾਉਣ ਲਈ ਜੇਲ੍ਹ ਵਿੱਚ ਅਦਾਲਤ ਕਾਇਮ ਕਰਨ ਦਾ ਇੰਤਜਾਮ ਕੀਤਾ ਗਿਆ। ਇਸ 'ਬਰਤਾਨਵੀ ਇਨਸਾਫ਼' ਕਰਨ ਵਾਲ਼ੇ ਟ੍ਰਿਬਿਊਨਲ ਵਿੱਚ ਇੱਕ ਭਾਰਤੀ ਜੱਜ ਸ਼ਿਵ ਨਰਾਇਣ ਵੀ ਸ਼ਾਮਿਲ ਸੀ।

ਮੁੱਖ ਲਾਹੌਰ ਸਾਜਿਸ਼ ਕੇਸ, ਜਿਸ ਅਧੀਨ 81 ਗਦਰੀਆਂ ਤੇ ਸ਼ਹਿਨਸ਼ਾਹ ਖਿਲਾਫ਼ ਜੰਗ ਛੇੜਨ ਅਤੇ 'ਕਾਨੂੰਨੀ' ਤੌਰ ਤੇ ਸਥਾਪਤ ਕੀਤੀ ਸਰਕਾਰ ਦਾ ਤਖਤਾ ਪਲਟ ਕੇ ਸਵੈਰਾਜ ਸਥਾਪਿਤ ਕਰਨ ਦਾ ਮੁਕੱਦਮਾ ਚਲਾਇਆ ਗਿਆ, ਸਮੇਤ 10 ਸਾਜਿਸ਼ ਕੇਸ ਚਲਾਏ ਗਏ ਅਤੇ ਕਈ ਸਾਰੇ ਕਤਲ ਕੇਸ ਚਲਾਏ ਗਏ। ਉਸ ਸਮੇਂ ਦੌਰਾਨ ਹੋਈਆਂ ਡਾਕਿਆਂ ਦੀਆਂ ਸਾਰੀਆਂ ਵਾਰਦਾਤਾਂ ਵੀ ਗਦਰੀਆਂ ਦੇ ਸਿਰ ਪਾ ਦਿੱਤੀਆਂ ਗਈਆਂ।

ਮੁੱਖ ਲਾਹੌਰ ਸਾਜਿਸ਼ ਕੇਸ 27 ਮਾਰਚ, 1915 ਨੂੰ ਸ਼ੁਰੂ ਹੋਇਆ ਅਤੇ 13 ਸਤੰਬਰ, 1915 ਤੱਕ 'ਇਨਸਾਫ਼' ਦਾ ਸਾਮਰਾਜੀ ਪ੍ਰਪੰਚ ਚੱਲਦਾ ਰਿਹਾ। ਮੁਕੱਦਮੇ ਦੌਰਾਨ ਗਦਰੀ ਉੱਕਾ ਹੀ ਲਾਪਰਵਾਹ ਰਹਿੰਦੇ ਅਤੇ ਕਟਹਿਰੇ ਵਿੱਚ ਇੱਕ ਦੂਜੇ ਨਾਲ਼ ਗੱਲਾਂ ਵਿੱਚ ਵਕਤ ਗੁਜਾਰ ਛੱਡਦੇ। ਬਹੁਤਿਆਂ ਨੇ ਕੋਈ ਵੀ ਵਕੀਲ ਕਰਾਉਣ ਤੋਂ ਉੱਕਾ ਹੀ ਨਾਂਹ ਕਰ ਦਿੱਤੀ ਸੀ। ਜਦੋਂ ਆਪਣੇ 'ਤੇ ਲੱਗੇ ਦੋਸ਼ਾਂ ਬਾਰੇ ਕਰਤਾਰ ਸਿੰਘ ਸਰਾਭੇ ਨੂੰ ਪੁੱਛਿਆ ਗਿਆ, ਉਸ ਨੇ ਜੁਰਅਤ ਨਾਲ਼ ਤੋਲਵਾਂ ਜੁਆਬ ਦਿੱਤਾ—"ਇਲਜਾਮ ਗਲਤ ਹੈ। ਅਸੀਂ ਕੋਈ ਸਾਜਿਸ਼ ਨਹੀਂ ਕੀਤੀ, ਅਸੀਂ ਡੰਕੇ ਦੀ ਚੋਟ ਨਾਲ਼ ਸਾਮਰਾਜੀ ਹਕੂਮਤ ਨੂੰ ਬਗਾਵਤ ਦੀ ਚਣੌਤੀ ਦਿੱਤੀ ਅਤੇ ਸਾਨੂੰ ਆਪਣੀ ਕੋਸ਼ਿਸ਼ 'ਤੇ ਮਾਣ ਹੈ।" ਅਗਲੇ ਦਿਨ ਦੁਬਾਰਾ ਪੁੱਛਣ 'ਤੇ ਸਰਾਭੇ ਨੇ ਕਿਹਾ, "ਮੈਂ ਕੋਈ ਜੁਰਮ ਨਹੀਂ ਕੀਤਾ, ਗੁਲਾਮ ਦਾ ਹੱਕ ਹੈ ਕਿ ਉਹ ਬਗਾਵਤ ਕਰੇ।"

ਆਖਰਕਾਰ 13 ਸਤੰਬਰ ਨੂੰ ਸਪੈਸ਼ਲ ਟ੍ਰਿਬਿਊਨਲ ਨੇ ਪਹਿਲੇ ਲਾਹੌਰ ਕੇਸ ਵਿੱਚ—

—24 ਗਦਰੀਆਂ ਨੂੰ ਫਾਂਸੀ ਦੀ ਸਜਾ ਸੁਣਾਈ। ਇਹਨਾਂ ਵਿੱਚੋਂ ਕਰਤਾਰ ਸਿੰਘ ਸਰਾਭਾ, ਜਗਤ ਸਿੰਘ, ਹਰਨਾਮ ਸਿੰਘ ਸਿਆਲਕੋਟ, ਵੀ.ਜੇ. ਪਿੰਗਲੇ (ਤਲੇਗਾਉਂ, ਮਹਾਂਰਾਸ਼ਟਰ), ਬਖਸ਼ੀਸ਼ ਸਿੰਘ (ਅਮ੍ਰਿਤਸਰ), ਸੁਰੈਣ ਸਿੰਘ ( ਅਮ੍ਰਿਤਸਰ) ਨੂੰ ਬਾਅਦ ਵਿੱਚ ਫਾਂਸੀ ਲਗਾਈ ਗਈ। ਸੋਹਣ ਸਿੰਘ ਭਕਨਾ, ਪਰਮਾ ਨੰਦ ਝਾਂਸੀ, ਹਰਨਾਮ ਸਿੰਘ ਟੁੰਡੀਲਾਟ ਸਮੇਤ ਬਾਕੀਆਂ ਦੀ ਫਾਂਸੀ ਦੀ ਸਜ਼ਾ ਨੂੰ ਬਾਅਦ ਵਿੱਚ ਕਾਲ਼ੇ ਪਾਣੀ ਤੇ ਜਾਇਦਾਦ ਜਬਤੀ ਵਿੱਚ ਬਦਲ ਦਿੱਤਾ ਗਿਆ।

—26 ਗਦਰੀਆਂ ਨੂੰ ਕਾਲ਼ੇਪਾਣੀ ਤੇ ਜਾਇਦਾਦ ਜਬਤੀ ਦੀ ਸਜਾ ਹੋਈ।

—6 ਹੋਰਨਾਂ ਨੂੰ ਥੋੜ੍ਹੀ ਮਿਆਦ ਦੀਆਂ ਸਜਾਵਾਂ ਹੋਈਆਂ ਅਤੇ ਬਾਕੀ ਬਚੇ ਰਿਹਾ ਕਰ ਦਿੱਤੇ ਗਏ, ਜੋ ਜੇਲ੍ਹ ਚੋਂ ਬਾਹਰ ਕਦਮ ਰੱਖਣ ਸਾਰ ਹੋਰ ਕੇਸਾਂ ਵਿੱਚ ਧਰ ਲਏ ਗਏ।

16 ਨਵੰਬਰ, 1915 ਨੂੰ ਸਵੇਰ ਦੇ ਸਮੇਂ ਕਰਤਾਰ ਸਿੰਘ ਸਰਾਭਾ ਤੇ ਉਸ ਦੇ ਛੇ ਸਾਥੀਆਂ ਨੂੰ ਫਾਂਸੀ ਦੇ ਦਿੱਤੀ ਗਈ।

ਇਹਨਾਂ ਸਾਰੇ ਮੁਕੱਦਮਿਆਂ ਵਿੱਚ ਕੁੱਲ 279 ਗਦਰੀਆਂ 'ਤੇ ਕੇਸ ਚਲਾਏ ਗਏ ਜਿਨ੍ਹਾਂ ਵਿੱਚ 46 ਨੂੰ ਫਾਂਸੀ, 64 ਨੂੰ ਕਾਲ਼ੇ ਪਾਣੀਆਂ ਵਿੱਚ ਦੇਸ਼ ਨਿਕਾਲੇ ਦੀ ਸਜਾ ਹੋਈ ਅਤੇ 125 ਨੂੰ ਜਰਾ ਘੱਟ ਸਜਾਵਾਂ ਹੋਈਆਂ। ਪਰ ਇਹ ਅੰਕੜੇ ਅਸਲ ਤਸਵੀਰ ਪੇਸ਼ ਨਹੀਂ ਕਰਦੇ ਹਨ। ਇਸ ਤੋਂ ਬਿਨਾਂ ਕਿੰਨੇ ਹੀ ਗਦਰੀਆਂ ਜੋ ਗੁਰੀਲਾ ਜੱਥਿਆਂ ਦੇ ਮੈਂਬਰ ਸਨ, ਨੂੰ ਇੱਕ ਇੱਕ ਦਿਨ ਦੇ ਮੁਕੱਦਮੇ ਤੋਂ ਬਾਅਦ ਫਾਂਸੀਆਂ ਲਾ ਦਿੱਤੀਆਂ ਗਈਆਂ। ਇਹਨਾਂ ਵਿੱਚ ਮਹਾਨ ਗਦਰੀ ਪੰਡਤ ਕਾਂਸ਼ੀ ਰਾਮ ਵੀ ਸ਼ਾਮਿਲ ਸਨ। ਇਸ ਤੋਂ ਇਲਾਵਾ ਕਿੰਨੇ ਹੀ ਗਦਰੀ ਪੁਲੀਸ ਦੀ ਗੋਲ਼ੀ ਨਾਲ਼ ਮਾਰੇ ਗਏ। ਗਦਰੀਆਂ ਤੋਂ ਬਿਨਾਂ ਬਗਾਵਤ ਵਿੱਚ ਸ਼ਾਮਿਲ ਫੌਜੀਆਂ ਨੂੰ ਕੋਰਟ ਮਾਰਸ਼ਲ ਕਰਕੇ ਜਾਂ ਤਾਂ ਫਾਂਸੀਆਂ ਲਾ ਦਿੱਤੀਆਂ ਗਈਆਂ ਜਾਂ ਫਾਇਰਿੰਗ ਦਸਤੇ ਅੱਗੇ ਖੜਾ ਕੇ ਗੋਲ਼ੀਆਂ ਮਾਰ ਦਿੱਤੀਆਂ ਗਈਆਂ। ਇਹਨਾਂ ਵਿੱਚ 23 ਵੇਂ ਰਸਾਲੇ ਦੇ 18 ਫੌਜੀਆਂ ਦਾ ਸ਼ਿਮਲੇ ਲਾਗੇ ਕੋਰਟ ਮਾਰਸ਼ਲ ਕੀਤਾ ਗਿਆ। ਫਰਵਰੀ, 1915 ਵਿੱਚ ਸਿੰਘਾਪੁਰ ਕਿਲ੍ਹੇ 'ਤੇ ਕਬਜ਼ਾ ਕਰਨ ਵਾਲ਼ੇ ਸੈਂਕੜੇ ਇਨਕਲਾਬੀ ਸਿਪਾਹੀਆਂ ਨੂੰ ਜੰਗਲ ਵਿੱਚ ਲਿਜਾ ਕੇ ਗੋਲ਼ੀ ਮਾਰ ਦਿੱਤੀ ਗਈ। ਇਸ ਤਰ੍ਹਾਂ ਦੀਆਂ ਕਿੰਨੀਆਂ ਫੌਜੀ ਬਗਾਵਤਾਂ ਹੋਈਆਂ ਅਤੇ ਅਣਗਿਣਤ ਇਨਕਲਾਬੀ ਫੌਜੀ ਮਾਰੇ ਗਏ।

## ਅੰਡੇਮਾਨ ਦੀਆਂ ਜੇਲ੍ਹਾਂ ਵਿੱਚ ਗਦਰੀ

10 ਦਸੰਬਰ, 1915 ਦੀ ਸ਼ਾਮ ਨੂੰ 18 ਗਦਰੀ ਅੰਡੇਮਾਨ ਜੇਲ੍ਹ ਵਿੱਚ ਉੱਤਰੇ ਅਤੇ ਉਹਨਾਂ ਨੂੰ ਤਿੰਨ ਮੰਜ਼ਲੀ ਅੰਡੇਮਾਨ ਜੇਲ੍ਹ ਦੇ 740 ਕਮਰਿਆਂ ਦੀ ਇਮਾਰਤ ਵਿੱਚ ਅਲੱਗ-ਅਲੱਗ ਕੈਦ ਕਰ ਦਿੱਤਾ ਗਿਆ। ਪਹਿਲੇ ਦਿਨ ਹੀ ਗਦਰੀਆਂ ਨੂੰ ਸਭ ਤੋਂ ਦੋਜ਼ਖੀ ਮੁਸ਼ੱਕਤ ਕੋਹਲੂ ਨਾਲ਼ ਜੋੜਨ ਦਾ ਹੁਕਮ ਕਰ ਦਿੱਤਾ ਗਿਆ। ਗਦਰੀਆਂ ਨੇ, ਜਿਨ੍ਹਾਂ ਵਿੱਚ ਬਜ਼ੁਰਗ ਭਾਨ ਸਿੰਘ ਅਤੇ ਨੌਜਵਾਨ ਗੁਰਮੁਖ ਸਿੰਘ ਜਿਹੇ ਸ਼ਾਮਿਲ ਸਨ, ਵਿਰੋਧ ਕੀਤਾ। ਪਰਮਾ ਨੰਦ ਝਾਂਸੀ ਨੇ ਜੇਲ੍ਹ ਦੇ ਵਾਰਡਨ ਦੇ ਚਪੇੜ ਕੱਢ ਮਾਰੀ। ਜੇਲ੍ਹ ਵਿੱਚ ਰੌਲਾ ਪੈ ਗਿਆ ਅਤੇ ਪਰਮਾਨੰਦ ਝਾਂਸੀ ਦੇ ਬੈਂਤ ਮਾਰੇ ਗਏ ਅਤੇ ਹਰੇਕ ਗਦਰੀ ਨੂੰ 'ਛੇ ਮਹੀਨੇ ਇਕੱਲਿਆਂ ਕੈਦ, ਡੰਡਾ ਬੇੜੀ, ਸਜਾ ਵਾਲ਼ੀ ਖੁਰਾਕ ਤੇ ਇੱਕ ਹਫਤੇ ਲਈ ਖੜੀ ਹੱਥਕੜੀ' ਦੀ ਸਜਾ ਸੁਣਾਈ ਗਈ। ਸੰਗਰਾਮ ਸ਼ੁਰੂ ਹੋ ਗਿਆ। ਗਦਰੀਆਂ 'ਤੇ ਜ਼ਬਰ ਦਾ ਚੱਕਰ ਹੋਰ ਤੇਜ਼ ਹੋ ਗਿਆ। ਬਜੁਰਗ ਭਾਨ ਸਿੰਘ ਦੀ ਲਾਠੀਆਂ ਨਾਲ਼ ਕੀਤੀ ਕੁੱਟਮਾਰ ਤੋਂ ਬਾਅਦ ਮੌਤ ਹੋ ਗਈ ਅਤੇ ਸੱਤ ਹੋਰ ਗਦਰੀ ਸੂਰਬੀਰ ਇੱਕ ਤੋਂ ਬਾਅਦ ਇੱਕ ਸ਼ਹੀਦ ਹੁੰਦੇ ਗਏ।

ਇਸ ਤਰ੍ਹਾਂ ਜੇਲ੍ਹ ਵਿੱਚ ਵੀ ਅੰਗਰੇਜ਼ੀ ਹਕੂਮਤ ਖਿਲਾਫ਼ ਲੜਦੇ ਹੋਏ 5 ਸਾਲ ਲੰਘ ਗਏ।

ਸੋਹਣ ਸਿੰਘ ਭਕਨਾ ਹੋਰਾਂ ਨੇ ਤਿੰਨ ਵਾਰ ਭੁੱਖ ਹੜਤਾਲ ਕੀਤੀ, ਪ੍ਰਿਥਵੀ ਸਿੰਘ 155 ਦਿਨ ਭੁੱਖੇ ਰਹੇ ਅਤੇ 20 ਮਹੀਨੇ

ਇਕੱਲਿਆਂ ਕੈਦ ਕੱਟੀ।

ਅਖੀਰ ਕੁਝ ਫੌਜੀਆਂ ਰਾਹੀਂ ਹਿੰਦੋਸਤਾਨ 'ਚ ਖਬਰ ਪਹੁੰਚ ਗਈ। ਸਾਰੇ ਦੇਸ਼ ਵਿੱਚ ਸਾਮਰਾਜ ਖਿਲਾਫ਼ ਤੂਫਾਨ ਖੜ੍ਹਾ ਹੋ ਗਿਆ ਅਤੇ ਅੰਡੇਮਾਨ ਜੇਲ੍ਹ ਤੋੜਨੀ ਪਈ। ਜੁਲਾਈ, 1921 ਨੂੰ ਗਦਰੀ ਇਨਕਲਾਬੀਆਂ ਨੇ ਭਾਰਤ ਵੱਲ ਮੋੜੇ ਪਾਏ।

ਇਹ ਸੰਗਰਾਮ ਹਿੰਦੋਸਤਾਨ ਦੀਆਂ ਜੇਲ੍ਹਾਂ ਵਿੱਚ ਵੀ ਜਾਰੀ ਰਿਹਾ। ਪਰਵਦਾ ਜੇਲ੍ਹ ਵਿੱਚ ਸਿੱਖ ਕੈਦੀਆਂ ਲਈ ਕਛਹਿਰੇ ਅਤੇ ਪਗੜੀਆਂ ਲੈਣ ਲਈ ਹੜਤਾਲ ਕੀਤੀ ਗਈ।

ਕਈ ਸਾਲ ਬਾਅਦ, 1929 ਵਿੱਚ ਜਦੋਂ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ ਰਾਜਸੀ ਕੈਦੀਆਂ ਦੇ ਹੱਕਾਂ ਲਈ ਮਸ਼ਹੂਰ ਭੁੱਖ ਹੜਤਾਲ ਕੀਤੀ ਤਾਂ ਬਾਬਾ ਸੋਹਣ ਸਿੰਘ ਭਕਨਾ ਫੇਰ ਸਭ ਤੋਂ ਅੱਗੇ ਸੀ ਅਤੇ ਬਾਬਾ ਜੀ ਡੇਢ ਮਹੀਨਾ ਭੁੱਖ ਹੜਤਾਲ 'ਤੇ ਰਹੇ।

ਕੈਦ ਪੂਰੀ ਹੋਣ ਤੋਂ ਬਾਅਦ ਵੀ ਗਦਰੀਆਂ ਨੂੰ ਰਿਹਾ ਕਰਨ ਤੋਂ ਹਕੂਮਤ ਬਹਾਨੇਬਾਜ਼ੀ ਕਰ ਰਹੀ ਸੀ। ਇੱਕ ਵਾਰ ਫੇਰ ਬਾਬਾ ਸੋਹਨ ਸਿੰਘ ਭਕਨਾ ਭੁੱਖ ਹੜਤਾਲ 'ਤੇ ਚਲੇ ਗਏ। ਅੰਤ 90 ਦਿਨਾਂ ਦੀ ਭੁੱਖ ਹੜਤਾਲ ਤੋਂ ਬਾਅਦ ਹਕੂਮਤ ਨੇ ਉਹਨਾਂ ਨੂੰ ਬਿਨਾਂ ਸ਼ਰਤ ਰਿਹਾ ਕਰ ਦਿੱਤਾ। ਕੁਝ ਮਹੀਨਿਆਂ ਬਾਅਦ ਹੀ ਉਹਨਾਂ ਨੂੰ ਕਾਂਗਰਸ ਲਹਿਰ ਵਿੱਚ ਸ਼ਾਮਿਲ ਹੋਣ 'ਤੇ ਫਿਰ ਤੋਂ ਗ੍ਰਿਫਤਾਰ ਕਰ ਲਿਆ ਗਿਆ। ਬਾਹਰ ਆਉਣ 'ਤੇ ਆਪਣੇ ਪੁਰਾਣੇ ਸਾਥੀਆਂ ਤੇ ਰਾਜਸੀ ਕੈਦੀਆਂ, ਜਿਹਨਾਂ ਦੀ ਸਜਾ ਦੀ ਮਿਆਦ ਮੁੱਕ ਚੁੱਕੀ ਸੀ, ਦੀ ਰਿਹਾਈ ਲਈ ਸੰਗਰਾਮ ਵਿੱਚ ਕੁੱਦ ਪਏ। ਅਖੀਰ ਇੱਕ-ਇੱਕ ਕਰਕੇ ਇਹ ਯੋਧੇ ਸਾਮਰਾਜੀ ਹਕੂਮਤ ਦੀਆਂ ਜੇਲ੍ਹਾਂ ਵਿੱਚੋਂ ਬਾਹਰ ਆਉਣ ਲੱਗੇ।

## ਰੂਸੀ ਇਨਕਲਾਬ ਦਾ ਪ੍ਰਭਾਵ

ਅਕਤੂਬਰ, 1917 ਦੇ ਕਾਮਯਾਬ ਰੂਸੀ ਇਨਕਲਾਬ ਨੇ ਮਾਸਕੋ ਨੂੰ ਸਾਰੀ ਦੁਨੀਆਂ ਦੇ ਇਨਕਲਾਬੀਆਂ ਲਈ ਖਿੱਚ ਦਾ ਕੇਂਦਰ ਬਣਾ ਦਿੱਤਾ। ਗਦਰ ਪਾਰਟੀ ਵਲੋਂ 1920 ਵਿਆਂ ਦੇ ਸ਼ੁਰੂ ਵਿੱਚ ਸੰਤੋਖ ਸਿੰਘ ਅਤੇ ਰਤਨ ਸਿੰਘ ਨੂੰ ਮਾਸਕੋ ਭੇਜਿਆ ਗਿਆ। ਲੱਗਭਗ ਸਾਰੇ ਦੇ ਸਾਰੇ ਗਦਰੀਆਂ ਨੇ ਹੁਣ ਕਮਿਉਨਿਜਮ ਨੂੰ ਆਪਣਾ ਮਾਰਗ ਦਰਸ਼ਕ ਸਿਧਾਂਤ ਬਣਾ ਲਿਆ।

ਸੰਤੋਖ ਸਿੰਘ ਅਤੇ ਗੁਰਮੁੱਖ ਸਿੰਘ ਨੇ 1926 ਦੇ ਫਰਵਰੀ ਮਹੀਨੇ ਪੰਜਾਬ ਦੇ ਪਹਿਲੇ ਮਜ਼ਦੂਰ-ਇਨਕਲਾਬੀ ਰਸਾਲੇ 'ਕਿਰਤੀ' ਦੀ ਸ਼ੁਰੂਆਤ ਕੀਤੀ। ਇਸ ਨੌਜਵਾਨ ਗਦਰੀ ਸੰਤੋਖ ਸਿੰਘ ਨੇ ਕਿਰਤੀ ਲਈ ਲਿਖਣ ਵਿੱਚ ਜੀ ਜਾਨ ਲਗਾ ਦਿੱਤਾ ਅਤੇ ਆਪਣੀ ਸਿਹਤ ਤੱਕ ਦੀ ਪ੍ਰਵਾਹ ਨਾ ਕੀਤੀ। ਉਹ ਕਈ ਵਾਰ ਸਿਰਫ਼ ਛੋਲੇ ਖਾ ਕੇ ਹੀ ਕੰਮ ਕਰਦੇ ਰਹਿੰਦੇ ਅਤੇ ਕੰਮ-ਕਾਰ ਦਾ ਕੋਈ ਵੀ ਨਿਸ਼ਚਿਤ ਸਮਾਂ ਨਹੀਂ ਸੀ। ਇਸ ਦੌਰਾਨ ਪੁਲੀਸ ਦੀ ਹਿਰਾਸਤ ਵਿੱਚ ਉਹ ਤਪਦਿਕ ਦਾ ਸ਼ਿਕਾਰ ਹੋ ਗਏ ਅਤੇ ਪਹਿਲਾਂ ਹੀ ਮਾੜੀ ਸਿਹਤ ਦੀ ਵਜ੍ਹਾ ਕਾਰਨ ਇਹ ਮਹਾਨ ਯੋਧਾ 35 ਸਾਲਾਂ ਦੀ ਉਮਰ ਵਿੱਚ 19 ਮਈ, 1927 ਨੂੰ ਅਲਵਿਦਾ ਆਖ ਗਿਆ।

'ਕਿਰਤੀ' ਦਾ ਪ੍ਰਕਾਸ਼ਨ ਇੱਕ ਵੱਡੀ ਸਿਆਸੀ ਘਟਨਾ ਸੀ। ਰੂਸੀ ਪਾਰਟੀ ਦੇ ਇਨਕਲਾਬੀ ਅਖਬਾਰ 'ਪ੍ਰਾਵਦਾ' ਵਿੱਚ ਇਸ ਨੂੰ 'ਪੰਜਾਬ ਲਈ ਇੱਕ ਚੰਗੀ ਖਬਰ' ਕਿਹਾ ਗਿਆ ਸੀ।

## ਰਿਹਾਈ ਤੋਂ ਬਾਅਦ

ਵੀਹ-ਵੀਹ ਸਾਲ ਸਖਤ ਕੈਦਾਂ ਕੱਟ ਕੇ ਨਿਕਲੇ ਬਜ਼ੁਰਗ ਹੋ ਚੁੱਕੇ ਗਦਰੀਆਂ ਦੇ ਜੋਸ਼ ਮਰੇ ਨਹੀਂ ਨਹੀਂ ਸਨ। ਉਹ ਤਾਂ ਸਗੋਂ ਪਹਿਲਾਂ ਤੋਂ ਵੀ ਜਿਆਦਾ ਪੱਕੇ ਹੋ ਕੇ ਬਾਹਰ ਨਿਕਲੇ। ਇਹਨਾਂ ਵਿੱਚੋਂ ਬਹੁਤਿਆਂ ਨੇ ਘਰਾਂ ਦੇ ਰਾਹ ਦੀ ਥਾਂ ਦੇਸ਼ ਦੀ ਅਜ਼ਾਦੀ ਅਤੇ ਇਨਕਲਾਬ ਦੇ ਰਸਤੇ 'ਤੇ ਚਲਣਾ ਜਾਰੀ ਰੱਖਿਆ। 1914-15 ਦੇ ਇਨਕਲਾਬੀ ਦੇ ਗਦਰੀ ਯੋਧੇ ਹੁਣ ਲਾਲ ਝੰਡੇ ਹੇਠ ਇਕੱਠੇ ਹੋਣੇ ਸ਼ੁਰੂ ਹੋ ਗਏ।

ਬਾਬਾ ਸੋਹਣ ਸਿੰਘ ਭਕਨਾ ਪਹਿਲਾਂ ਆਪਣੇ ਇਲਾਕੇ 'ਚ ਕਾਂਗਰਸ ਦੀ ਇਕਾਈ ਦੀ ਉਸਾਰੀ ਕਰਨ ਵਿੱਚ ਜੁੱਟ ਗਏ ਅਤੇ ਫਿਰ ਮੀਲਾਂ ਦਾ ਸਫਰ ਪੈਦਲ ਤੈਅ ਕਰਕੇ ਕਿਸਾਨ ਸਭਾਵਾਂ ਜੱਥੇਬੰਦ ਕੀਤੀਆਂ। 1938 ਦੇ ਅਮ੍ਰਿਤਸਰ ਮੋਰਚੇ ਦੌਰਾਨ ਨੌਜਵਾਨਾਂ ਨਾਲ਼ ਖੜ੍ਹ ਕੇ ਪੁਲੀਸ ਦੀਆਂ ਡਾਂਗਾਂ ਖਾਧੀਆਂ ਅਤੇ ਇਸੇ ਸਾਲ ਉਹਨਾਂ ਨੂੰ ਸਾਰੇ ਦੇਸ਼ ਦੇ ਕਿਸਾਨਾਂ ਨੇ ਕੁਲ ਹਿੰਦ ਕਿਸਾਨ ਸਭਾ ਦਾ ਪ੍ਰਧਾਨ ਚੁਣ ਲਿਆ।

ਬਾਬਾ ਜਵਾਲਾ ਸਿੰਘ ਕਿਸਾਨ ਸਭਾ ਦੀ ਉਸਾਰੀ ਕਰਦੇ ਹੋਏ ਨੀਲੀ ਬਾਰ ਦੇ ਪਿਛੜੇ ਜਾਗੀਰਸ਼ਾਹੀ ਇਲਾਕੇ ਵਿੱਚ ਲਾਲ ਝੰਡਾ ਲੈ ਗਏ ਅਤੇ ਮੈਦਾਨ ਵਿੱਚ ਹੀ ਪ੍ਰਾਣ ਤਿਆਗ ਦਿੱਤੇ।

ਬਾਬਾ ਕੇਸਰ ਸਿੰਘ ਅਤੇ ਬਾਬਾ ਸ਼ੇਰ ਸਿੰਘ ਨੇ ਅੰਨ੍ਹੇ ਸਾਮਰਾਜੀ ਤਸ਼ੱਦਦ ਦੇ ਬਾਵਜੂਦ 'ਕਿਰਤੀ' ਅਖਬਾਰ ਨੂੰ ਜਾਰੀ ਰੱਖਿਆ ਅਤੇ ਇਹਨਾਂ ਸੂਰਮਿਆਂ ਨੇ ਆਪਣੀ ਉਮਰ ਦੇ 33 ਸਾਲ ਹਕੂਮਤ ਦੀਆਂ ਜੇਲ੍ਹਾਂ ਵਿੱਚ ਹੀ ਗੁਜ਼ਾਰ ਦਿੱਤੇ।

ਬਾਬਾ ਹਰਨਾਮ ਸਿੰਘ ਟੁੰਡੀਲਾਟ, ਲਾਲ ਸਿੰਘ, ਗੁੱਜਰ ਸਿੰਘ, ਬਾਬਾ ਗੁਰਮੁੱਖ ਸਿੰਘ, ਹਰਦਿੱਤ ਸਿੰਘ ਸਮੇਤ ਅਨੇਕਾਂ ਗਦਰੀ ਬਾਬਿਆਂ ਨੇ ਦੇਸ਼ ਵਿੱਚ ਚੱਲੀਆਂ ਵੱਖ-ਵੱਖ ਲਹਿਰਾਂ ਸਮੇਤ ਕਿਸਾਨ ਸਭਾਵਾਂ ਜੱਥੇਬੰਦ ਕੀਤੀਆਂ ਅਤੇ ਹਰ ਮੋਰਚੇ 'ਤੇ ਅੱਗੇ ਹੋ ਕੇ ਲੜੇ। ਇਹਨਾਂ ਸੂਰਬੀਰਾਂ ਦੀ ਜੁਰਅਤ, ਦਲੇਰੀ, ਅਤੇ ਕੁਰਬਾਨੀ ਨੂੰ ਸਲਾਮ!

## ਕਮਿਉਨਿਸਟ ਪਾਰਟੀ ਵਿੱਚ

ਸਤੰਬਰ, 1939 ਵਿੱਚ ਦੂਜੀ ਸਾਮਰਾਜੀ ਸੰਸਾਰ ਜੰਗ ਸ਼ੁਰੂ ਹੋ ਚੁੱਕੀ ਸੀ। ਗਦਰੀ ਬਾਬੇ ਤਾਂ ਅੱਗੇ ਹੀ ਸਾਮਰਾਜੀ ਹਕੂਮਤ ਦੇ ਅੱਖੀਂ ਰੜਕਦੇ ਰਹਿੰਦੇ ਸਨ। ਹੁਣ ਫਿਰ 1940 ਦੇ ਜੰਗੀ ਛਾਪਿਆਂ ਦੌਰਾਨ ਫੜ੍ਹ ਲਏ ਗਏ ਅਤੇ ਹੋਰਨਾਂ ਕਿਸਾਨ ਅਤੇ ਕਮਿਉਨਿਸਟ ਆਗੂਆਂ ਸਮੇਤ ਦੇਉਲੀ ਕੈਂਪ ਵਿੱਚ ਭੇਜ ਦਿੱਤੇ ਗਏ। ਉੱਥੇ ਪਹਿਲੀ ਵਾਰ ਗਦਰੀ ਹਿੰਦੋਸਤਾਨ ਦੀ ਕਮਿਉਨਿਸਟ ਪਾਰਟੀ ਦੇ ਆਗੂਆਂ ਨੂੰ ਮਿਲੇ।

ਗਦਰੀ ਬਾਬਿਆਂ ਨੇ ਪਹਿਲੀ ਵਾਰ ਦੇਉਲੀ ਦੇ ਕੈਂਪ ਵਿੱਚ ਸਾਮਰਾਜਵਾਦ ਦੇ ਸਿਧਾਂਤਾਂ ਦਾ ਅਧਿਐਨ ਕੀਤਾ ਅਤੇ ਸਾਰੇ ਹੀ ਕਮਿਉਨਿਸਟ ਪਾਰਟੀ ਵਿੱਚ ਸ਼ਾਮਿਲ ਹੋ ਗਏ। "ਮੇਰੀ ਸਾਰੀ ਉਮਰ ਦੇ ਸੰਗਰਾਮ ਦੀ ਸਿਖਰ ਇਹੋ ਹੈ।" ਬਾਬਾ ਸੋਹਣ ਸਿੰਘ ਭਕਨਾ ਨੇ ਪਾਰਟੀ ਵਿੱਚ ਸ਼ਾਮਿਲ ਹੋਣ ਲੱਗਿਆਂ ਆਖਿਆ।

ਦੇਉਲੀ ਕੈਂਪ ਦੀਆਂ ਤਾਕਤਾਂ ਖਿਲਾਫ਼ ਮਸ਼ਹੂਰ ਭੁੱਖ ਹੜਤਾਲ ਹੋਈ। ਆਪਣੀ ਬਜ਼ੁਰਗ ਉਮਰ ਦੇ ਬਾਵਜੂਦ ਬਾਬੇ

ਹੜਤਾਲ ਵਿੱਚ ਕੁੱਦ ਪਏ। ਕਈਆਂ ਨੂੰ ਪਾਰਟੀ ਨੇ ਹੁਕਮ ਦੇ ਕੇ ਪਾਣੀ ਪੀਣ ਲਈ ਮਜ਼ਬੂਰ ਕੀਤਾ। ਸਰਕਾਰ ਨੂੰ ਇੱਕ ਵਾਰ ਝੁਕਣਾ ਪਿਆ ਅਤੇ ਬਦਨਾਮ ਦੇਉਲੀ ਬੰਦੀ ਕੈਂਪ ਤੋੜ ਦਿੱਤਾ ਗਿਆ।

ਲੋਕਾਂ ਦੇ ਹੱਕਾਂ ਲਈ ਅਤੇ ਗੁਲਾਮੀ ਦੇ ਜੂਲੇ ਤੋਂ ਆਜ਼ਾਦੀ ਲਈ ਸੰਘਰਸ਼ ਗਦਰੀ ਬਾਬਿਆਂ ਨੇ ਜੀਵਨ ਦੇ ਅੰਤ ਤੱਕ ਜਾਰੀ ਰੱਖਿਆ। ਬਰਤਾਨਵੀ ਖੁਫੀਆ ਸੇਵਾ ਦੇ ਡਾਇਰੈਕਟਰ ਜਨਰਲ ਡੀ. ਪੈਟਰੀ ਅਨੁਸਾਰ—

"ਜੰਗ ਦੌਰਾਨ ਇਹ ਲਹਿਰ ਭਾਂਵੇਂ ਦਬਾਅ ਦਿੱਤੀ ਗਈ ਪਰੰਤੂ ਇਸਦਾ ਪੂਰਾ ਖੁਰਾ-ਖੋਹ ਨਹੀਂ ਮਿਲ ਸਕਿਆ। ਪੰਜਾਬ ਵਿੱਚ ਹਾਲੇ ਵੀ ਕਈ ਵਾਪਸ ਆਏ ਸਿੱਖ ਸਨ, ਜੋ ਸਾਡੀ ਹਕੂਮਤ ਪ੍ਰਤੀ ਤਿੱਖੀ ਨਫ਼ਰਤ ਕਾਰਨ ਸਾਡੀ ਸੱਤਾ ਨੂੰ ਖੋਰਾ ਲਾਉਣ ਵਾਲ਼ੀ ਕਿਸੇ ਵੀ ਸਾਜਿਸ਼ ਵਿੱਚ ਸ਼ਾਮਿਲ ਹੋਣ ਲਈ ਸਦਾ ਹੀ ਤਿਆਰ ਰਹਿੰਦੇ ਸਨ।"

ਉਹਨਾਂ ਦੀਆਂ ਕੁਰਬਾਨੀਆਂ ਨੇ ਭਾਰਤੀ ਲੋਕਾਂ ਵਿੱਚ ਜਾਗ੍ਰਿਤੀ ਲਿਆਂਦੀ ਅਤੇ ਹਜ਼ਾਰਾਂ ਹੀ ਵਿਦਿਆਰਥੀਆਂ ਤੇ ਨੌਜਵਾਨਾਂ ਦਾ ਸਿਆਸੀਕਰਨ ਕੀਤਾ। ਉਹ ਸ਼ਹੀਦ ਭਗਤ ਸਿੰਘ ਵਰਗੇ ਸੂਰਮਿਆਂ ਦੇ ਮਾਰਗ ਦਰਸ਼ਕ ਅਤੇ ਆਦਰਸ਼ ਬਣੇ।

ਉਹ ਆਜ਼ਾਦੀ ਦੇ ਸੰਗਰਾਮ ਨੂੰ ਵਿਅਕਤੀਗਤ ਟੋਲੀਆਂ ਦੇ ਦਹਿਸ਼ਤਵਾਦ ਤੋਂ ਅਗਾਂਹ ਬਰਤਾਨਵੀ ਫੌਜ ਦੀਆਂ ਰਜਮੈਂਟਾਂ ਅਤੇ ਛਾਉਣੀਆਂ ਵਿੱਚ ਲੈ ਗਏ ਅਤੇ ਉਹਨਾਂ ਅੰਦਰ ਬਰਤਾਨਵੀ ਸਾਮਰਾਜ ਪ੍ਰਤੀ ਵਫਾਦਾਰੀ ਦੀ ਕੁੰਭ-ਕਰਨੀ ਨੀਂਦ ਨੂੰ ਤੋੜ ਦਿੱਤਾ ਅਤੇ ਫੌਜੀਆਂ ਨੂੰ ਆਪਣੇ ਬਰਤਾਨਵੀ ਮਾਲਕਾਂ ਖਿਲਾਫ਼ ਬਗਾਵਤ, ਕੋਰਟ ਮਾਰਸ਼ਲ ਅਤੇ ਫਾਂਸੀਆਂ ਦੀ ਸਰਵਉੱਚ ਸਿਖਰਾਂ ਤੱਕ ਲੈ ਗਏ।

ਉਹ ਦੇਸ਼ ਦੀ ਸੰਪੂਰਨ ਆਜ਼ਾਦੀ ਦਾ ਝੰਡਾ ਬੁਲੰਦ ਕਰਨ ਵਾਲ਼ੇ ਪਹਿਲੇ ਲੋਕਾਂ ਵਿੱਚੋਂ ਸਨ। ਉਹਨਾਂ ਨੇ ਦੇਸ਼ ਨੂੰ ਜਮਹੂਰੀ ਗਣਤੰਤਰ ਬਣਾਉਣ ਲਈ ਪ੍ਰਚਾਰ ਕੀਤਾ। ਧਰਮ ਨੂੰ ਵਿਅਕਤੀ ਦਾ ਨਿੱਜੀ ਮਾਮਲਾ ਬਣਾ ਕੇ, ਨਸਲ, ਰੰਗ, ਜਾਤ ਦੇ ਭੇਦ-ਭਾਵ ਨੂੰ ਖਤਮ ਕਰਕੇ ਧਰਮ ਨਿਰਪੱਖਤਾ ਨੂੰ ਅਮਲੀ ਜਾਮਾ ਪਹਿਨਾਇਆ। ਗਦਰੀਆਂ ਨੇ ਗੁਲਾਮੀ ਖਿਲਾਫ਼ ਅਤੇ ਆਜ਼ਾਦੀ ਲਈ ਸੰਘਰਸ਼ ਵਿੱਚ ਨਿਰਸੁਆਰਥ ਅਤੇ ਆਤਮ ਬਲਿਦਾਨ ਦੀਆਂ ਨਵੀਆਂ ਮਿਸਾਲਾਂ ਕਾਇਮ ਕਰਕੇ, ਇਸਨੂੰ ਨਵੇਂ ਸ਼ਿਖਰ ਪ੍ਰਦਾਨ ਕੀਤੇ ਅਤੇ ਅੰਤਿਮ ਸਾਹ ਤੱਕ ਬਿਰਧ ਉਮਰਾਂ ਵਿੱਚ ਵੀ ਲੋਕਾਂ ਦੇ ਹੱਕ ਲਈ ਲੜਨ ਦੇ ਨਵੇਂ ਪੂਰਨੇ ਪਾਏ। ਉਹ ਦੇਸ਼ ਵਿੱਚ ਇਨਕਲਾਬੀ ਭਾਵਨਾ ਅਤੇ ਹੌਂਸਲੇ ਦੀ ਅਮਿੱਟ ਵਿਰਾਸਤ ਛੱਡ ਗਏ। ਉਹ ਹਰ ਤਰ੍ਹਾਂ ਦੀ ਲੁੱਟ ਅਤੇ ਗੁਲਾਮੀ ਖਿਲਾਫ਼ ਸੰਘਰਸ਼ ਕਰਨ ਵਾਲਿਆਂ ਲਈ ਪ੍ਰੇਰਨਾ ਸ੍ਰੋਤ ਬਣੇ ਰਹਿਣਗੇ। ਸੰਸਾਰ ਵਿੱਚ ਸ਼ਹੀਦਾਂ ਦੇ ਰੋਲ ਨੂੰ ਸਮਰਪਤ, ਅਮਰੀਕੀ ਕਵੀ ਵਾਲਟ ਵਿਟਮੈਨ ਦੀ ਸਿ ਕਵਿਤਾ ਨਾਲ਼ ਲੇਖ ਦਾ ਅੰਤ ਕਰਦੇ ਹਾਂ—

*ਨੌਜਵਾਨਾਂ ਦੀਆਂ ਲਾਸ਼ਾਂ*
*ਫਾਂਸੀ ਦੇ ਤਖਤਿਆਂ 'ਤੇ ਝੂਲਦੇ ਸ਼ਹੀਦ*
*ਗੋਲ਼ੀਆਂ ਨਾਲ਼ ਵਿੰਨੇ ਦਿਲ,*
*ਜਾਪਣ ਉਹ ਭਾਂਵੇਂ ਯੱਖ ਤੇ ਗਤੀਹੀਣ*
*ਪਰ ਜਿਉਂਦੇ ਹਨ ਕਈ ਹੋਰ ਥਾਂਈਂ*
*ਨਾ ਕਤਲ ਹੋਣ ਸਕਣ ਵਾਲ਼ੀ ਵੀਰਤਾ ਵਿੱਚ ਧੜਕਦੇ*
*ਐ ਸ਼ਹਿਨਸ਼ਾਹੋ,*
*ਉਹ ਜਿਉਂਦੇ ਹਨ ਹੋਰ ਨੌਜਆਨਾਂ ਅੰਦਰ*
*ਤੁਹਾਨੂੰ ਫੇਰ ਠਿੱਠ ਕਰਨ ਲਈ*
*ਉਹ ਜਿਉਂਦੇ ਹਨ ਆਪਣੇ ਭਰਾਵਾਂ ਅੰਦਰ*
*ਮੌਤ ਤਾਂ ਉਹਨਾਂ ਨੂੰ ਪਵਿੱਤਰ ਕਰਦੀ ਹੈ*
*ਨਵੀਆਂ ਬੁਲੰਦੀਆਂ 'ਤੇ ਪਹੁੰਚਾ ਦਿੰਦੀ ਹੈ।*

*ਆਜ਼ਾਦੀ ਲਈ ਕਤਲ ਹੋਇਆਂ ਦੀਆਂ*
*ਕਬਰਾਂ ਨਹੀਂ ਹੁੰਦੀਆਂ*
*ਉਹ ਤਾਂ ਅਜਿਹੇ ਮੁਕਾਮ ਹੁੰਦੇ ਹਨ*
*ਜਿੱਥੋਂ ਆਜ਼ਾਦੀ ਦੇ ਹੋਰ ਬੀਜ਼ ਪੁੰਗਰਦੇ ਹਨ*
*ਤੇ ਫੇਰ ਉਹਨਾਂ ਦੇ ਬਿਰਖਾਂ ਨੂੰ ਹੋਰ ਬੀਜ਼ ਪੈਂਦੇ ਹਨ*
*ਪੌਣਾਂ ਉਹਨਾਂ ਨੂੰ ਆਪਣੇ ਕੰਧਾੜੇ ਚੁੱਕ*
*ਦੂਰ-ਦੁਰਾਡੇ ਲੈ ਜਾਂਦੀਆਂ ਹਨ*
*ਬਰਫ਼ ਤੇ ਬਾਰਿਸ਼*
*ਕਰਦੀ ਹੈ ਉਹਨਾਂ ਦੀ ਪਰਵਰਿਸ਼*

*ਜਾਲਮਾਂ ਦੇ ਹਥਿਆਰ*
*ਦੇਹ-ਰਹਿਤ ਹੋਈਆਂ ਰੂਹਾਂ ਨੂੰ*
*ਕਰ ਨਹੀਂ ਸਕਦੇ ਬੇਅਸਰ*
*ਇਹ ਤਾਂ ਮੰਡਲਾਉਂਦੀਆਂ ਰਹਿੰਦੀਆਂ ਹਨ*
*ਧਰਤ 'ਤੇ ਅਦ੍ਰਿਸ਼*
*ਘੋਰ-ਮਸੋਰੇ ਕਰਦੀਆਂ*
*ਮਸ਼ਵਰੇ ਤੇ ਚੇਤਾਵਨੀਆਂ ਦੇਂਦੀਆਂ ਰਹਿੰਦੀਆਂ ਹਨ।*

□

# ਇੱਕ ਪਾਸੇ ਭੁੱਖ ਅਤੇ ਅਕਾਲ
# ਦੂਜੇ ਪਾਸੇ ਗੋਦਾਮਾਂ ਵਿੱਚ ਸੜਦਾ ਅਨਾਜ

## ਇਹੋ ਹੈ ਪੂੰਜੀ ਦੇ ਮੁਨਾਫ਼ਾਖੋਰ ਪ੍ਰਬੰਧ ਦੀ ਸੱਚਾਈ

ਇੱਕ ਪਾਸੇ ਦੇਸ਼ ਦੇ ਅੱਧੇ ਤੋਂ ਵੱਧ ਜਿਲ੍ਹੇ ਭਿਆਨਕ ਸੋਕੇ ਅਤੇ ਅਕਾਲ ਨਾਲ਼ ਜੂਝ ਰਹੇ ਹਨ, ਦੇਸ਼ ਭਰ ਵਿੱਚ ਕਰੋੜਾਂ ਲੋਕ ਅਨਾਜ ਦੀਆਂ ਵਧਦੀਆਂ ਕੀਮਤਾਂ ਵਜੋਂ ਅੱਧਾ ਢਿੱਡ ਭਰ ਕੇ ਗੁਜ਼ਾਰਾ ਕਰ ਰਹੇ ਹਨ, ਦੂਜੇ ਪਾਸੇ ਸਰਕਾਰੀ ਗੋਦਾਮਾਂ ਵਿੱਚ ਪਿਆ ਲੱਖਾਂ ਟਨ ਅਨਾਜ ਸੜ ਰਿਹਾ ਹੈ।

ਖੇਤੀ ਮੰਤਰੀ ਸ਼ਰਦ ਪਵਾਰ ਨੇ ਸੰਸਦ ਵਿੱਚ ਦੱਸਿਆ ਕਿ ਇਸ ਵਰ੍ਹੇ ਅਪ੍ਰੈਲ-ਮਈ ਦੇ ਮਹੀਨਿਆਂ ਦੌਰਾਨ ਟ੍ਰਾਂਸਪੋਰਟੇਸ਼ਨ ਅਤੇ ਭੰਡਾਰ ਦੌਰਾਨ 2.2 ਲੱਖ ਟਨ ਕਣਕ ਅਤੇ ਚੌਲ ਸੜ ਗਏ। ਇਸ ਅਨਾਜ ਨਾਲ਼ 12 ਲੱਖ ਲੋਕਾਂ ਦਾ ਇੱਕ ਸਾਲ ਤੱਕ ਢਿੱਡ ਭਰਿਆ ਜਾ ਸਕਦਾ ਸੀ। ਮਾਹਰਾਂ ਦਾ ਕਹਿਣਾ ਹੈ ਕਿ ਪੰਜਾਬ ਦੇ ਤਰਨਤਾਰਨ ਜਿਲ੍ਹੇ ਵਿੱਚ 5300 ਟਨ ਕਣਕ ਖੁੱਲ੍ਹੇ 'ਚ ਪਈ ਪਈ ਸੜ ਗਈ। ਹੁਣ ਇਹ ਕਣਕ ਜਾਨਵਰਾਂ ਦੇ ਖਾਣ ਲਾਇਕ ਵੀ ਨਹੀਂ ਰਹੀ। ਜਿਸ ਅਨਾਜ ਤੋਂ 30,000 ਲੋਕਾਂ ਨੂੰ ਇੱਕ ਸਾਲ ਤੱਕ ਖਾਣਾ ਖਵਾਵਿਆ ਜਾ ਸਕਦਾ ਹੈ, ਉਸਨੂੰ ਹੁਣ ਖਾਦ ਬਣਾਉਣ ਲਈ ਨਿਲਾਮ ਕਰ ਦਿੱਤਾ ਜਾਵੇਗਾ! ਇਹ ਤਾਂ ਸਿਰਫ਼ ਇੱਕ ਉਦਾਹਰਣ ਹੈ। ਚੰਡੀਗੜ੍ਹ ਕੋਲ਼ ਖਮਾਣੋ 'ਚ ਕਣਕ ਦੀਆਂ ਕਈ ਲੱਖ ਬੋਰੀਆਂ ਦੋ ਸਾਲਾਂ ਵਿੱਚ ਖੁੱਲ੍ਹੇ 'ਚ ਪਈਆਂ -ਪਈਆਂ ਸੜ ਗਈਆਂ। ਪੰਜਾਬ 'ਚ ਕੁਲ 155 ਲੱਖ ਟਨ ਕਣਕ ਅੱਜ ਵੀ ਖੁੱਲ੍ਹੇ 'ਚ ਰੱਖੀ ਹੋਈ ਹੈ। ਤੈਅ ਹੈ ਕਿ ਇਸਦਾ ਵੀ ਕਾਫ਼ੀ ਹਿੱਸਾ ਸੜ ਜਾਵੇਗਾ।

ਦੂਜੇ ਰਾਜਾਂ ਦਾ ਵੀ ਹਾਲ ਅਜਿਹਾ ਹੀ ਹੈ। ਪੱਛਮੀ ਬੰਗਾਲ ਵਿੱਚ ਕੁਲ 57,770 ਟਨ ਕਣਕ ਦੀ ਸਰਕਾਰੀ ਖਰੀਦ ਕੀਤੀ ਗਈ ਜਿਸਦਾ ਵੱਡਾ ਹਿੱਸਾ ਖੁੱਲ੍ਹੇ ਮੈਦਾਨ ਵਿੱਚ ਪਿਆ ਹੈ। ਬਿਹਾਰ ਵਿੱਚ ਗੋਦਾਮ ਨਾ ਹੋਣ ਵਜੋਂ ਕਿਸਾਨਾਂ ਤੋਂ 2 ਲੱਖ ਟਨ ਝੋਨਾ ਖਰੀਦਿਆ ਹੀ ਨਹੀਂ ਗਿਆ। ਉੜੀਸਾ ਵਿੱਚ 55 ਲੱਖ ਟਨ ਅਨਾਜ ਦੀ ਖਰੀਦ ਦਾ ਟੀਚਾ ਹੈ ਪਰ ਸਿਰਫ਼ 7 ਲੱਖ ਟਨ ਅਨਾਜ ਦੇ ਭੰਡਾਰ ਕਰਨ ਦਾ ਇੰਤਜ਼ਾਮ ਹੈ। ਸਿਵਿਲ ਸਪਲਾਈ ਵਿਭਾਗ ਦੇ ਇੱਕ ਅਫ਼ਸਰ ਦਾ ਕਹਿਣਾ ਹੈ ਕਿ ਉਹਨਾਂ ਦਾ ਵਿਭਾਗ ਹਰ ਸਾਲ 1-2 ਪ੍ਰਤੀਸ਼ਤ ਨੂੰ "ਬਰਬਾਦ" ਵਿਖਾ ਦਿੰਦਾ ਹੈ, ਪਰ ਹਕੀਕਤ ਵਿੱਚ ਬਰਬਾਦੀ ਇਸਤੋਂ ਬਹੁਤ ਜਿਆਦਾ ਹੁੰਦੀ ਹੈ। ਯਾਨਿ ਹਰ ਵਰ੍ਹੇ 50 ਹਜ਼ਾਰ ਤੋਂ ਲੈ ਕੇ ਇੱਕ ਲੱਖ ਟਨ ਅਨਾਜ ਦੀ ਬਰਬਾਦੀ। ਬਿਹਾਰ ਵਿੱਚ ਹਰ ਸਾਲ 27 ਲੱਖ ਟਨ ਅਨਾਜ ਦੀ ਸਰਕਾਰੀ ਖਰੀਦ ਹੁੰਦੀ ਹੈ ਜਿਸ ਵਿੱਚੋਂ 5 ਪ੍ਰਤੀਸ਼ਤ ਯਾਨਿ ਕਰੀਬ ਇੱਕ ਲੱਖ ਪੈਂਤੀ ਹਜ਼ਾਰ ਟਨ ਅਨਾਜ ਗੋਦਾਮਾਂ ਵਿੱਚ ਖਰਾਬ ਹੋ ਜਾਂਦਾ ਹੈ। ਦੇਸ਼ ਦੇ ਦੂਜੇ ਰਾਜਾਂ ਵਿੱਚ ਵੀ ਹਰ ਸਾਲ ਜਿੰਨਾਂ ਅਨਾਜ ਬਰਬਾਦ ਹੋ ਜਾਂਦਾ ਹੈ ਉਸ ਨਾਲ਼ ਲੱਖਾਂ ਲੋਕਾਂ ਦਾ ਢਿੱਡ ਭਰਿਆ ਜਾ ਸਕਦਾ ਹੈ।

ਸਵਾਲ ਸਿਰਫ਼ ਭੰਡਾਰ ਕਰਨ ਵਿੱਚ ਖਾਮੀਆਂ ਵਜੋਂ ਅਨਾਜ ਸੜ ਜਾਣ ਦਾ ਨਹੀਂ ਹੈ- ਹਰ ਸਾਲ ਗੋਦਾਮਾਂ ਵਿੱਚ ਲੱਖਾਂ ਟਨ ਅਨਾਜ ਚੂਹੇ ਖਾ ਜਾਂਦੇ ਹਨ। ਜਾਹਿਰ ਹੈ, ਇਹਨਾਂ "ਚੂਹਿਆਂ" ਵਿੱਚ ਸਰਕਾਰੀ ਅਫ਼ਸਰਾਂ ਅਤੇ ਮੁਲਾਜਮਾਂ ਦਾ ਵੀ ਇੱਕ ਅੱਛਾ-ਖਾਸਾ ਹਿੱਸਾ ਹੁੰਦਾ ਹੈ ਜੋ ਇਸ ਅਨਾਜ ਨੂੰ ਕਾਲ਼ੇ ਬਜ਼ਾਰ ਵਿੱਚ ਵੇਚ ਦਿੰਦੇ ਹਨ।

ਕੁਝ ਸਾਲ ਪਹਿਲਾਂ ਅਰਥਸ਼ਾਸਤਰੀ ਅਮ੍ਰਿਤਯ ਸੇਨ ਨੇ ਕਿਹਾ ਸੀ ਕਿ ਦੇਸ਼ ਵਿੱਚ ਅਨਾਜ ਦਾ ਏਨਾ ਵੱਡਾ ਭੰਡਾਰ ਹੈ ਕਿ ਜੇਕਰ ਅਨਾਜ ਦੀਆਂ ਬੋਰੀਆਂ ਨੂੰ ਇੱਕ ਤੋਂ ਉੱਤੇ ਇੱਕ ਰੱਖਿਆ ਜਾਵੇ ਤਾਂ ਉਹਨਾਂ ਦੀ ਉਚਾਈ ਚੰਨ ਤੱਕ ਪਹੁੰਚ ਜਾਵੇਗੀ। ਪਰ ਇਸ ਵਿਸ਼ਾਲ ਭੰਡਾਰ ਦੇ ਬਾਵਜੂਦ ਦੇਸ਼ ਵਿੱਚ ਕਈ ਕਰੋੜ ਲੋਕ ਹਰ ਰਾਤ ਭੁੱਖੇ ਸੌਂਦੇ ਹਨ। ਅੱਜ ਦੇਸ਼ ਦੇ ਬਹੁਤ ਸਾਰੇ ਇਲਾਕਿਆਂ ਵਿੱਚ ਭੁੱਖ ਨਾਲ਼ ਤੜਫ਼ ਕੇ ਲੋਕਾਂ ਦੀ ਮੌਤ ਹੋ ਜਾਂਦੀ ਹੈ। ਗੋਦਾਮਾਂ ਵਿੱਚ ਅਨਾਜ ਸੜਦਾ ਰਹਿੰਦਾ ਹੈ, ਜਾਂ ਉਸਨੂੰ ਚੂਹੇ ਖਾਂਦੇ ਰਹਿੰਦੇ ਹਨ ਅਤੇ ਮੰਡੀ ਵਿੱਚ ਅਨਾਜ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹੁੰਦੀਆਂ ਹਨ। ਗਰੀਬਾਂ-ਕਿਰਤੀਆਂ ਦੀ ਥਾਲੀ 'ਚੋਂ ਦਾਲਾਂ ਤਾਂ ਪਹਿਲਾਂ ਹੀ ਗਾਇਬ ਹੋ ਚੁੱਕੀਆਂ ਹਨ, ਰੋਟੀਆਂ ਵੀ ਘੱਟ ਹੁੰਦੀਆਂ ਜਾ ਰਹੀਆਂ ਹਨ। ਅਨਾਜ ਅਤੇ ਖੇਤੀ ਸੰਗਠਨ ਦੁਆਰਾ ਬਣਾਈ ਗਈ ਭੁੱਖ ਨਾਲ਼ ਸਭ ਤੋਂ ਵੱਧ ਪੀੜਤ 88 ਦੇਸ਼ਾਂ ਦੀ ਸੂਚੀ ਵਿੱਚ ਭਾਰਤ ਦਾ ਨਾਂ ਥੱਲੇ ਤੋਂ 66 ਵੇਂ ਨੰਬਰ 'ਤੇ ਹੈ!

ਅਜਿਹਾ ਘਿਨਾਉਣਾ ਮਜ਼ਾਕ ਸਿਰਫ਼ ਪੂੰਜੀਵਾਦੀ ਪ੍ਰਬੰਧ ਵਿੱਚ ਹੀ ਹੋ ਸਕਦਾ ਹੈ—ਜਿੱਥੇ ਮੁਨਾਫ਼ੇ ਤੋਂ ਵਧਕੇ ਕੋਈ ਚੀਜ਼ ਨਹੀਂ ਹੈ। ਗੋਦਾਮਾਂ ਵਿੱਚ ਪਿਆ ਅਨਾਜ ਜੇਕਰ ਮੰਡੀ ਵਿੱਚ ਆ ਜਾਵੇਗਾ, ਜਾਂ ਢਿੱਡ ਭਰਨ ਲਈ ਗਰੀਬਾਂ ਨੂੰ ਦੇ ਦਿੱਤਾ ਜਾਵੇਗਾ, ਤਾਂ ਮੰਡੀ ਵਿੱਚ ਸਪਲਾਈ ਜਿਆਦਾ ਹੋਣ ਵਜੋਂ ਅਨਾਜ ਦੀਆਂ ਕੀਮਤਾਂ ਡਿੱਗਣ ਲੱਗਣਗੀਆਂ ਅਤੇ ਮੁਨਾਫ਼ਾ ਘੱਟ ਹੋਣ ਲੱਗ ਪਏਗਾ। ਮੁਨਾਫ਼ੇ 'ਤੇ ਟਿਕੇ ਇਸ ਪ੍ਰਬੰਧ ਵਿੱਚ ਇਹ ਗੁਨਾਹ ਕਿਵੇਂ ਹੋ ਸਕਦਾ ਹੈ! ਇਸ ਲਈ ਲੋਕ ਤਾਂ ਭਾਂਵੇਂ ਭੁੱਖ ਨਾਲ਼ ਕਿਉਂ ਮਰ ਜਾਣ-ਮੰਡੀ ਵਿੱਚ ਗੜਬੜ ਨਹੀਂ ਹੋਣੀ ਚਾਹੀਦੀ।

ਮੁਨਾਫ਼ੇ ਦਾ ਇਹ ਖਤਰਨਾਕ ਤਰਕ ਪੂਰੀ ਦੁਨੀਆਂ ਵਿੱਚ ਇਵੇਂ ਹੀ ਕੰਮ ਕਰਦਾ ਹੈ। ਸਭ ਤੋਂ ਵੱਧ ਅਨਾਜ ਪੈਦਾ ਕਰਨ ਵਾਲ਼ੇ ਦੇਸ਼ਾਂ ਅਮਰੀਕਾ ਅਤੇ ਆਸਟ੍ਰੇਲੀਆ ਵਿੱਚ ਹਰ ਸਾਲ ਲੱਖਾਂ ਟਨ ਅਨਾਜ ਸੂਅਰਾਂ ਨੂੰ ਖਵਾ ਦਿੱਤਾ ਜਾਂਦਾ ਹੈ ਜਦਕਿ ਅਫ਼ਰੀਕਾ, ਏਸ਼ੀਆ ਅਤੇ ਲਾਤੀਨੀ ਅਮਰੀਕਾ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਭਿਆਨਕ ਭੁੱਖਮਰੀ ਫੈਲੀ ਹੁੰਦੀ ਹੈ। ਅੱਜ ਇੱਕ ਖੇਤ ਤੋਂ ਜਿੰਨੀ ਪੈਦਾਵਾਰ ਹੋ ਸਕਦੀ ਹੈ, ਸਿਰਫ਼ ਉਸ ਆਧਾਰ 'ਤੇ ਹਿਸਾਬ ਲਾਇਆ

(**ਬਾਕੀ ਸਫ਼ਾ 3 'ਤੇ**)

# ਪੰਜਾਬ ਦੇ ਵਿਧਾਇਕਾਂ, ਮੰਤਰੀਆਂ, ਸਪੀਕਰ, ਸੰਸਦੀ ਸਕੱਤਰਾਂ ਦੇ ਤਨਖ਼ਾਹ-ਭੱਤਿਆਂ ਵਿੱਚ ਭਾਰੀ ਵਾਧੇ ਦੀ ਤਿਆਰੀ

ਪੰਜਾਬ ਸਰਕਾਰ ਖਜ਼ਾਨਾ ਖਾਲੀ ਹੋਣ ਦਾ ਰੋਣਾ ਰੋ ਰਹੀ ਹੈ ਅਤੇ ਲੋਕਾਂ ਉੱਤੇ ਤਰ੍ਹਾਂ-ਤਰ੍ਹਾਂ ਦੇ ਨਵੇਂ ਟੈਕਸ ਲਾਉਣ ਦੀ ਤਿਆਰੀ ਕਰ ਰਹੀ ਹੈ। ਉੱਥੇ ਪੰਜਾਬ ਦੇ ਮੁੱਖ ਮੰਤਰੀ, ਸਪੀਕਰ, ਡਿਪਟੀ ਸਪੀਕਰ, ਮੰਤਰੀਆਂ, ਵਿਧਾਇਕਾਂ, ਵਿਰੋਧੀ ਧਿਰ ਦੀ ਆਗੂ ਅਤੇ ਸੰਸਦੀ ਸਕੱਤਰਾਂ ਦੀਆਂ ਤਨਖਾਹਾਂ, ਭੱਤਿਆਂ ਅਤੇ ਹੋਰ ਸਹੂਲਤਾਂ ਵਿੱਚ ਭਾਰੀ ਵਾਧੇ ਦੀ ਤਿਆਰੀ ਕੀਤੀ ਜਾ ਰਹੀ ਹੈ। ਯਾਦ ਰੱਖਿਆ ਜਾਵੇ ਇਹ ਸਭ ਕੁਝ ਲੋਕਾਂ ਦੀ ਕੀਮਤ 'ਤੇ ਕੀਤਾ ਜਾ ਰਿਹਾ ਹੈ। ਸਾਰੀਆਂ ਪਾਰਟੀਆਂ ਅਤੇ ਲੀਡਰ ਭਾਂਵੇਂ ਆਪਸ ਵਿੱਚ ਕਿੰਨਾਂ ਵੀ ਕਿਉਂ ਨਾ ਜੂਤ-ਪਤਾਣ ਕਰਦੇ ਹੋਣ ਪਰ ਇਸ ਮੁੱਦੇ 'ਤੇ ਉਹਨਾਂ ਵਿੱਚ ਪੱਕੇ ਯਾਰਾਨੇ ਹਨ। 11 ਜੁਲਾਈ ਨੂੰ ਜਦੋਂ ਪੰਜਾਬ ਵਿਧਾਨ ਸਭਾ ਵਿੱਚ ਇਸ ਸੰਬੰਧੀ ਸਿਫ਼ਾਰਸ਼ ਕਰਨ ਵਾਲ਼ੀ ਰਿਪੋਰਟ ਪੇਸ਼ ਹੋਈ ਤਾਂ ਇੱਕ ਵੀ ਪਾਰਟੀ, ਵਿਧਾਇਕ ਜਾਂ ਮੰਤਰੀ ਨੇ ਇਸਦਾ ਵਿਰੋਧ ਨਹੀਂ ਕੀਤਾ ਸਗੋਂ ਸਰਵਸੰਮਤੀ ਨਾਲ਼ ਇਹ ਰਿਪੋਰਟ ਪਾਸ ਕੀਤੀ ਗਈ।

ਰਿਪੋਰਟ ਵਿੱਚ ਸਿਫ਼ਾਰਸ਼ ਕੀਤੀ ਗਈ ਹੈ ਕਿ ਮੁੱਖ ਮੰਤਰੀ ਦੀ ਤਨਖਾਹ ਪੰਜਾਹ ਹਜ਼ਾਰ ਰੁਪਏ ਮਹੀਨਾ, ਕੈਬੀਨਟ ਮੰਤਰੀਆਂ ਦੀ ਤਨਖਾਹ ਪੰਦਰਾਂ ਹਜ਼ਾਰ ਤੋਂ ਸਿੱਧਾ ਸੈਂਤੀ ਹਜ਼ਾਰ ਕੀਤੀ ਜਾਵੇ। ਮੁੱਖ ਅਤੇ ਹੋਰਨਾਂ ਸੰਸਦੀ ਸਕੱਤਰਾਂ ਦੀਆਂ ਤਨਖਾਹਾਂ ਦਸ ਹਜ਼ਾਰ ਤੋਂ ਸਿੱਧਾ 25 ਹਜ਼ਾਰ ਕਰਨ ਦੀ ਤਿਆਰੀ ਹੈ। ਸਪੀਕਰ ਦੀ ਤਨਖਾਹ ਵੀ ਦਸ ਹਜ਼ਾਰ ਤੋਂ ਪੱਚੀ ਹਜ਼ਾਰ ਕਰਨ ਦੀ ਪ੍ਰਸਤਾਵ ਹੈ। ਹਰ ਵਿਧਾਇਕ ਦੀ ਤਨਖਾਹ ਦਸ ਹਜ਼ਾਰ ਕਰ ਦਿੱਤੀ ਜਾਵੇਗੀ। ਇਸ ਸਮੇਂ ਵਿਧਾਇਕ ਦੀ ਤਨਖਾਹ ਚਾਰ ਹਜ਼ਾਰ ਰੁਪਏ ਹੈ।

ਵਿਧਾਇਕਾਂ ਨੂੰ ਦੈਨਿਕ ਭੱਤਾ 500 ਤੋਂ ਵੱਧ ਕੇ 1000 ਦੇਣ, ਇਲਾਕਾ ਭੱਤਾ 8000 ਰੁਪਏ ਤੋਂ ਵਧਾ ਕੇ 15,000 ਰੁਪਏ ਮਹੀਨਾ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ। ਗੱਡੀ ਲਈ ਪ੍ਰਤੀ ਕਿਲੋਮੀਟਰ 6 ਰੁਪਏ ਦੀ ਜਗ੍ਹਾ 12 ਰੁਪਏ ਖਰਚਾ ਮਿਲਿਆ ਕਰੇਗਾ। ਪਹਿਲਾਂ ਮਕਾਨ ਖਰੀਦਣ ਲਈ ਵਿਧਾਇਕ ਨੂੰ 10 ਲੱਖ ਤੱਕ ਦਾ ਕਰਜ਼ ਮਿਲਦਾ ਹੈ ਉਹ 40 ਲੱਖ ਕਰ ਦਿੱਤਾ ਜਾਵੇਗਾ। ਕਾਰ ਲਈ 6 ਲੱਖ ਤੱਕ ਦਾ ਕਰਜ਼ ਮਿਲਦਾ ਹੈ ਉਹ 10 ਲੱਖ ਕਰ ਦਿੱਤਾ ਜਾਵੇਗਾ। ਵਿਧਾਇਕਾਂ ਨੂੰ ਕਾਰ, ਰੇਲ ਵਿੱਚ ਸਫ਼ਰ ਕਰਨ ਲਈ 440 ਲੀਟਰ ਪ੍ਰਤੀ ਮਹੀਨਾ ਡੀਜਲ ਅਤੇ 290 ਲੀਟਰ ਪ੍ਰਤੀ ਮਹੀਨਾ ਪੈਟ੍ਰੋਲ ਮਿਲਦਾ ਹੈ। ਇਹ ਹੁਣ ਤੈਅ ਕੀਤੀ ਗਈ ਦੂਰੀ ਦੇ ਹਿਸਾਬ ਨਾਲ਼ ਮਿਲਿਆ ਕਰੇਗਾ। ਇਸ ਤਰ੍ਹਾਂ ਹਰ ਵਿਧਾਇਕ ਨੂੰ 40,000 ਰੁਪਏ ਮਾਸਿਕ ਫਾਇਦਾ ਹੋਵੇਗਾ। ਇਹਨਾਂ ਸਹੂਲਤਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਵਿਧਾਇਕਾਂ, ਮੰਤਰੀਆਂ ਆਦਿ ਨੂੰ ਦੇਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਇਸ ਪ੍ਰਸਤਾਵ ਦੇ ਲਾਗੂ ਹੋ ਜਾਣ ਤੋਂ ਬਾਅਦ ਲੋਕਾਂ ਨੂੰ ਨਿਚੋੜ ਕੇ ਸਰਕਾਰੀ ਖਜ਼ਾਨੇ ਵਿੱਚ ਜਮ੍ਹਾ ਹੋਣ ਵਾਲੇ ਧਨ ਹੋਰ ਵੀ ਵੱਡੇ ਪੱਧਰ 'ਤੇ ਇਹਨਾਂ ਲੁਟੇਰੇ ਰਾਜਨੀਤੀਵਾਨਾਂ ਹੱਥੋਂ ਡਾਕਾ ਵੱਜਣਾ ਸ਼ੁਰੂ ਹੋ ਜਾਵੇਗਾ।

ਇਹ ਰਿਪੋਰਟ ਪੇਸ਼ ਹੋਣ ਤੋਂ ਬਾਅਦ ਮੰਤਰੀਆਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਉਹਨਾਂ ਦੇ ਤਨਖਾਹ-ਭੱਤਿਆਂ ਵਿੱਚ ਕੀਤਾ ਜਾ ਰਿਹਾ ਵਾਧਾ ਨਿਗੂਣਾ ਹੈ!!!? ਉਹ ਆਈ.ਪੀ.ਐਸ., ਆਈ.ਏ.ਐਸ. ਅਧਿਕਾਰੀਆਂ ਦੇ ਬਰਾਬਰ ਲੱਖਾਂ ਵਿੱਚ ਮਹੀਨਾਵਾਰ ਤਨਖਾਹ ਚਾਹੁੰਦੇ ਹਨ। ਮੰਤਰੀਆਂ ਦੀ ਮੰਗ ਉੱਤੇ ਵੀ ਵਿਚਾਰ ਹੋਣਾ ਸ਼ੁਰੂ ਹੋ ਗਿਆ ਹੈ। ਮੰਤਰੀਆਂ ਦੀਆਂ ਤਨਖਾਹਾਂ-ਭੱਤਿਆਂ ਵਿੱਚ ਇਸ ਪ੍ਰਕਾਰ ਦਾ ਵਾਧਾ ਮੌਜੂਦਾ ਰਾਜਨੀਤਕ ਪ੍ਰਬੰਧ ਵਿੱਚ ਬਿਲਕੁਲ ਸੰਭਵ ਹੈ। ਉਹਨਾਂ ਦੀ ਆਮਦਨ ਵਿੱਚ ਇਸ ਤਰ੍ਹਾਂ ਦਾ ਵਾਧਾ ਹੋਣ ਨਾਲ਼ ਕਿਸੇ ਤਰ੍ਹਾਂ ਦੀ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ।

ਦੂਜੇ ਪਾਸੇ, ਪੰਜਾਬ ਦੇ ਆਮ ਲੋਕ ਅੱਜ ਭਿਅੰਕਰ ਗਰੀਬੀ ਨਾਲ਼ ਜੂਝ ਰਹੇ ਹਨ। ਹੱਡ ਭੰਨਵੀਂ ਮਿਹਨਤ ਤੋਂ ਬਾਅਦ ਵੀ ਇੱਕ ਮਜ਼ਦੂਰ ਦੀ ਏਨੀ ਆਮਦਨ ਵੀ ਨਹੀਂ ਹੈ ਕਿ ਉਹ ਆਪਣਾ ਅਤੇ ਆਪਣੇ ਟੱਬਰ ਦਾ ਢੰਗ ਨਾਲ਼ ਢਿੱਡ ਵੀ ਭਰ ਸਕੇ। ਨੌਜਵਾਨ ਰੁਜ਼ਗਾਰ ਲਈ ਦਰ-ਦਰ ਦੀਆਂ ਠੋਕਰਾਂ ਖਾ ਰਹੇ ਹਨ। ਬੱਚੇ ਸਿੱਖਿਆ ਤੋਂ ਵਾਂਝੇ ਹਨ। ਪੰਜਾਬ ਦੇ ਲੱਖਾਂ ਲੋਕ ਝੁੱਗੀਆਂ-ਝੋਪੜੀਆਂ ਵਿੱਚ ਰਹਿੰਦੇ ਹਨ, ਸੜਕਾਂ ਕਿਨਾਰੇ ਅਤੇ ਪੁਲਾਂ ਹੇਠ ਰਾਤਾਂ ਗੁਜਾਰਦੇ ਹਨ। ਲੋਕ ਬਿਨਾਂ ਇਲਾਜ ਤੋਂ ਦਮ ਤੋੜ ਰਹੇ ਹਨ। ਇਸ ਸਭ ਦੇ ਨਾਲ਼ ਹੀ ਅਸਮਾਨ ਛੂਹ ਰਹੀਆਂ ਕੀਮਤਾਂ ਗਰੀਬ ਲੋਕਾਂ ਦਾ ਲੱਕ ਤੋੜ ਰਹੀਆਂ ਹਨ। ਆਰਥਿਕ ਤੰਗੀ ਤੋਂ ਪ੍ਰੇਸ਼ਾਨ ਹੋ ਕੇ ਆਤਮ ਹੱਤਿਆਵਾਂ ਦਾ ਰੁਝਾਨ ਵੱਧਦਾ ਹੀ ਜਾ ਰਿਹਾ ਹੈ।

ਬਦਹਾਲ ਲੋਕਾਂ ਲਈ ਸਰਕਾਰ ਕੋਲ ਕੁਝ ਵੀ ਨਹੀਂ ਹੈ। ਨਾਂ ਦੀਆਂ ਸਕੀਮਾਂ ਚਲਾਈਆਂ ਜਾਂਦੀਆਂ ਹਨ। ਆਟਾ-ਦਾਲ ਸਕੀਮ ਦਾ ਬਾਦਲ ਸਰਕਾਰ ਨੇ ਕੋਠੇ ਚੜ੍ਹ ਕੇ ਢਿੰਡੋਰਾ ਪਿੱਟਿਆ ਸੀ। ਇਸ ਸਕੀਮ ਦਾ ਲਾਭ ਗਰੀਬ ਲੋਕਾਂ ਦੇ ਇੱਕ ਛੋਟੇ ਜਿਹੇ ਹਿੱਸੇ ਨੂੰ ਹੀ ਮਿਲ ਪਾ ਰਿਹਾ ਹੈ। ਜਦੋਂ ਲੋਕਾਂ ਦੀ ਗੱਲ ਆ ਜਾਂਦੀ ਹੈ ਤਾਂ ਖਜ਼ਾਨਾ ਖਾਲੀ ਹੁੰਦਾ ਹੈ ਪਰ ਇਹਨਾਂ ਲੋਕ-ਦੁਸ਼ਮਣਾਂ ਨੂੰ ਕਿਸੇ ਚੀਜ਼ ਦੀ ਕੋਈ ਘਾਟ ਨਾ ਰਹੇ ਇਸ ਵਾਸਤੇ ਸਭ ਇੰਤਜਾਮ ਕਰ ਲਏ ਜਾਂਦੇ ਹਨ। ਪੂੰਜੀਵਾਦੀ ਰਾਜਨੀਤੀਵਾਨ ਲੋਕਾਂ ਨੂੰ ਚਿੰਬੜੀਆਂ ਜੋਕਾਂ ਤੋਂ ਵੱਧ ਕੁਝ ਵੀ ਨਹੀਂ। ਲੋਕਾਂ ਦਾ ਖੂਨ ਚੂਸ ਕੇ ਹੀ ਇਹ ਜੋਕਾਂ ਵਧਦੀਆਂ ਫੁੱਲਦੀਆਂ ਹਨ। ਲੋਕਾਂ ਦੀਆਂ ਜੇਬਾਂ 'ਤੇ ਡਾਕਾ ਮਾਰ ਕੇ ਹੀ ਇਹਨਾਂ ਦੀਆਂ ਤਿਜੋਰੀਆਂ ਭਰਦੀਆਂ ਹਨ।

ਚੋਣਾਂ ਵਿੱਚ ਕੋਈ ਗਰੀਬ ਵਿਅਕਤੀ ਤਾਂ ਹਿੱਸਾ ਲੈ

(**ਬਾਕੀ ਸਫ਼ਾ** 31 **'ਤੇ**)

## ਜੱਜਾਂ ਦੀ ਜਾਇਦਾਦ ਸਰਵਜਨਕ ਕਰਨ ਜਾਂ ਨਾ ਕਰਨ ਬਾਰੇ

# ਪਰਦੇ ਮੇਂ ਰਹਿਨੇ ਦੋ, ਪਰਦਾ ਨਾ ਉਠਾਓ...

• ਨਮਿਤਾ

ਅੱਜਕੱਲ ਯੂ.ਪੀ.ਏ. ਸਰਕਾਰ ਜੱਜਾਂ ਨੂੰ ਉਹਨਾਂ ਦੀ ਜਾਇਦਾਦ ਸਰਵਜਨਕ ਕਰਨ ਤੋਂ ਖੁੱਲ ਦੇਣ ਵਾਲ਼ੇ ਆਰਡੀਨੈਂਸ ਨੂੰ ਸਦਨ ਵਿੱਚ ਪਾਸ ਕਰਾਉਣ ਦੀਆਂ ਹਰ ਸੰਭਵ ਕੋਸ਼ਿਸ਼ਾਂ ਵਿੱਚ ਲੱਗੀ ਹੋਈ ਹੈ। ਹਾਲਾਂਕਿ ਵਿਰੋਧੀ ਧਿਰ ਦੇ ਵਿਰੋਧ ਵਜੋਂ ਇਹ ਆਰਡੀਨੈਂਸ ਅਜੇ ਪਾਸ ਨਹੀਂ ਨਹੀਂ ਹੋ ਸਕਿਆ। ਪਰ ਦੇਰ-ਸਵੇਰ ਤਾਂ ਇਹ ਪਾਸ ਹੋ ਕੇ ਹੀ ਰਹੇਗਾ।

ਦਰਅਸਲ ਕਦੇ ਕਦੇ ਜਦੋਂ ਲੋਕਾਂ ਨੂੰ ਲੁਭਾਉਣ ਅਤੇ ਭਰਮਾਉਣ ਲਈ ਕੀਤੀਆਂ ਜਾਣ ਵਾਲੀਆਂ ਕਵਾਇਦਾਂ ਅਣਜਾਣੇ ਹੀ ਉਹਨਾਂ ਹੱਦਾਂ ਨੂੰ ਟੱਪ ਜਾਂਦੀਆਂ ਹਨ ਜੋ ਢਾਂਚੇ ਲਈ ਸੰਕਟ ਪੈਦਾ ਕਰ ਸਕਦੀਆਂ ਹਨ ਤਾਂ ਇਹਨਾਂ ਕਵਾਇਦਾਂ ਉੱਤੇ ਲਗਾਮ ਲਗਾਉਣਾ ਢਾਂਚੇ ਦੇ ਪੈਰੋਕਾਰਾਂ ਲਈ ਜ਼ਰੂਰੀ ਹੋ ਜਾਂਦਾ ਹੈ।

ਜੱਜਾਂ ਦੀ ਜਾਇਦਾਦ ਸਰਵਜਨਕ ਕਰਨ ਤੋਂ ਖੁੱਲ ਦੇਣ ਵਾਲ਼ੇ ਜਿਸ ਆਰਡੀਨੈਂਸ ਨੂੰ ਲੈ ਕੇ ਕਾਫ਼ੀ ਰੌਲਾ ਪੈ ਰਿਹਾ ਹੈ, ਉਸ ਵਿੱਚ ਕਿਹਾ ਗਿਆ ਹੈ ਕਿ ਕਿਸੇ ਉੱਚ ਅਧਿਕਾਰੀ ਅੱਗੇ ਕਿਸੇ ਜੱਜ ਦੀ ਐਲ਼ਾਨੀ ਜਾਇਦਾਦ ਦਾ ਬਿਓਰਾ ਸਰਵਜਨਕ ਨਹੀਂ ਕੀਤਾ ਜਾਵੇਗਾ। ਇਸ ਉੱਤੇ ਕੋਈ ਨਾਗਰਿਕ ਅਦਾਲਤ ਵਿੱਚ ਸਵਾਲ ਨਹੀਂ ਉਠਾ ਸਕੇਗਾ।

ਆਰਡੀਨੈਂਸ ਵਿੱਚ ਕਿਹਾ ਗਿਆ ਹੈ ਕਿ ਜੱਜਾਂ, ਉਹਨਾਂ ਦੀਆਂ ਪਤਨੀਆਂ ਅਤੇ ਨਿਰਭਰ ਬੱਚਿਆਂ ਦੀ ਜਾਇਦਾਦ ਅਤੇ ਦੇਣਦਾਰੀਆਂ ਦਾ ਬਿਓਰਾ ਆਰਡੀਨੈਂਸ ਵਿੱਚ ਜਿਕਰ ਕੀਤੇ ਚੋਣਵੇਂ ਹਾਲਾਤਾਂ ਤਹਿਤ ਹੀ ਕੀਤਾ ਜਾ ਸਕੇਗਾ।

ਇਸ ਆਰਡੀਨੈਂਸ ਅਨੁਸਾਰ ਸੁਪਰੀਮ ਕੋਰਟ ਦੇ ਜੱਜ ਆਪਣੀ ਜਾਇਦਾਦ ਦਾ ਬਿਓਰਾ ਦੇਸ਼ ਦੇ ਪ੍ਰਧਾਨ ਜੱਜ ਨੂੰ ਦੇਣਗੇ, ਵੱਖ-ਵੱਖ ਹਾਈਕੋਰਟਾਂ ਦੇ ਜੱਜ ਸਬੰਧਿਤ ਪ੍ਰਧਾਨ ਜੱਜਾਂ ਨੂੰ ਜਾਇਦਾਦ ਦਾ ਬਿਓਰਾ ਦੇਣਗੇ, ਪਰ ਇਹਨਾਂ ਬਿਓਰਿਆਂ ਨੂੰ ਲੋਕਾਂ ਸਾਹਮਣੇ ਸਰਵਜਨਕ ਨਹੀਂ ਕੀਤਾ ਜਾ ਸਕੇਗਾ।

ਸਰਕਾਰ ਦੁਆਰਾ ਪੇਸ਼ ਕੀਤਾ ਗਿਆ ਇਹ ਆਰਡੀਨੈਂਸ ਵਿਰੋਧੀ ਧਿਰ ਦੇ ਵਿਰੋਧ ਵਜੋਂ ਰੋਕ ਲਿਆ ਗਿਆ ਅਤੇ ਮੀਡੀਆ ਦੇ ਮਾਧਿਅਮ ਰਾਹੀਂ ਇਹ ਮੁੱਦਾ ਕਾਫ਼ੀ ਭੜਕ ਉੱਠਿਆ। ਇਸੇ ਦੌਰਾਨ ਬਲਦੀ ਹੋਈ ਅੱਗ 'ਤੇ ਘੀ ਪਾਉਂਦੇ ਹੋਏ ਕਰਨਾਟਕ ਦੇ ਇੱਕ ਜੱਜ ਨੇ ਆਪਣੀ ਜਾਇਦਾਦ ਸਰਵਜਨਕ ਰੂਪ ਵਿੱਚ ਐਲਾਨ ਦਿੱਤੀ। ਇਸ 'ਤੇ ਪ੍ਰਧਾਨ ਜੱਜ ਨੂੰ ਕਾਫੀ ਤਕਲੀਫ਼ ਹੋਈ ਅਤੇ ਉਹਨਾਂ ਨੇ ਕਰਨਾਟਕ ਦੇ ਜੱਜ ਉੱਤੇ ਦੋਸ਼ ਲਾ ਦਿੱਤਾ ਕਿ ਉਸਨੇ ਲੋਕਪ੍ਰਿਅਤਾ ਖੱਟਣ ਲਈ ਅਜਿਹਾ ਕੀਤਾ ਹੈ। ਇਹਨਾਂ ਘਟਨਾਵਾਂ ਨੇ ਜੱਜਾਂ ਵਿਚਕਾਰ ਇਸਨੂੰ ਬਹਿਸ ਦਾ ਮੁੱਦਾ ਬਣਾ ਦਿੱਤਾ। ਬਾਅਦ ਵਿੱਚ ਸੁਪਰੀਮ ਕੋਰਟ ਦੇ ਜੱਜਾਂ ਵਿੱਚ ਇਹ ਸਹਿਮਤੀ ਬਣੀ ਕਿ ਉਹ ਆਪਣੀ ਮਰਜੀ ਨਾਲ਼ ਆਪਣੀ ਜਾਇਦਾਦ ਦਾ ਬਿਓਰਾ ਸਰਵਜਨਕ ਕਰ ਸਕਦੇ ਹਨ, ਪਰ ਉਹ ਇਸਦੇ ਲਈ ਪਾਬੰਦ ਨਹੀਂ ਹੋਣਗੇ। ਵੱਖ-ਵੱਖ ਹਾਈਕੋਰਟਾਂ ਦੇ ਜੱਜ ਇਸ ਮੁੱਦੇ 'ਤੇ ਸਹਿਮਤ ਨਹੀਂ ਸਨ। ਜੱਜ ਆਪਣੀ ਇੱਛਾ ਨਾਲ਼ ਤਾਂ ਜਾਇਦਾਦ ਦੇ ਬਿਓਰੇ ਸਰਵਜਨਕ ਕਰ ਸਕਦੇ ਹਨ ਪਰ ਆਮ ਲੋਕ ਇਸ ਨੂੰ ਸਰਵਜਨਕ ਕਰਵਾ ਸਕਣ ਜਾਂ ਕੋਈ ਜਾਂਚ ਪੜਤਾਲ ਹੋ ਸਕੇ, ਇਸਦਾ ਕੋਈ ਪ੍ਰਬੰਧ ਨਹੀਂ ਹੈ।

ਆਪਣੀ ਪਿਛਲੀ ਸਰਕਾਰ ਵਿੱਚ ਯੂ.ਪੀ.ਏ. ਸਰਕਾਰ ਨੇ ਪ੍ਰਬੰਧ ਨੂੰ ਪਾਰਦਰਸ਼ੀ ਬਣਾਉਣ ਦਾ ਢੋਂਗ ਕਰਦੇ ਹੋਏ ਸੂਚਨਾ ਅਧਿਕਾਰ ਕਾਨੂੰਨ ਬਣਾਇਆ ਸੀ, ਉਦੋਂ ਉਸਨੇ ਸੋਚਿਆ ਵੀ ਨਹੀਂ ਹੋਣਾ ਕਿ ਇੱਕ ਦਿਨ ਇਹੋ ਕਾਨੂੰਨ ਉਸਦੇ ਗਲੇ 'ਚ ਹੱਡੀ ਬਣ ਜਾਵੇਗਾ। ਆਮ ਲੋਕਾਂ ਨੂੰ ਵੀ ਲੱਗਣ ਲੱਗ ਪਿਆ ਸੀ ਕਿ ਹੁਣ ਤਾਂ ਨੌਕਰਸ਼ਾਹੀ ਦੇ ਗਲੇ 'ਚ ਪਟਾ ਪੈ ਕੇ ਰਹੇਗਾ। ਹਰ ਚੀਜ਼ ਦੀ ਜਾਣਕਾਰੀ ਅਸਾਨੀ ਨਾਲ਼ ਮਿਲ ਜਾਇਆ ਕਰੇਗੀ।

ਹਾਲਾਂਕਿ ਸੂਚਨਾ ਅਧਿਕਾਰ ਕਾਨੂੰਨ ਦੇ ਆਪਣੇ ਬਹੁਤ ਸਾਰੇ ਬਚਾਅ ਦੇ ਰਸਤੇ (ਲੂਪ ਹੋਲਜ) ਹਨ ਕਿ ਕੀ ਤੁਸੀਂ ਜਾਣ ਸਕਦੇ ਹੋਂ ਅਤੇ ਕੀ ਨਹੀਂ। ਕਿੰਨਾ ਜਾਣ ਸਕਦੇ ਹੋ, ਕਿੰਨਾਂ ਨਹੀਂ। ਉਸਦੀਆਂ ਹੱਦਾਂ ਵੀ ਸਨ ਪਰ ਫਿਰ ਵੀ ਕੁਝ ਹੱਦ ਤੱਕ ਲੋਕਾਂ ਨੂੰ ਇਸਦਾ ਫਾਇਦਾ ਮਿਲਿਆ। ਬਹੁਤ ਸਾਰੇ ਵਿਭਾਗਾਂ ਦੀਆਂ ਸੂਚਨਾਵਾਂ ਲੋਕਾਂ ਨੇ ਇਸ ਕਾਨੂੰਨ ਤਹਿਤ ਹਾਸਿਲ ਕੀਤੀਆਂ, ਪਰ ਨਿਆਂ ਪ੍ਰਬੰਧ ਹੁਣ ਇਸ ਕਾਨੂੰਨ ਦੇ ਦਾਇਰੇ ਵਿੱਚ ਆਉਣ ਲਈ ਤਿਆਰ ਨਹੀਂ। ਸਰਕਾਰ ਵੀ ਨਹੀਂ ਚਾਹੁੰਦੀ ਕਿ ਨਿਆਂਪਾਲਿਕਾ ਇਸ ਕਾਨੂੰਨ ਤਹਿਤ ਆਵੇ।

ਵਰਣਨਯੋਗ ਹੈ ਕਿ ਦਿੱਲੀ ਦੇ ਇੱਕ ਨਾਗਰਿਕ ਨੇ ਸੂਚਨਾ ਅਧਿਕਾਰ ਕਾਨੂੰਨ ਤਹਿਤ ਇਹ ਜਾਣਕਾਰੀ ਇਕੱਠੀ ਕੀਤੀ ਕਿ ਪਿਛਲੇ 2 ਸਾਲਾਂ ਵਿੱਚ ਸੁਪਰੀਮ ਕੋਰਟ ਦੇ ਜੱਜਾਂ ਨੇ 1.4 ਕਰੋੜ ਰੁਪਏ ਸਿਰਫ਼ ਵਿਦੇਸ਼ੀ ਸਫ਼ਰਾਂ 'ਤੇ ਖਰਚ ਕੀਤੇ। ਉਸਨੇ ਜਦੋਂ ਜੱਜਾਂ ਦੇ ਹੋਟਲਾਂ ਵਿੱਚ ਠਹਿਰਨ, ਯਾਤਰਾ ਭੱਤਿਆਂ ਅਤੇ ਰੋਜਮਰ੍ਹਾ ਦੇ ਖਰਚਿਆਂ ਦੀ ਜਾਣਕਾਰੀ ਲੈਣੀ ਚਾਹੀ ਤਾਂ ਕਾਨੂੰਨ ਅਤੇ ਨਿਆਂ ਮੰਤਰਾਲਾ ਨੇ ਇਹ ਜਾਣਕਾਰੀ ਦੇਣ ਤੋਂ ਮਨ੍ਹਾਂ ਕਰ ਦਿੱਤਾ।

ਹੁਣ ਸੋਚਣ ਦੀ ਗੱਲ ਇਹ ਹੈ ਕਿ ਆਖ਼ਿਰ ਕਿਉਂ ਸਰਕਾਰ ਨਿਆਂ ਪ੍ਰਬੰਧ ਨੂੰ ਸੂਚਨਾ ਅਧਿਕਾਰ ਕਾਨੂੰਨ ਦੇ ਦਾਇਰੇ ਤੋਂ ਬਾਹਰ ਰੱਖਣਾ ਚਾਹੁੰਦੀ ਹੈ?

ਗੱਲ ਸ਼ੀਸ਼ੇ ਦੀ ਤਰ੍ਹਾਂ ਸਾਫ਼ ਨਜ਼ਰ ਆਉਂਦੀ ਹੈ ਕਿ ਅੱਜ ਜਦੋਂ ਪੂੰਜੀਵਾਦੀ ਪ੍ਰਬੰਧ ਦੇ ਸਾਰੇ ਅੰਗ ਪੂਰੀ ਤਰ੍ਹਾਂ ਖੋਖਲੇ ਹੋ ਚੁੱਕੇ ਹਨ। ਉਸਦੀ ਸਾਰੀ ਗੰਦਗੀ ਅਤੇ ਨੀਚਤਾ ਪੂਰੀ ਤਰ੍ਹਾਂ ਖੁਲ੍ਹੇ ਤੌਰ 'ਤੇ ਲੋਕਾਂ ਸਾਹਮਣੇ ਆ ਚੁੱਕੀ ਹੈ। ਪੁਲੀਸ, ਪ੍ਰਸ਼ਾਸਨ, ਸਰਕਾਰ, ਨੌਕਰਸ਼ਾਹੀ ਦੇ ਸਾਰੇ ਭ੍ਰਿਸ਼ਟਾਚਾਰ ਸੜ੍ਹਾ 'ਤੇ ਉੱਭਰ ਕੇ ਸਾਹਮਣੇ ਆ ਗਏ ਹਨ, ਤਾਂ ਪ੍ਰਬੰਧ ਦਾ ਕੋਈ ਅੰਗ ਤਾਂ ਅਜਿਹਾ ਹੋਣਾ ਚਾਹੀਦਾ ਹੈ

**(ਬਾਕੀ ਸਫ਼ਾ 24 'ਤੇ)**

# ਧਰਤੀ ਉੱਤੇ ਨਰਕ

● ਰਾਜਵਿੰਦਰ

ਨਰਕ ਬਾਰੇ ਤੁਸੀਂ ਸਭ ਨੇ ਸੁਣਿਆ ਹੋਵੇਗਾ। ਰੱਬ ਵਿੱਚ ਵਿਸ਼ਵਾਸ਼ ਰੱਖਣ ਵਾਲਿਆਂ ਦੁਆਰਾ ਨਰਕ ਦੀ ਜੋ ਤਸਵੀਰ ਲੋਕਾਂ ਨੂੰ ਦੱਸੀ ਜਾਂਦੀ ਹੈ ਉਸ ਬਾਰੇ ਸੋਚ ਕੇ ਇੱਕ ਵਾਰ ਤਾਂ ਬੰਦਾ ਸਹਿਮ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਨਰਕਾਂ ਵਿੱਚ ਜਾਣ ਵਾਲ਼ੇ ਨੂੰ ਬੁਰੇ ਕੰਮਾਂ ਬਦਲੇ ਭਿਆਨਕ ਤਸੀਹੇ ਦਿੱਤੇ ਜਾਂਦੇ ਹਨ। ਪਰ ਕੀ ਤੁਸੀ ਸੋਚ ਸਕਦੇ ਹੋ ਕਿ ਇਸ ਧਰਤੀ ਉੱਪਰ ਵੀ ਨਰਕ ਹੋ ਸਕਦਾ ਹੈ ?

ਮੈਂ ਤੁਹਾਡੀ ਮੁਲਾਕਾਤ ਧਰਤੀ ਉੱਪਰਲੇ ਨਰਕ ਦੇ ਵਾਸੀਆਂ ਨਾਲ਼ ਕਰਾਉਣ ਜਾ ਰਿਹਾ ਹਾਂ ਜਿੱਥੇ ਉਹਨਾਂ ਨੂੰ ਇਸੇ ਧਰਤੀ 'ਤੇ ਹੀ ਰਹਿਣ ਵਾਲ਼ੇ ਯਮਰਾਜਾਂ ਅਤੇ ਯਮਦੂਤਾਂ ਵਲੋਂ ਭਿਆਨਕ ਤਸੀਹੇ ਦਿੱਤੇ ਜਾ ਰਹੇ ਹਨ। ਇਹ ਹਿੰਦੋਸਤਾਨ ਦੀ ਧਰਤੀ ਉੱਤੇ ਵਸੇ ਬਹੁਤ ਸਾਰੇ ਨਰਕਾਂ ਵਿੱਚੋਂ ਸਿਰਫ਼ ਇੱਕ ਨਰਕ ਹੈ।

ਈ. ਡਬਲਿਉ. ਐਸ. ਕਲੋਨੀ (ਇਕਨੋਮੀਕਲੀ ਵੀਕਰਜ ਸੈਕਸ਼ਨ) ਲੁਧਿਆਣੇ ਦੇ ਉੱਤਰ-ਪੂਰਬ ਦਿਸ਼ਾ ਵਿੱਚ ਸਮਰਾਲਾ ਚੌਂਕ ਕੋਲ਼ ਵਰਧਮਾਨ ਮਿਲ ਦੇ ਪਿੱਛੇ ਵਸੀ ਇੱਕ ਮਜ਼ਦੂਰ ਬਸਤੀ ਹੈ। ਇਸ ਬਸਤੀ ਵਿੱਚ ਜਿਆਦਾਤਰ ਫੈਕਟਰੀ ਵਰਕਰ (ਹੌਜਰੀ, ਧਾਗਾ ਪਲਾਂਟ, ਸਟੀਲ ਵਰਕਰ ਆਦਿ) ਰਹਿੰਦੇ ਹਨ। ਇਸ ਤੋਂ ਇਲਾਵਾ ਰੇਹੜੀ ਫੜੀ ਵਾਲੇ, ਸਫਾਈ ਕਰਮਚਾਰੀ, ਕਚਰਾ ਚੁਗਣ ਵਾਲ਼ੇ ਗਰੀਬਾਂ ਦੀ ਵੱਡੀ ਅਬਾਦੀ ਵੱਸਦੀ ਹੈ। ਇਹ ਲੋਕ ਸਵੇਰ ਤੋਂ ਸ਼ਾਮ ਤੱਕ ਹੱਡ ਭੰਨਵੀਂ ਮਿਹਨਤ ਕਰਕੇ ਜਿਵੇਂ-ਤਿਵੇਂ ਆਪਣੀ ਜਿੰਦਗੀ ਦਾ ਸਫ਼ਰ ਮੁਕਾ ਰਹੇ ਹਨ। ਇਸ ਕਲੋਨੀ ਵਿੱਚ ਸਵੇਰੇ ਸਾਢੇ ਛੇ ਵਜੇ ਤੋਂ ਹੀ ਕੰਪਨੀਆਂ ਦੀਆਂ ਬੱਸਾਂ ਦਾ ਆਉਣਾ ਸ਼ੁਰੂ ਹੋ ਜਾਂਦਾ ਹੈ। ਜਿਨ੍ਹਾਂ ਰਾਹੀਂ ਧਾਗਾ ਪਲਾਂਟਾਂ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਅਤੇ ਆਦਮੀਆਂ ਨੂੰ ਫੈਕਟਰੀਆਂ ਤੱਕ ਢੋਇਆ ਜਾਂਦਾ ਹੈ। ਜੇ ਤੁਸੀਂ ਕਿਸੇ ਸਵੇਰ ਕਲੋਨੀ ਦੇ ਕਿਸੇ ਕੋਨੇ 'ਤੇ ਖਲੋ ਕੇ ਵੇਖੋਂ ਤਾਂ ਤੁਸੀਂ ਸੋਚੋਗੇ ਕਿ ਏਨੇ ਸਾਰੇ ਮਜ਼ਦੂਰ ਅਚਾਨਕ ਕਿੱਥੋਂ ਨਿਕਲ ਆਏ ਜਦੋਂ ਕਿ ਇਲਾਕਾ ਤਾਂ ਬਿਲਕੁਲ ਛੋਟਾ ਜਿਹਾ ਹੈ।

ਈ. ਡਬਲਿਉ. ਐਸ. ਕਲੋਨੀ ਵਿੱਚ 40 ਗਜ ਦੇ ਪਲਾਟਾਂ ਵਿੱਚ ਬਣੇ ਲਗਭਗ 3000 ਘਰਾਂ ਵਿੱਚ ਲਗਭਗ 35000 ਲੋਕ ਵਸਦੇ ਹਨ। ਇਹ ਕਲੋਨੀ 1992 ਵਿੱਚ ਬਣਾਈ ਗਈ ਸੀ। ਇਸ ਦੇ ਜਿਆਦਾਤਰ ਵਾਸੀ ਵਰਧਮਾਨ ਮਿਲ ਦੇ ਸਾਹਮਣੇ 39 ਸੈਕਟਰ ਦੇ ਨਾਲ਼ ਬਣੀ ਝੋਪੜ-ਪੱਟੀ ਵਿੱਚ ਰਹਿੰਦੇ ਸਨ ਅਤੇ ਉਸ ਕੀਮਤੀ ਜ਼ਮੀਨ ਨੂੰ ਖਾਲੀ ਕਰਾਉਣ ਲਈ ਪੁੱਡਾ ਨੇ ਇਹ ਕਲੋਨੀ ਮਜ਼ਦੂਰਾਂ ਲਈ ਬਣਾ ਦਿੱਤੀ ਜਿਸ ਦੀ ਕੁਝ ਕੀਮਤ ਵੀ ਤੈਅ ਕੀਤੀ ਗਈ ਸੀ ਜੋ ਮਹੀਨਾਵਾਰ ਕਿਸ਼ਤਾਂ ਰਾਹੀਂ ਚੁਕਤਾ ਕਰਨੀ ਸੀ। ਪਰ ਹੌਲੀ-ਹੌਲੀ ਕਾਫ਼ੀ ਲੋਕ ਥਾਂ ਵੇਚ ਕੇ ਚਲੇ ਗਏ। ਹੁਣ ਕਲੋਨੀ ਵਿੱਚ ਹੇਠਲੇ ਮੱਧਵਰਗ ਦੇ ਵੀ ਕਾਫ਼ੀ ਲੋਕ ਘਰ ਬਣਾ ਕੇ ਰਹਿ ਰਹੇ ਹਨ। ਜੋ ਜਾਂ ਤਾਂ ਕੋਈ ਬਿਜਨਸ ਕਰਦੇ ਹਨ ਜਾਂ ਫਿਰ ਆਸਪਾਸ ਹੀ ਦੁਕਾਨਾਂ ਬਣਾ ਕੇ ਬੈਠੇ ਹਨ। ਇੱਥੇ ਵੱਖ ਵੱਖ ਧਰਮਾਂ-ਜਾਤਾਂ ਦੇ ਲੋਕ ਵੱਖ ਵੱਖ ਰਾਜਾਂ ਜਿਵੇਂ ਕਿ ਉੱਤਰ ਪ੍ਰਦੇਸ਼, ਬਿਹਾਰ, ਰਾਜਸਥਾਨ ਆਦਿ ਤੋਂ ਆ ਕੇ ਵਸੇ ਹਨ।

ਸ਼ੁਰੂ ਵਿੱਚ ਕਲੋਨੀ ਵਿੱਚ ਸੀਵਰੇਜ ਨਹੀਂ ਸੀ। ਪਖਾਨੇ ਲਈ ਹਰ ਇੱਕ ਬਲਾਕ ਵਿੱਚ ਇੱਕ-ਇੱਕ ਸੁਲਭ ਸ਼ੌਚਾਲਿਆ ਬਣਾਇਆ ਗਿਆ। ਇਸ ਤੋਂ ਬਾਅਦ ਕਲੋਨੀ ਵਾਸੀਆਂ ਨੇ ਆਪਣੀ ਸਮੱਰਥਾ ਅਤੇ ਜ਼ਰੂਰਤ ਦੇ ਹਿਸਾਬ ਨਾਲ਼ ਮਕਾਨ ਬਣਾ ਲਏ ਅਤੇ ਕੁਝ ਕਮਰੇ ਬਣਾ ਕੇ ਕਿਰਾਏ 'ਤੇ ਚੜ੍ਹਾ ਦਿੱਤੇ ਜੋ ਬਾਹਰੀ ਰਾਜਾਂ ਤੋਂ ਆਏ ਮਜ਼ਦੂਰਾਂ ਲਈ ਸਸਤੇ ਅਵਾਸ ਦੀ ਜ਼ਰੂਰਤ ਪੂਰੀ ਕਰਦੇ ਹਨ।

ਪਰ ਮੌਜੂਦਾ ਸਮੇਂ ਕਲੋਨੀ ਇੱਕ ਨਰਕ ਕੁੰਡ ਦਾ ਰੂਪ ਧਾਰਨ ਕਰ ਚੁੱਕੀ ਹੈ। ਇਸ ਨਰਕ ਅੰਦਰ ਦਾਖਲ ਹੋਣ ਤੋਂ ਪਹਿਲਾਂ ਬਦਬੂ ਅਤੇ ਕਲੋਨੀ ਵਿੱਚ ਦਾਖਲ ਹੋਣ ਤੋਂ ਬਾਅਦ ਕਚਰਾ, ਗੰਦਾ ਪਾਣੀ, ਗੰਦਗੀ ਦੇ ਢੇਰ ਅਤੇ ਗਲੀਆਂ ਵਿੱਚ ਵਹਿੰਦਾ ਮਲਤਿਆਗ ਤੁਹਾਡਾ ਦਮ ਘੁਟਣ ਲਾ ਦੇਵੇਗਾ। ਪਰ ਨਾਲ਼ ਹੀ ਤੁਸੀਂ ਇਸ ਗੰਦਗੀ ਵਿੱਚ ਵੀ ਜਿੰਦਗੀ ਵੇਖੋਗੇ ਜਿੱਥੇ ਬਚਪਨ ਮੱਖੀਆਂ, ਮੱਛਰਾਂ ਵੱਚ ਪਲ-ਖੇਡ ਰਿਹਾ ਹੈ। ਬਜ਼ੁਰਗ ਆਪਣੇ ਅੰਤਿਮ ਸਮੇਂ ਦਾ ਇੰਤਜਾਰ ਕਰਦੇ ਨਰਕ ਭੋਗ ਰਹੇ ਹਨ। ਔਰਤਾਂ ਦੀ ਵੱਡੀ ਅਬਾਦੀ ਚੁੱਲੇ-ਚੌਂਕੇ ਦਾ ਕੰਮ ਮੁਕਾ ਕੇ ਕਾਰਖਾਨਿਆਂ ਦੇ ਛੋਟੇ-ਛੋਟੇ ਕੰਮਾਂ ਜਿਵੇਂ ਕਿ (ਸ਼ਾਲਾਂ ਦੇ ਬੰਬਲ ਵੱਟਣਾ) ਵਿੱਚ ਰੁੱਝੀ ਵਿਖਾਈ ਦਿੰਦੀ ਹੈ ਜੋ ਜਿੰਦਗੀ ਜੀਣ ਲਈ ਜਰੂਰੀ ਬਣ ਚੁੱਕੇ ਹਨ। ਤੁਸੀਂ ਇਸ ਅਬਾਦੀ ਨੂੰ ਵੇਖ ਕੇ ਸੋਚੋਗੇ ਕਿ ਇਨਸਾਨ ਕੋਲ ਜਿੰਦਗੀ ਜੀਣ ਦੀ ਅਥਾਹ ਸਮੱਰਥਾ ਹੈ ਕਿ ਇਨਸਾਨ ਕਿਤੇ ਵੀ ਜੀ ਸਕਦਾ ਹੈ। ਪਰ ਜੇ ਤੁਹਾਡੇ ਸੀਨੇ ਵਿੱਚ ਇੱਕ ਧੜਕਦਾ ਦਿਲ ਹੈ, ਜੇ ਤੁਸੀਂ ਇੱਕ ਸੰਵੇਦਨਸ਼ੀਲ ਇਨਸਾਨ ਹੋ ਤਾਂ ਤੁਸੀਂ ਜ਼ਰੂਰ ਸੋਚੋਗੇ ਕਿ ਜਿਸ ਦੇਸ਼ ਨੂੰ ਦੁਨੀਆਂ ਦੀ ਮਹਾਂਸ਼ਕਤੀ ਬਣ ਸਕਣ ਦੀ ਸਮੱਰਥਾ ਰੱਖਣ ਦੇ ਦਾਅਵੇ ਕੀਤੇ ਜਾਂਦੇ ਹਨ ਕੀ ਇਹ ਉਸੇ ਹੀ ਦੇਸ਼ ਦੇ ਵਾਸੀ ਹਨ ?

ਇਸ ਕਲੋਨੀ ਵਿੱਚ ਰਹਿਣ ਵਾਲ਼ੇ ਇਨਸਾਨਾਂ ਦਾ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਪਿੱਛਾ ਕਰਦੀਆਂ ਰਹਿੰਦੀਆਂ ਹਨ। ਲੁਧਿਆਣਾ ਕਾਰਪੋਰੇਸ਼ਨ ਦਾ ਇਹਨਾਂ ਬਿਮਾਰੀਆਂ ਨੂੰ ਪੂਰਾ ਸਹਿਯੋਗ ਹੈ ਸੋ ਅਸਫਲਤਾ ਹੱਥ ਲੱਗਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਕਾਰਪੋਰੇਸ਼ਨ ਇੱਥੇ ਬਿਮਾਰੀਆਂ ਫੈਲਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਿਹਾ ਹੈ। ਹਰ ਵਰ੍ਹੇ ਕੁਝ ਮੌਤਾਂ ਡਾਇਰੀਏ, ਡੇਂਗੂ, ਟੀ.ਬੀ. ਆਦਿ ਕਾਰਨ ਹੋ ਜਾਂਦੀਆਂ ਹਨ। ਪਰ ਈ. ਡਬਲਿਊ. ਐਸ. ਕਲੋਨੀ ਦੇ ਸੰਦਰਭ ਵਿੱਚ ਗੱਲ ਹੋਰ ਹੈ। ਇੱਥੇ ਜਲ ਹੀ ਮੌਤ ਹੈ। ਬਿਮਾਰੀਆਂ ਦਾ ਸਭ ਤੋਂ ਕਾਰਗਰ ਵਾਹਕ ਹੈ ਉਹ ਪਾਣੀ ਜੋ ਪੀਣ ਯੋਗ ਤਾਂ ਹੁੰਦਾ ਨਹੀਂ ਪਰ ਪੀਣਾ ਪੈਂਦਾ ਹੈ। ਕਾਰਪੋਰੇਸ਼ਨ ਦੇ ਟਿਊਬਵੈਲ ਤੋਂ ਨਿਰੰਤਰ ਹੁੰਦੀ ਗੰਦੇ ਪਾਣੀ ਦੀ ਸਪਲਾਈ ਕਾਰਨ ਪੇਟ ਦੀਆਂ ਬਿਮਾਰੀਆਂ, ਬੱਚਿਆਂ ਦੇ ਪੇਟ ਵਿੱਚ ਕੀੜੇ ਆਦਿ ਪਲਦੇ ਰਹਿੰਦੇ ਹਨ। ਕਲੋਨੀ ਨੂੰ ਬਣੇ ਹੋਏ 17 ਸਾਲ ਹੋ ਚੁੱਕੇ ਹਨ। ਪਾਣੀ ਵਾਲੀਆਂ ਪਾਈਪਾਂ ਪੁਰਾਣੀਆਂ ਹੋ ਚੁੱਕੀਆਂ ਹਨ। ਥਾਂ-ਥਾਂ ਤੋਂ ਗਲ ਚੁੱਕੀਆਂ ਹਨ। ਕਿਤੇ ਕਿਤੇ ਕਨੈਕਸ਼ਨ ਸਹੀ ਤਰੀਕੇ ਨਾਲ਼ ਨਹੀਂ ਕੀਤਾ

ਗਿਆ ਜਿਸ ਵਜੋਂ ਸੀਵਰੇਜ ਦਾ ਪਾਣੀ ਪੀਣ ਵਾਲ਼ੇ ਪਾਣੀ ਦੀਆਂ ਸਪਲਾਈ ਪਾਈਪਾਂ ਵਿੱਚ ਘੁਸ ਜਾਂਦਾ ਹੈ। ਪੀਣ ਲਈ ਮਿਲਣ ਵਾਲ਼ੇ ਪਾਣੀ ਵਿੱਚੋਂ ਬਦਬੂ ਆਉਂਦੀ ਹੈ। ਜੇ ਪਾਣੀ ਦੋ ਦਿਨ ਭਾਂਡੇ ਵਿੱਚ ਰੱਖ ਲਿਆ ਜਾਵੇ ਤਾਂ ਕੀੜੇ ਪੈ ਜਾਂਦੇ ਹਨ! ਜੇ ਤੁਹਾਨੂੰ ਇਸ ਗੱਲ 'ਤੇ ਵਿਸ਼ਵਾਸ ਨਾ ਹੋਵੇ ਤਾਂ ਇੱਕ ਵਾਰ ਕਲੋਨੀ ਵਿੱਚ ਫੇਰਾ ਪਾਉ।

ਸੋ, ਡਾਕਟਰਾਂ ਦੀ ਐਸ਼ ਹੈ। ਇੰਞ ਲੱਗਦਾ ਹੈ ਕਿ ਕਿ ਇਹਨਾਂ ਦਾ ਜਰੂਰ ਹੀ ਮਿਉਂਸੀਪਲ ਕਾਰਪੋਰਸ਼ਨ ਦੇ ਅਧਿਰਕਾਰੀਆਂ ਨਾਲ਼ ਗੱਠਜੋੜ ਹੋਵੇਗਾ। ਕੁਝ ਬਚਾਅ ਲਈ ਪਾਣੀ ਨੂੰ ਪੀਣ ਯੋਗ ਬਣਾਉਣ ਲਈ ਕਲੋਰੀਨ ਅਤੇ ਬਲੀਚਿੰਗ ਪਾਊਡਰ ਵੀ ਪਾਣੀ ਵਿੱਚ ਨਹੀਂ ਪਾਇਆ ਜਾਂਦਾ।

ਗਲੀਆਂ, 'ਪਾਰਕਾਂ', ਵਿੱਚ ਸੀਵਰੇਜ ਦਾ ਪਾਣੀ ਖੜਾ ਰਹਿੰਦਾ ਹੈ। ਇਹ ਗੰਦਾ ਪਾਣੀ ਮੱਛਰ-ਮੱਖੀਆਂ ਦਾ ਘਰ ਹੈ ਜੋ ਕਲੋਨੀ ਵਾਸੀਆਂ ਦੇ ਘਰਾਂ ਵਿੱਚ ਦਹਿਸ਼ਤ ਫੈਲਾਉਂਦੇ ਹਨ। ਗਲੀਆਂ ਵਿੱਚ ਤਾਂ ਏਨਾ ਗੰਦਾ ਪਾਣੀ ਖੜਾ ਹੁੰਦਾ ਹੈ ਕਿ ਲੋਕਾਂ ਦਾ ਘਰਾਂ ਚੋਂ ਬਾਹਰ ਕਦਮ ਪੁੱਟਣਾ ਹੀ ਗੰਦਗੀ 'ਚ ਪੈਰ ਰੱਖਣਾ ਹੈ। ਲੋਕ ਆਪਣੇ ਘਰਾਂ ਅੱਗੇ ਮਿੱਟੀ ਦਾ ਭਰਤ ਪਾਈ ਜਾਂਦੇ ਹਨ। ਗਲੀਆਂ ਉੱਚੀਆਂ ਹੋਈ ਜਾਂਦੀਆਂ ਹਨ। ਗਲੀ ਦੇ ਸਭ ਲੋਕ ਇਸ ਤਰ੍ਹਾਂ ਕਰਦੇ ਹਨ ਤਾਂ ਪਾਣੀ ਲੋਕਾਂ ਦੇ ਘਰਾਂ ਅੰਦਰ ਵੜ ਜਾਂਦਾ ਹੈ। ਅਸਲ ਵਿੱਚ ਕਲੋਨੀ ਦੇ ਕਾਫ਼ੀ ਹਿੱਸੇ ਵਿੱਚ ਤਾਂ ਸੀਵਰੇਜ ਪਿਆ ਹੀ ਨਹੀਂ। ਜਿੱਥੇ ਸੀਵਰੇਜ ਪਾਇਆ ਗਿਆ ਹੈ ਉੱਥੇ ਪਾਈਪਾਂ ਦਾ ਸਾਈਜ਼ ਪਤਲਾ ਹੈ ਜੋ ਸਾਰੇ ਗੰਦੇ ਪਾਣੀ ਅਤੇ ਮਲ-ਤਿਆਗ ਦੀ ਨਿਕਾਸੀ ਦੀ ਸਮੱਰਥਾ ਨਹੀਂ ਰੱਖਦੇ। ਸੀਵਰੇਜ ਜਾਮ ਹੋ ਜਾਣ 'ਤੇ ਇਹਨਾਂ ਦੀ ਸਫਾਈ ਪ੍ਰਤੀ ਵੀ ਕਾਰਪੋਰੇਸ਼ਨ ਦੀ ਕੋਈ ਦਿਲਚਸਪੀ ਨਹੀਂ ਕਿਉਂਕਿ ਇੱਥੇ ਵਸਣ ਵਾਲ਼ੀ ਵੱਡੀ ਮਜ਼ਦੂਰ ਅਬਾਦੀ ਨੂੰ ਤਾਂ ਇਨਸਾਨ ਸਮਝਿਆ ਹੀ ਨਹੀਂ ਜਾਂਦਾ। ਸੋ, ਕਾਰਪੋਰੇਸ਼ਨ ਅਧਿਕਾਰੀਆਂ ਨੂੰ ਕਲੋਨੀ ਦਾ ਗੰਦਗੀ ਨਾਲ਼ ਡੱਕੋ-ਡੱਕ ਭਰਿਆ ਹੋਣਾ ਬਿਲਕੁਲ ਵੀ ਖਰਾਬ ਨਹੀਂ ਲੱਗਦਾ।

ਸੀਵਰੇਜ ਤੋਂ ਇਲਾਵਾ ਕਲੋਨੀ ਦੀ ਸ਼ੋਭਾ ਵਧਾਉਣ ਲਈ ਕਚਰੇ ਦੇ ਢੇਰ ਤੁਹਾਨੂੰ ਇਨਸਾਨਾਂ ਦਾ ਮੂੰਹ ਚਿੜਾਉਂਦੇ ਨਜ਼ਰ ਆਣਗੇ। ਇਹੀ ਕਚਰਾ ਹਵਾ ਵਗਣ ਕਾਰਨ ਇੱਧਰ-ਉੱਧਰ ਉੱਡਦਾ ਰਹਿੰਦਾ ਹੈ ਅਤੇ ਸੀਵਰੇਜ ਬੰਦ ਹੋਣ ਦਾ ਵੀ ਕਾਰਨ ਬਣਦਾ ਹੈ। ਸਾਰੀ ਕਲੋਨੀ ਵਿੱਚ ਤੁਹਾਨੂੰ ਕਿਤੇ ਵੀ ਕੂੜਾ ਸੁੱਟਣ ਲਈ ਕੂੜਾਦਾਨ ਨਜਰੀਂ ਨਹੀਂ ਪੈਣਗੇ। ਗਲੀਆਂ ਅਤੇ ਪਾਰਕ ਹੀ ਵਿਸ਼ਾਲ ਕੂੜਾਦਾਨਾਂ ਦਾ ਰੂਪ ਧਾਰ ਚੁੱਕੇ ਹਨ। ਪਾਰਕਾਂ ਵਿੱਚ ਪਏ ਕੂੜੇ-ਕਚਰੇ ਵਿੱਚ ਸੂਅਰਾਂ ਦੇ ਬੱਚੇ ਮਸਤੀ ਕਰਦੇ ਹਨ ਅਤੇ ਇਨਸਾਨਾਂ ਦੇ ਬੱਚੇ ਇਸ ਖੇਡ ਨੂੰ ਸਰਕਸ ਵਾਂਗ ਬਾਹਰ ਖੜ ਕੇ ਵੇਖਦੇ ਹਨ। ਕਲੋਨੀ ਦੇ ਬਾਹਰ ਵਰਧਮਾਨ ਮਿੱਲ ਦੇ ਪਿੱਛੇ ਆਸਪਾਸ ਦੇ ਮੁਹੱਲਿਆਂ ਦਾ ਕਚਰਾ ਸੁੱਟਿਆ ਜਾਂਦਾ ਹੈ। ਇੱਥੋਂ ਤਾਂ ਤੁਸੀਂ ਆਪਣਾ ਸਾਹ ਰੋਕੇ ਬਿਨਾਂ ਲੰਘ ਹੀ ਨਹੀਂ ਸਕਦੇ।

ਹਮੇਸ਼ਾਂ ਸਾਫ਼-ਸਫਾਈ ਦੇ ਮਾਹੌਲ ਵਿੱਚ ਰਹਿਣ ਵਾਲ਼ਾ ਵਿਅਕਤੀ ਜੇਕਰ ਗਲਤੀ ਨਾਲ਼ ਕਲੋਨੀ ਦੇ ਸੁਲਭ ਸ਼ੌਚਾਲਿਆ ਵੱਲ ਚਲਿਆ ਜਾਵੇ ਤਾਂ ਇੱਥੋਂ ਦੀ ਬਦਬੂ ਉਸਨੂੰ ਬੇਹੋਸ਼ ਹੀ ਕਰ ਦੇਵੇਗੀ। ਇਹਨਾਂ ਸ਼ੁਲਭ ਸ਼ੌਚਾਲਿਆਵਾਂ ਤੋਂ ਭੈੜਾ ਨਰਕ ਕੋਈ ਹੋ ਹੀ ਨਹੀਂ ਸਕਦਾ। ਏਨੀ ਵੱਡੀ ਅਬਾਦੀ ਲਈ ਬਹੁਤ ਹੀ ਥੋੜੇ ਪਖਾਨੇ ਬਣੇ ਹਨ ਜਿਨ੍ਹਾਂ ਵਿੱਚ ਸਾਫ਼-ਸਫ਼ਾਈ ਦਾ ਕੋਈ ਪ੍ਰਬੰਧ ਨਹੀਂ। ਪਖਾਨੇ ਹਮੇਸ਼ਾਂ ਜਾਮ ਰਹਿੰਦੇ ਹਨ। 2000 ਨੰਬਰ ਵਾਲੇ ਮਕਾਨਾਂ ਲਈ ਬਣਿਆ ਸ਼ੁਲਭ ਸ਼ੌਚਾਲਿਆ ਪਿਛਲੇ ਲੱਗਭਗ 5 ਮਹੀਨਿਆਂ ਤੋਂ ਬੰਦ ਪਿਆ ਹੈ। ਔਰਤਾਂ, ਬੱਚੇ, ਮਰਦ ਸਭ ਸਵੇਰੇ ਸਵੇਰੇ ਹੱਥਾਂ ਵਿੱਚ ਬੋਤਲਾਂ ਫੜ ਆਸ ਪਾਸ ਦੇ ਪਲਾਟਾਂ ਵਿੱਚ ਪਖਾਨੇ ਲਈ ਜਾਂਦੇ ਹਨ। ਇੱਕ ਮਜ਼ਦੂਰ ਨੇ ਕਿਹਾ ' ਕਲੋਨੀ ਵਿੱਚ ਰਹਿਣ ਦੀ ਸਭ ਤੋਂ ਵੱਡੀ ਸਜਾ ਪਖਾਨਾ ਜਾਣਾ ਹੈ ਜਿੱਥੇ ਜਾ ਕੇ ਬੰਦੇ ਨੂੰ ਉਲਟੀ ਆਣ ਲੱਗਦੀ ਹੈ।' ਇਸ ਪ੍ਰਕਾਰ ਕਲੋਨੀ ਦੇ ਇਹ ਸ਼ੁਲਭ ਸ਼ੌਚਾਲਿਆ ਕਿਸੇ ਤਸੀਹਾ ਕੇਂਦਰ ਤੋਂ ਘੱਟ ਨਹੀਂ।

ਅਜਿਹੀਆਂ ਹਾਲਤਾਂ ਵਿੱਚ ਰਹਿਣ ਵਾਲੇ ਇਨਸਾਨ ਸ਼ਰੀਰਕ ਅਤੇ ਮਾਨਸਿਕ ਰੂਪ ਵਿੱਚ ਤੰਦਰੁਸਤ ਰਹਿ ਹੀ ਨਹੀਂ ਸਕਦੇ। ਭਿਆਨਕ ਛੂਤ ਅਤੇ ਪੇਟ ਦੀਆਂ ਬਿਮਾਰੀਆਂ ਦਾ ਇਲਾਜ ਕਰਵਾਉਣ ਲਈ ਲੋਕਾਂ ਕੋਲ ਪੈਸਾ ਵੀ ਨਹੀਂ। 12-14 ਘੰਟੇ ਕੰਮ ਕਰਨ ਵਾਲ਼ੇ ਮਜ਼ਦੂਰ ਜੋ ਮਸਾਂ 2500-3000 ਕਮਾਉਂਦੇ ਹਨ ਇਸ ਮਹਿੰਗਾਈ ਦੇ ਜਮਾਨੇ ਵਿੱਚ ਪਰਿਵਾਰ ਦਾ ਢਿੱਡ ਭਰਨ ਤੋਂ ਇਲਾਵਾ ਬੱਚਿਆਂ ਦੀ ਪੜ੍ਹਾਈ ਜਾਂ ਇਲਾਜ ਦਾ ਖਰਚਾ ਨਹੀਂ ਉਠਾ ਪਾਉਂਦੇ। ਬਿਮਾਰ ਹੋਣ 'ਤੇ ਆਰ.ਐਮ.ਪੀ. ਡਾਕਟਰਾਂ ਕੋਲ ਜਾਣਾ ਪੈਂਦਾ ਹੈ ਜੋ 10-20 ਰੁਪਏ ਵਿੱਚ ਰੰਗ-ਬਿਰੰਗੀਆਂ ਗੋਲੀਆਂ ਦੀਆਂ ਦੋ-ਤਿੰਨ ਖੁਰਾਕਾਂ ਦੇ ਦਿੰਦੇ ਹਨ। ਇਹਨਾਂ ਆਰ.ਐਮ.ਪੀ. ਡਾਕਟਰਾਂ ਵਿੱਚੋਂ ਵੱਡੀ ਗਿਣਤੀ ਉਹ ਬੇਰੁਜ਼ਗਾਰ ਹਨ ਜੋ ਕੋਈ ਨੌਕਰੀ ਨਾ ਮਿਲੀ ਹੋਣ ਵਜੋਂ ਕਿਸੇ ਡਾਕਟਰ ਕੋਲ਼ ਸਾਲ ਜਾਂ ਦੋ ਸਾਲ ਲਗਾ ਕੇ ਪੈਸੇ ਕਮਾਉਣ ਲਈ ਲੋਕਾਂ ਦੀ ਜਿੰਦਗੀ ਨਾਲ਼ ਖਿਲਵਾੜ ਕਰ ਰਹੇ ਹਨ। ਡਾਕਟਰਾਂ ਦੀਆਂ ਮੋਟੀਆਂ ਫੀਸਾਂ ਦੇ ਸਕਣ ਤੋਂ ਅਸਮੱਰਥ ਮਜ਼ਦੂਰ ਸਸਤੇ ਇਲਾਜ ਦੀ ਆਸ ਵਿੱਚ ਇਹਨਾਂ ਆਰ.ਐਮ.ਪੀ. 'ਡਾਕਟਰਾਂ' ਦੀ ਸ਼ਰਨ ਵਿੱਚ ਜਾਂਦੇ ਹਨ। ਮਰੀਜ਼ ਦੀ ਹਾਲਤ ਜਦੋਂ ਗੰਭੀਰ ਹੋ ਜਾਂਦੀ ਹੈ ਤਾਂ ਉਹ ਹਸਪਤਾਲ ਵੱਲ ਨੱਠਦੇ ਹਨ। ਡੀ.ਐਮ.ਸੀ., ਸੀ.ਐਮ.ਸੀ. ਜਿਹੇ ਹਸਪਤਾਲ ਫੀਸਾਂ ਨਾ ਦੇ ਸਕਣ ਵਾਲ਼ੇ ਇਹਨਾਂ ਮਰੀਜਾਂ ਨੂੰ ਗੇਟ ਤੋਂ ਬਾਹਰ ਕਰ ਦਿੰਦੇ ਹਨ। ਏਨੇ ਵੱਡੇ ਇਲਾਕੇ ਲਈ ਕੋਈ ਸਰਕਾਰੀ ਹਸਪਤਾਲ ਜਾਂ ਡਿਸਪੈਂਸਰੀ ਨਹੀਂ। ਇੱਕ ਪਾਸੇ ਤਾਂ ਏਡਜ ਜਾਗਰੂਕਤਾ ਜਿਹੀਆਂ ਸਕੀਮਾਂ 'ਤੇ ਪੈਸਾ ਪਾਣੀ ਦੀ ਤਰ੍ਹਾ ਵਹਾਇਆ ਜਾ ਰਿਹਾ ਹੈ ਪਰ ਦੂਜੇ ਪਾਸੇ ਲੋਕ ਉਹਨਾਂ ਬਿਮਾਰੀਆਂ ਨਾਲ਼ ਮਰ ਰਹੇ ਹਨ ਜਿਹਨਾਂ ਦਾ ਇਲਾਜ ਕਈ ਦਹਾਕੇ ਪਹਿਲਾਂ ਹੀ ਲੱਭ ਲਿਆ ਗਿਆ ਹੈ। ਸਰਕਾਰ ਗਰੀਬ ਲੋਕਾਂ ਦੀ ਸਿਹਤ ਸੁਰੱਖਿਆ ਦੀ ਚਿੰਤਾ ਕਰਨ ਦੇ ਮਹਿਜ ਡਰਾਮੇ ਹੀ ਕਰਦੀ ਹੈ। ਇਸਦਾ ਜਿਉਂਦਾ ਜਾਗਦਾ ਸਬੂਤ ਈ. ਡਬਲਿਉ.ਐਸ. ਕਲੋਨੀ ਵਿੱਚ ਵਸਦੇ ਲੋਕਾਂ ਦੀ ਹੋਣੀ ਹੈ।

ਏਨੀ ਵੱਡੀ ਅਬਾਦੀ ਵਾਲ਼ੀ ਇਸ ਕਲੋਨੀ ਦੇ ਬੱਚਿਆਂ ਦੀ ਪੜ੍ਹਾਈ ਲਈ ਵੱਖ ਤੋਂ ਕੋਈ ਸਰਕਾਰੀ ਸਕੂਲ ਨਹੀਂ ਹੈ। ਕਲੋਨੀ ਵਿੱਚ ਰਹਿਣ ਵਾਲ਼ੇ ਦੂਸਰੇ ਰਾਜਾਂ ਤੋਂ ਆਏ ਮਜ਼ਦੂਰਾਂ ਦੇ ਬੱਚੇ ਪੜ੍ਹਨ ਲਈ ਕਲੋਨੀ ਜਾਂ ਆਸਪਾਸ ਦੇ ਮੁਹੱਲਿਆਂ ਵਿੱਚ ਵਿੱਦਿਆ ਦੀਆਂ ਦੁਕਾਨਾਂ ਵਿੱਚ ਪੜ੍ਹਨ ਜਾਂਦੇ ਹਨ। ਇਹਨਾਂ ਪ੍ਰਾਈਵੇਟ ਸਕੂਲਾਂ ਵਿੱਚ ਬੇਹੱਦ ਘੱਟ ਤਨਖਾਹ 500-1000 'ਤੇ ਅਧਿਆਪਕ ਕੁੜੀਆਂ ਰੱਖੀਆਂ ਹੁੰਦੀਆਂ ਹਨ ਜਿਨ੍ਹਾਂ ਤੋਂ ਸਵੇਰੇ ਅੱਠ ਵਜੇ ਤੋਂ ਲੈ

ਕੇ ਸ਼ਾਮ 4-5 ਵਜੇ ਤੱਕ ਕੰਮ ਲਿਆ ਜਾਂਦਾ ਹੈ। ਇਹਨਾਂ 10 ਜਾਂ 12 ਜਮਾਤਾਂ ਪਾਸ ਅਧਿਆਪਕਾਂ ਕੋਲ ਵੈਸੇ ਕੋਈ ਪੜ੍ਹਾਉਣ ਦੀ ਟ੍ਰੇਨਿੰਗ ਨਹੀਂ ਹੁੰਦੀ। 'ਅਧਿਆਪਕਾਂ' ਦੀ ਘਰ ਦਾ ਗੁਜਾਰਾ ਚਲਾਉਣ ਦੀ ਮਜ਼ਬੂਰੀ ਦੇ ਸਹਾਰੇ ਸਕੂਲ ਮਾਲਕਾਂ ਦਾ ਮੁਨਾਫੇ ਦਾ ਧੰਦਾ ਚਲਦਾ ਹੈ। ਬਸ ਕਹਿਣ ਦੀ ਹੀ ਸਿੱਖਿਆ ਇਹਨਾਂ ਸਕੂਲਾਂ ਵਿੱਚ ਪੜ੍ਹਨ ਵਾਲ਼ੇ ਬੱਚਿਆਂ ਦੇ ਪੱਲੇ ਪੈਂਦੀ ਹੈ। ਇਸ ਤਰ੍ਹਾਂ ਦੀ ਪੜਾਈ ਹਾਸਿਲ ਕਰਨ ਵਾਲ਼ੇ ਬੱਚਿਆਂ ਬਾਰੇ ਇਹ ਅਨੁਮਾਨ ਤਾਂ ਅਸਾਨੀ ਨਾਲ਼ ਹੀ ਲਾਇਆ ਜਾ ਸਕਦਾ ਹੈ ਕਿ ਮਜ਼ਦੂਰਾਂ ਦੇ ਇਹ ਬੱਚੇ ਕਾਨਵੈਂਟ ਸਕੂਲਾਂ ਵਿੱਚ ਪੜ੍ਹਨ ਵਾਲ਼ੇ ਅਮੀਰਾਂ ਦੇ ਬੱਚਿਆਂ ਦਾ ਕਿਤੇ ਵੀ ਮੁਕਾਬਲਾ ਨਹੀਂ ਕਰ ਸਕਣਗੇ। ਸੋ, ਕਲੋਨੀ ਦੇ ਬੱਚਿਆਂ ਦੀ ਪੜਾਈ ਦੀ ਇਸ ਹਾਲਤ ਤੋਂ ਇਹ ਨਤੀਜਾ ਕੱਢਣਾ ਗਲਤ ਨਹੀਂ ਹੋਵੇਗਾ ਕਿ ਸਿੱਖਿਆ ਦੇ ਸਭ ਅਧਿਕਾਰ ਅਮੀਰਾਂ ਲਈ ਰਾਖਵੇਂ ਹਨ। ਵੱਡੀ ਗਿਣਤੀ ਬੱਚੇ ਘਰ ਦੇ ਕੰਮਾਂ ਵਿੱਚ ਹੀ ਹੱਥ ਵਟਾਉਂਦੇ ਹਨ ਜਾਂ ਕੋਈ ਰੇਹੜੀ-ਫੜ੍ਹੀ ਲਗਾਉਂਦੇ ਹਨ। ਨੌਜਵਾਨ ਹੋਣ 'ਤੇ ਫੈਕਟਰੀਆਂ ਵਿੱਚ ਆਪਣੇ ਪਿਤਾ-ਮਾਤਾ ਦੀ ਥਾਂ 'ਤੇ ਮਸ਼ੀਨਾਂ ਦੇ ਪੁਰਜੇ ਬਣਦੇ ਹਨ।

ਇਹਨਾਂ ਸਾਰੀਆਂ ਪ੍ਰੇਸ਼ਾਨੀਆਂ ਨੇ ਇਕੱਠੇ ਹੋ ਕੇ ਮੌਜੂਦਾ ਸਮੇਂ ਗੰਭੀਰ ਰੂਪ ਧਾਰ ਲਿਆ ਹੈ। ਇਸ ਸਮੇਂ ਕਲੋਨੀ ਵਿੱਚ ਪੇਚਸ, ਮਲੇਰੀਆਂ ਆਦਿ ਬਿਮਾਰੀਆਂ ਨੇ ਵੱਡੇ ਪੱਧਰ 'ਤੇ ਕਲੋਨੀ ਵਾਸੀਆਂ 'ਤੇ ਹਮਲਾ ਕੀਤਾ ਹੋਇਆ ਹੈ। ਇਸ ਸਬੰਧੀ ਪਿਛਲੇ ਕਾਫ਼ੀ ਸਮੇਂ ਤੋਂ ਲੋਕ ਜਾ ਕੇ ਕੌਂਸਲਰ ਨੂੰ ਮਿਲਦੇ ਰਹੇ ਅਤੇ ਆਪਣੀਆਂ ਪ੍ਰੇਸ਼ਾਨੀਆਂ ਹੱਲ ਕਰਨ ਲਈ ਬੇਨਤੀ ਕੀਤੀ। ਪਰ ਮਹਿਲਾ ਕੌਂਸਲਰ ਨੇ ਕਿਹਾ ਕਿ ਤੁਸੀਂ ਕਿਹੜਾ ਮੈਨੂੰ ਵੋਟ ਪਾਈ ਹੈ। ਮਜ਼ਦੂਰ ਇਹਨਾਂ ਲੀਡਰਾਂ ਲਈ ਸਿਰਫ਼ ਵੋਟ ਪਰਚੀ ਹਨ ਜਿਸ ਦੇ ਇਸਤੇਮਾਲ ਹੋਣ ਤੋਂ ਬਾਅਦ ਉਸ ਦੀ ਕੋਈ ਅਹਿਮੀਅਤ ਨਹੀਂ ਰਹਿ ਜਾਂਦੀ।

ਪਿਛਲੇ ਦਿਨੀਂ ਇਹਨਾਂ ਸਮੱਸਿਆਵਾਂ ਨੂੰ ਹੱਲ ਕਰਾਉਣ ਲਈ ਕਾਰਖਾਨਾ ਮਜ਼ਦੂਰ ਯੂਨੀਅਨ ਲੁਧਿਆਣਾ ਵਲੋਂ ਯਤਨ ਆਰੰਭੇ ਗਏ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਲੋਕਾਂ ਦੇ ਜਾਗਰੂਕ ਅਤੇ ਜੱਥੇਬੰਦ ਹੋਏ ਬਿਨਾਂ ਉਹਨਾਂ ਦੇ ਮਸਲਿਆਂ ਦਾ ਹੱਲ ਨਹੀਂ ਹੋਣ ਲੱਗਾ। ਯੂਨੀਅਨ ਨੇ ਇੱਕ ਪਰਚੇ ਰਾਹੀਂ ਸਾਫ-ਸਫਾਈ, ਸੀਵਰੇਜ ਅਤੇ ਸਿਹਤ ਸੁਰੱਖਿਆ ਸੰਬੰਧੀ ਮੰਗਾਂ 'ਤੇ ਲੋਕਾਂ ਨੂੰ ਜੱਥੇਬੰਦ ਹੋਣ ਦਾ ਸੱਦਾ ਦਿੱਤਾ ਹੈ। ਘਰ-ਘਰ ਜਾ ਕੇ ਇਹ ਪਰਚਾ ਵੰਡਿਆ ਗਿਆ। 13 ਸਤੰਬਰ ਨੂੰ ਕਲੋਨੀ ਵਾਸੀਆਂ ਦੀ ਇੱਕ ਖੁੱਲੀ ਮੀਟਿੰਗ ਵੀ ਬੁਲਾਈ ਗਈ। ਮੀਟਿੰਗ ਵਿੱਚ 50 ਕੁ ਆਦਮੀ ਅਤੇ 10 ਕੁ ਔਰਤਾਂ ਨੇ ਹਿੱਸਾ ਲਿਆ। ਵਿਚਾਰ-ਵਟਾਂਦਰੇ ਤੋਂ ਬਾਅਦ ਫੈਸਲਾ ਲਿਆ ਗਿਆ ਕਿ ਇੱਕ ਅਰਜੀ ਕਾਰਪੋਰੇਸ਼ਨ ਦਫ਼ਤਰ ਦਿੱਤੀ ਜਾਵੇ ਜਿਸ ਨਾਲ਼ ਕਲੋਨੀ ਵਿੱਚੋਂ ਘਰ-ਘਰ ਤੋਂ ਹਸਤਾਖਰ ਕਰਵਾ ਕੇ ਦਿੱਤੇ ਜਾਣ। 15 ਸਤੰਬਰ ਨੂੰ 30 ਕੁ ਜਾਣਿਆ ਦਾ ਪ੍ਰਤੀਨਿਧੀ ਮੰਡਲ ਕਾਰਖਾਨਾ ਮਜ਼ਦੂਰ ਯੂਨੀਅਨ ਦੀ ਅਗਵਾਈ ਕਾਰਪੋਰੇਸ਼ਨ ਦਫ਼ਤਰ ਗਿਆ ਅਤੇ ਮਹਿਕਮੇ ਵਲੋਂ ਸਮੱਸਿਆਵਾਂ ਵੀ ਹੱਲ ਕਰਾਉਣ ਦਾ ਭਰੋਸਾ ਦਿੱਤਾ ਗਿਆ। ਪ੍ਰਤੀਨਿਧੀ ਮੰਡਲ ਨੇ ਇਹ ਚੇਤਾਵਨੀ ਵੀ ਦਿੱਤੀ ਕਿ ਜੇਕਰ ਕਲੋਨੀ ਦੇ ਮਸਲੇ ਹੱਲ ਨਹੀਂ ਕੀਤੇ ਜਾਂਦੇ ਤਾਂ ਕਲੋਨੀ ਦੇ ਲੋਕ ਤਿੱਖੇ ਸੰਘਰਸ਼ ਦੇ ਰਾਹ ਪੈਣਗੇ। ਵੈਸੇ ਯੂਨੀਅਨ ਨੂੰ ਇਸ ਵਿੱਚ ਕੋਈ ਸ਼ੱਕ ਵੀ ਨਹੀਂ ਸੀ ਕਿ ਸਿਰਫ਼ ਮੰਗ ਪੱਤਰ ਸੌਂਪਣ ਨਾਲ਼ ਹੀ ਕਲੋਨੀ ਦੇ ਮਸਲੇ ਹੱਲ ਨਹੀਂ ਹੋਣ ਲੱਗੇ। ਮਸਲੇ ਇਕਜੁੱਟ ਲੋਕਾਂ ਦੇ ਲੁਧਿਆਣਾ ਪ੍ਰਸ਼ਾਸਨ ਖਿਲਾਫ਼ ਸੜਕਾਂ 'ਤੇ ਉੱਤਰ ਕੇ ਹੀ ਹੱਲ ਹੋਣਗੇ।

ਹੁਣ ਜੇ.ਈ. ਦਾ ਕਹਿਣਾ ਹੈ ਕਿ ਉਹਨਾਂ ਕੋਲ ਸਫ਼ਾਈ ਮੁਲਾਜਮਾਂ ਦੀ ਕਮੀ ਹੈ। ਜਿਹੜੇ ਹਨ ਉਹ ਲਗਾਤਰ ਕੰਮ ਵਿੱਚ ਜੁਟੇ ਹੋਏ ਹਨ। ਸੀਵਰੇਜ ਦੀ ਸਫਾਈ ਵਾਸਤੇ ਸਿਰਫ਼ 2 ਹੀ ਮੁਲਾਜਮ ਹਨ ਜੋ ਦਿਨ-ਰਾਤ ਇੱਕ ਕਰਕੇ ਵੀ ਸਾਰੇ ਸੀਵਰੇਜ ਦਾ ਸਹੀ ਤਰੀਕੇ ਨਾਲ਼ ਪ੍ਰਬੰਧ ਨਹੀਂ ਕਰ ਸਕਦੇ। ਝਾੜੂ ਲਾਉਣ ਲਈ 4-5 ਸਫਾਈ ਮੁਲਾਜਮ ਹੀ ਹਨ! ਉਹਨਾਂ ਵਾਸਤੇ ਸਾਰੀ ਕਲੋਨੀ ਦੀ ਰੋਜ਼ਾਨਾਂ ਸਫਾਈ ਕਰ ਸਕਣਾ ਅਸੰਭਵ ਹੈ। ਜਿਹੜੇ ਪਾਠਕ ਅਜੇ ਵੀ ਇਹ ਸੋਚ ਰਹੇ ਹਨ ਕਿ ਕਲੋਨੀ ਵਿੱਚ ਗੰਦਗੀ ਫਲਾਉਣ ਵਾਲੇ ਉੱਥੋਂ ਦੇ ਨਿਵਾਸੀ ਹੀ ਹਨ, ਉਹਨਾਂ ਦਾ ਭਰਮ ਕਲੋਨੀ ਵਾਸਤੇ ਰੱਖੇ ਗਏ ਸਫਾਈ ਮੁਲਾਜਮਾਂ ਦੀ ਗਿਣਤੀ ਦੇਖਣ ਨਾਲ਼ ਹੀ ਦੂਰ ਹੋ ਜਾਵੇਗਾ। ਸਾਫ਼ ਹੈ ਕਾਰਪੋਰੇਸ਼ਨ ਦਾ ਰਵੱਈਆ ਕਲੋਨੀ ਪ੍ਰਤੀ ਅਣਦੇਖੀ ਵਾਲ਼ਾ ਹੀ ਹੈ ਜਾਂ ਇਸ ਤਰ੍ਹਾਂ ਕਿ ਲਿਆ ਜਾਵੇ ਕਿ ਕਾਰਪੋਰੇਸ਼ਨ ਅਧਿਕਾਰੀਆਂ ਨੂੰ ਇਸ ਗੱਲ ਦਾ ਅਹਿਸਾਸ ਹੀ ਨਹੀਂ ਹੈ ਕਿ ਕਲੋਨੀ ਵਿੱਚ ਇਨਸਾਨ ਵੀ ਵਸਦੇ ਹਨ। ਜੇ ਉਹਨਾਂ ਨੂੰ ਇਹ ਅਹਿਸਾਸ ਹੁੰਦਾ ਤਾਂ ਲੁਧਿਆਣੇ ਦੇ ਸਰਾਭਾ ਨਗਰ, ਮਾਡਲ ਟਾਊਨ ਆਦਿ ਅਮੀਰ ਅਬਾਦੀ ਵਾਲ਼ੇ ਇਲਾਕਿਆਂ ਵਾਂਗ ਹੀ ਕਲੋਨੀ ਵਰਗੇ ਗਰੀਬ ਇਲਾਕਿਆਂ ਵੱਲ ਵੀ ਗੰਭੀਰਤਾ ਨਾਲ਼ ਧਿਆਨ ਦਿੱਤਾ ਜਾਂਦਾ।

ਰਿਪੋਰਟ ਲਿਖੇ ਜਾਣ ਤੱਕ ਕਾਰਖਾਨਾ ਮਜ਼ਦੂਰ ਯੂਨੀਅਨ ਲੁਧਿਆਣਾ ਦੇ ਕਾਰਕੁੰਨ ਕਲੋਨੀ ਨਿਵਾਸੀਆਂ ਨਾਲ਼ ਲਗਾਤਾਰ ਸੰਪਰਕ ਬਣਾ ਕੇ ਰੱਖ ਰਹੇ ਹਨ। ਇਹਨਾਂ ਮਸਲਿਆਂ 'ਤੇ ਲੋਕਾਂ ਨੂੰ ਜਾਗਰੂਕ ਕਰਕੇ ਲਾਮਬੰਦ ਕਰਨ ਦੀਆਂ ਤਿਆਰੀਆਂ ਵਿੱਚ ਯੂਨੀਅਨ ਲਗਾਤਾਰ ਜੁਟੀ ਹੋਈ ਹੈ। ਕਾਰਖਾਨਾ ਮਜ਼ਦੂਰ ਯੂਨੀਅਨ ਵਲੋਂ ਕਲੋਨੀ ਨਿਵਾਸੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਆਰੰਭੇ ਗਏ ਇਹ ਯਤਨ ਕਿੱਥੋਂ ਤੱਕ ਕਾਮਯਾਬ ਹੁੰਦੇ ਹਨ ਇਹ ਆਉਣ ਵਾਲ਼ਾ ਸਮਾਂ ਹੀ ਦੱਸੇਗਾ। □

# ਹੋਟਲਾਂ-ਢਾਬਿਆਂ 'ਚ ਰੁਲਦਾ ਬਚਪਨ

ਹੋਟਲਾਂ-ਢਾਬਿਆਂ ਵਿੱਚ ਪਲੇਟਾਂ ਮਾਂਜਦੇ, ਮੇਜ਼ ਸਾਫ਼ ਕਰਦੇ, ਦੁਕਾਨਾਂ ਵਿੱਚ ਸਮਾਨ ਢੋਂਦੇ, ਰੇਹੜੀਆਂ-ਥੜੀਆਂ 'ਤੇ ਛੋਟਾ-ਛੋਟਾ ਸਮਾਨ ਵੇਚਦੇ ਬੱਚਿਆਂ ਨੂੰ ਅਸੀਂ ਅਕਸਰ ਦੇਖ ਸਕਦੇ ਹਾਂ। ਇਸ ਤੋਂ ਇਲਾਵਾ ਝੋਲੇ ਬੰਨ ਕੇ ਤੁਰੇ ਫਿਰਦੇ ਗੰਦ ਦੇ ਢੇਰ ਛਾਣਦੇ ਬੱਚੇ ਵੀ ਆਮ ਦਿਖ ਪੈਂਦੇ ਹਨ। ਪਰ ਇਹ ਸਾਰਾ ਕੁਝ ਉਸ ਦੇਸ਼ ਵਿੱਚ ਹੁੰਦਾ ਹੈ, ਜਿਸ ਦੀ ਸਰਕਾਰ ਨੇ 14 ਸਾਲ ਦੇ ਹਰ ਇੱਕ ਬੱਚੇ ਲਈ ਸਕੂਲੀ ਸਿੱਖਿਆ ਮੁਫ਼ਤ ਅਤੇ ਲਾਜ਼ਮੀ ਕਰਨ ਅਤੇ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਹੋਟਲਾਂ-ਢਾਬਿਆਂ, ਦੁਕਾਨਾਂ, ਫੈਕਟਰੀਆਂ, ਖੇਤੀ ਵਿੱਚ ਅਤੇ ਘਰਾਂ ਵਿੱਚ ਨੌਕਰ ਦੇ ਤੌਰ 'ਤੇ ਕੰਮ ਕਰਾਉਣ 'ਤੇ ਪਾਬੰਦੀ ਲਾਉਣ ਦਾ ਕਾਨੂੰਨ ਬਣਾਇਆ ਹੋਇਆ ਹੈ ਅਤੇ ਜੋ ਲੋਕ ਭਲਾਈ ਦੀਆਂ ਸਕੀਮਾਂ ਬਣਾਉਣ ਦਾ ਢਿੰਡੋਰਾ ਵੱਖ-ਵੱਖ ਕਿਸਮ ਦੇ ਮੀਡੀਏ ਰਾਹੀਂ ਦਿਨ-ਰਾਤ ਪਿੱਟਦੀ ਰਹਿੰਦੀ ਹੈ। ਇਹ ਸਰਕਾਰ ਬਾਲ ਮਜ਼ਦੂਰੀ ਜਿਹੀ ਕੁਰਹਿਤ ਨੂੰ ਖਤਮ ਕਰਨ ਪ੍ਰਤੀ ਵਚਨਬੱਧਤਾ ਦੇ ਹਾਥੀ ਦੇ ਦੰਦ ਵੀ ਅਕਸਰ ਵਿਖਾਉਂਦੀ ਰਹਿੰਦੀ ਹੈ ਅਤੇ ਇਸ ਦੇ ਮੰਤਰੀ, ਅਫ਼ਸਰ ਅਤੇ ਯੂਨੀਵਰਸਿਟੀਆਂ ਦੇ ਪ੍ਰੋਫੈਸਰ ਲੋਕ ਅਕਸਰ ਇਸ ਵਿਸ਼ੇ 'ਤੇ ਲੰਮੇ-ਲੰਮੇ ਭਾਸ਼ਣਾਂ ਨਾਲ਼ ਲੋਕਾਂ ਨੂੰ ਨਿਹਾਲ ਕਰਦੇ ਹੀ ਰਹਿੰਦੇ ਹਨ।

ਪਰ ਬਾਲ ਮਜ਼ਦੂਰੀ ਖਤਮ ਤਾਂ ਕੀ ਆਉਣੀ ਸੀ ਸਗੋਂ ਇਸ ਵਿੱਚ ਤਾਂ ਜਰ੍ਹਾ ਵੀ ਕਮੀ ਆਉਂਦੀ ਨਜ਼ਰ ਨਹੀਂ ਆ ਰਹੀ। ਬਾਲ ਮਜ਼ਦੂਰੀ ਨਾਲ਼ ਸਬੰਧਿਤ ਅੰਕੜੇ ਬੜੀ ਭਿਆਨਕ ਤਸਵੀਰ ਪੇਸ਼ ਕਰਦੇ ਹਨ।

ਸਰਕਾਰੀ ਜਨਗਣਨਾ ਅਨੁਸਾਰ, 1981 ਵਿੱਚ 1 ਕਰੋੜ 13 ਲੱਖ ਬਾਲ ਮਜ਼ਦੂਰ ਸਨ, ਜਿਹਨਾਂ ਦੀ ਗਿਣਤੀ ਵੱਧ ਕੇ 2001 ਵਿੱਚ 1ਕਰੋੜ 24 ਲੱਖ ਹੋ ਗਈ। ਪਰ ਸਭ ਜਾਣਦੇ ਹਨ ਕਿ ਸਰਕਾਰੀ ਅੰਕੜੇ ਬਹੁਤ ਥੋੜੀ ਸੱਚਾਈ ਪੇਸ਼ ਕਰਦੇ ਹਨ। ਗੈਰ ਸਰਕਾਰੀ ਸਰੋਤਾਂ ਜਾਂ ਖੋਜ ਸੰਸਥਾਨਾਂ ਦੁਆਰਾ ਹੋਏ ਸਰਵੇਖਣਾਂ ਵਿੱਚ ਜੋ ਅੰਕੜੇ ਸਾਹਮਣੇ ਆਏ ਹਨ ਉਹ ਇਸ ਤੋਂ ਵੀ ਭਿਆਨਕ ਤਸਵੀਰ ਪੇਸ਼ ਕਰਦੇ ਹਨ।

ਇੱਕ ਗੈਰ ਸਰਕਾਰੀ ਅਦਾਰੇ ਦੁਆਰਾ 2007 ਵਿੱਚ ਜਾਰੀ ਇੱਕ ਰਿਪੋਰਟ ਵਿੱਚ ਇਹ ਤੱਥ ਸਾਹਮਣੇ ਆਏ ਹਨ—

—ਭਾਰਤ ਵਿੱਚ 10 ਕਰੋੜ ਬੱਚੇ ਖਤਰਨਾਕ ਅਤੇ ਲੁੱਟ-ਖਸੁੱਟ ਭਰੇ ਹਾਲਾਤਾਂ ਵਿੱਚ ਕੰਮ ਕਰਦੇ ਹਨ। ਇਹ ਆਮ ਤੌਰ 'ਤੇ 12-15 ਘੰਟੇ ਕੰਮ ਕਰਦੇ ਹਨ ਅਤੇ ਕਈ ਵਾਰ 3-4 ਰੁਪਏ ਇੱਕ ਦਿਨ ਤੋਂ ਵੀ ਘੱਟ ਕਮਾਉਂਦੇ ਹਨ।

—ਉਹ ਧਮਾਕਾਖੇਜ਼ ਸਮੱਗਰੀ, ਧਾਤਾਂ ਤੇ ਜਹਿਰੀਲੀਆਂ ਗੈਸਾਂ ਵਿੱਚ 3-4 ਸਾਲ ਦੀ ਉਮਰ ਤੋਂ ਕੰਮ ਕਰਦੇ ਹਨ।

—ਇਹਨਾਂ ਵਿੱਚੋਂ ਅੰਦਾਜ਼ੇ ਮੁਤਾਬਕ 1.5 ਕਰੋੜ ਬੰਧੂਆ ਮਜ਼ਦੂਰ ਹਨ ਅਤੇ 1.1 ਕਰੋੜ ਸੜਕਾਂ 'ਤੇ ਰਹਿੰਦੇ ਹਨ।

—2 ਮਿਲੀਅਨ ਦੇ ਕਰੀਬ 5-15 ਸਾਲ ਦੀ ਉਮਰ ਦੇ ਬੱਚਿਆਂ ਨੂੰ ਵੇਸਵਾ ਗਮਨੀ ਵਿੱਚ ਕੰਮ ਕਰਾਇਆ ਜਾਂਦਾ ਹੈ। ਇਸ ਵਿੱਚੋਂ 80% ਦੇਸ਼ ਦੇ ਵੱਡੇ ਸ਼ਹਿਰਾਂ ਵਿੱਚ ਹਨ।

ਇਸ ਤੋਂ ਬਿਨਾਂ ਭਾਰਤ ਸਰਕਾਰ ਦੀ ਹੀ ਇੱਕ ਰਿਪੋਰਟ ਮੁਤਾਬਿਕ, 1.7 ਕਰੋੜ ਦੇ ਕਰੀਬ ਬਾਲ ਮਜ਼ਦੂਰ ਭਾਰਤ ਵਿੱਚ ਕੰਮ ਕਰ ਰਹੇ ਹਨ। ਪਰੰਤੂ ਇਸ ਅੰਕੜੇ ਵਿੱਚ ਅਸੰਗਠਿਤ ਖੇਤਰ ਜਿਵੇਂ ਹੋਟਲਾਂ, ਖੇਤੀ ਆਦਿ ਵਿੱਚ ਕੰਮ ਕਰਦੇ ਬੱਚਿਆਂ ਦੀ ਗਿਣਤੀ ਸ਼ਾਮਿਲ ਨਹੀਂ ਹੈ।

ਇੱਕ ਹੋਰ ਗੈਰ ਸਰਕਾਰੀ ਰਿਪੋਰਟ ਮੁਤਾਬਿਕ ਸਕੂਲ ਜਾਣ ਵਾਲ਼ੇ ਅਤੇ ਸਕੂਲ ਨਾ ਜਾਣ ਵਾਲ਼ੇ ਬੱਚਿਆਂ ਦੀ ਗਿਣਤੀ ਦੇ ਅਧਾਰ 'ਤੇ ਇਸ ਰਿਪੋਰਟ ਨੇ 7-8 ਕਰੋੜ ਬਾਲ-ਮਜ਼ਦੂਰ ਭਾਰਤ ਵਿੱਚ ਹੋਣ ਦਾ ਅੰਦਾਜ਼ਾ ਲਾਇਆ ਹੈ।

ਅਮਰੀਕਾ ਦੇ ਲੇਬਰ ਵਿਭਾਗ ਅਨੁਸਾਰ, 1998 ਵਿੱਚ ਅਣਅਧਿਕਾਰਤ ਤੌਰ 'ਤੇ 11.1 ਕਰੋੜ ਬਾਲ ਮਜ਼ਦੂਰ ਭਾਰਤ ਵਿੱਚ ਕੰਮ ਕਰਦੇ ਸਨ। ਯੂਨੀਸੇਫ਼ ਨੇ ਵੀ ਭਾਰਤ ਵਿੱਚ ਬਾਲ ਮਜ਼ਦੂਰਾਂ ਦੀ ਸੰਖਿਆਂ 6 ਕਰੋੜ ਤੋਂ ਵੱਧ ਮੰਨੀ ਹੈ।

ਆਓ, ਹੁਣ ਬਾਲ ਮਜ਼ਦੂਰੀ ਦੇ ਕਾਰਨਾਂ ਨੂੰ 'ਤੇ ਨਜ਼ਰ ਮਾਰੀਏ।

ਬੱਚਿਆਂ ਨੂੰ ਘੱਟ ਮਜ਼ਦੂਰੀ ਦੇਣੀ ਪੈਂਦੀ ਹੈ ਅਤੇ ਉਹਨਾਂ ਤੋਂ ਵੱਧ ਘੰਟੇ ਕੰਮ ਕਰਵਾਇਆ ਜਾ ਸਕਦਾ ਹੈ ਅਤੇ ਬੱਚੇ ਲੁੱਟ-ਖਸੁੱਟ ਖਿਲਾਫ਼ ਕੋਈ ਸੰਘਰਸ਼ ਵੀ ਨਹੀਂ ਕਰ ਸਕਦੇ। ਇਸ ਤਰ੍ਹਾਂ ਮਾਲਕਾਂ ਦੇ ਮੁਨਾਫ਼ੇ ਵਿੱਚ ਅਸੀਮ ਵਾਧਾ ਹੁੰਦਾ ਹੈ।

ਪਰਿਵਾਰ ਦੇ ਬਾਲਗ ਮੈਂਬਰਾਂ ਨੂੰ ਰੁਜ਼ਗਾਰ ਨਹੀਂ ਮਿਲਦਾ ਜਾਂ ਫਿਰ ਬਹੁਤ ਘੱਟ ਮਜ਼ਦੂਰੀ ਮਿਲਦੀ ਹੈ ਜਿਸ ਕਾਰਨ ਪਰਿਵਾਰ ਨੂੰ ਬੱਚਿਆਂ ਤੋਂ ਕੰਮ ਕਰਵਾਉਣਾ ਪੈਂਦਾ ਹੈ।

ਕਈ ਵਾਰ ਪਰਿਵਾਰ, ਖਾਸ ਕਰਕੇ ਪੇਂਡੂ ਖੇਤੀ ਖੇਤਰ ਵਿੱਚ, ਮਾਲਕਾਂ ਦੇ ਕਰਜ਼ੇ ਹੇਠ ਆ ਜਾਂਦਾ ਹੈ ਤੇ ਉਹਨਾਂ ਨੂੰ ਆਪਣੇ ਬੱਚਿਆਂ ਨੂੰ ਬੰਧੂਆ ਮਜ਼ਦੂਰ ਦੇ ਤੌਰ 'ਤੇ ਕੰਮ ਕਰਨ ਲਈ ਭੇਜਣਾ ਪੈਂਦਾ ਹੈ। ਕਈ ਵਾਰ ਅਜਿਹੇ ਪਰਿਵਾਰ ਆਪਣੇ ਬੱਚਿਆਂ ਨੂੰ ਠੇਕੇਦਾਰਾਂ ਕੋਲ ਵੇਚ ਦਿੰਦੇ ਹਨ।

ਇਸ ਤਰ੍ਹਾਂ ਦੇਖਿਆ ਜਾਵੇ ਤਾਂ ਬਾਲ ਮਜ਼ਦੂਰੀ ਦੀ ਤਹਿ ਵਿੱਚ ਵੀ ਗਰੀਬੀ ਅਤੇ ਮਾਲਕਾਂ ਦੀ ਲੁੱਟ-ਖਸੁੱਟ, ਮੁਨਾਫ਼ੇ ਦੀ ਹਵਸ ਹੀ ਹੈ। ਬਾਲ ਮਜ਼ਦੂਰੀ ਇਸ ਮੁਨਾਫ਼ਾ ਕੇਂਦਰਤ ਪੂੰਜੀਵਾਦੀ ਢਾਂਚੇ ਨੂੰ ਲੋੜੀਂਦੀ ਵੀ ਹੈ ਅਤੇ ਇਸਦੀ ਲਾਜ਼ਮੀ ਪਦਾਇਸ਼ ਵੀ। ਇਸ ਲਈ ਬਾਲ ਮਜ਼ਦੂਰੀ ਦਾ ਖਾਤਮਾ ਵੀ ਕਿਸੇ ਕਾਨੂੰਨ ਜਾਂ ਸਰਕਾਰੀ ਸਕੀਮ ਨਾਲ਼ ਨਹੀਂ ਹੋ ਸਕਦਾ। ਜਦੋਂ ਤੱਕ ਆਰਥਿਕ ਢਾਂਚੇ ਦੇ ਕੇਂਦਰ ਵਿੱਚ ਮਨੁੱਖ ਨਹੀਂ ਸਗੋਂ ਮੁਨਾਫਾ ਰਹੇਗਾ ਅਤੇ ਕਿਰਤੀ ਲੋਕ ਲੁੱਟ-ਖਸੁੱਟ, ਗਰੀਬੀ, ਕੰਗਾਲੀ, ਭੁੱਖਮਰੀ ਦਾ ਸ਼ਿਕਾਰ ਰਹਿਣਗੇ ਉਦੋਂ ਤੱਕ ਬਾਲ ਮਜ਼ਦੂਰੀ ਦਾ ਕਲੰਕ ਸਮਾਜ ਦੇ ਮੱਥੇ ਤੋਂ ਧੋਤਾ ਨਹੀਂ ਜਾ ਸਕੇਗਾ। ਇਸ ਕਲੰਕ ਦੇ ਸੰਪੂਰਨ ਸਫਾਏ ਦੀ ਸ਼ਰਤ ਹੈ ਮੁਨਾਫਾ ਕੇਂਦਰਤ ਆਰਥਿਕ ਢਾਂਚੇ ਅਤੇ ਇਸੇ ਅਨੁਸਾਰੀ ਹੀ ਬਣੇ ਰਾਜਨੀਤਕ ਅਤੇ ਸਮਾਜਿਕ ਢਾਂਚੇ ਦਾ ਸੰਪੂਰਨ ਸਫਾਇਆ।

☐ – ਡਾ. ਅਮ੍ਰਿਤ



(ਬਾਕੀ ਸਫ਼ਾ 3 'ਤੇ)

# ਫਰਜ਼ੀ ਮੁੱਠਭੇੜਾਂ, ਪੁਲੀਸ ਹਿਰਾਸਤ ਵਿੱਚ ਹਰ ਰੋਜ਼ 4 ਬੇਕਸੂਰ ਮਾਰੇ ਜਾਂਦੇ ਹਨ

## ਜ਼ਾਬਰ, ਲੋਟੂ, ਲੋਕਵਿਰੋਧੀ ਸਰਕਾਰ ਨੂੰ ਅਜਿਹੀ ਹੀ ਫੌਜ, ਅਜਿਹੀ ਹੀ ਪੁਲਿਸ ਚਾਹੀਦੀ ਹੈ ! !

ਗੁਜਰਾਤ ਪੁਲੀਸ ਹੱਥੋਂ ਫਰਜੀ ਮੁਠਭੇੜਾਂ ਵਿੱਚ ਇਸ਼ਰਤ ਜਹਾਂ ਅਤੇ ਹੋਰ ਤਿੰਨ ਨੌਜਵਾਨਾਂ ਦੀ ਹੱਤਿਆ ਦੀ ਸੱਚਾਈ ਤਾਂ ਜਾਂਚ ਕਮੇਟੀ ਨੇ ਹੁਣ ਦੱਸੀ ਹੈ ਪਰ ਦੇਸ਼ ਦੀ ਆਦਮਖੋਰ ਪੁਲੀਸ ਅਤੇ ਨਰਿੰਦਰ ਮੋਦੀ ਦੀ ਖ਼ੂਨੀ ਸਰਕਾਰ ਨੂੰ ਜਾਨਣ ਵਾਲ਼ੇ ਲੋਕ ਸ਼ੁਰੂ ਤੋਂ ਹੀ ਇਹਨੂੰ ਬੇਰਹਿਮ ਹੱਤਿਆ ਹੀ ਮੰਨਦੇ ਰਹੇ ਹਨ। ਪੁਲੀਸ ਨੂੰ ਫਰਜੀ ਮੁੱਠਭੇੜਾਂ ਵਿੱਚ ਬੇਕਸੂਰਾਂ ਦੇ ਕਤਲ ਕਰਨ ਦਾ ਤਾਂ ਜਿਵੇਂ ਲਾਈਸੈਂਸ ਹੀ ਮਿਲਿਆ ਹੋਇਆ ਹੈ। ਚਾਹੇ ਦੇਹਰਾਦੂਨ ਵਿੱਚ ਉੱਤਰਾਖੰਡ ਪੁਲੀਸ ਹੱਥੋਂ 22 ਵਰ੍ਹਿਆਂ ਦੇ ਵਿਦਿਆਰਥੀ ਰਣਵੀਰ ਦੀ ਹੱਤਿਆ ਹੋਵੇ, ਬਾਟਲਾ ਹਾਊਸ ਵਿੱਚ ਅਖੌਤੀ ਮੁਠਭੇੜ ਵਿੱਚ ਦਹਿਸ਼ਤਗਰਦਾਂ ਦੇ ਨਾਂ 'ਤੇ ਚਾਰ ਨੌਜਵਾਨਾਂ ਦੀ ਹੱਤਿਆ ਦਾ ਮਾਮਲਾ ਹੋਵੇ ਜਾਂ ਕਸ਼ਮੀਰ ਦੇ ਸ਼ੋਪੀਆ ਵਿੱਚ ਕੁੜੀਆਂ ਦੇ ਬਲਾਤਕਾਰ ਤੋਂ ਬਾਅਦ ਹੱਤਿਆ ਦੀ ਘਟਨਾ ਹੋਵੇ— ਹਰ ਥਾਂ ਪੁਲੀਸ ਅਤੇ ਫ਼ੌਜ ਦੀਆਂ ਘਿਨੌਣੀਆਂ ਕਰਤੂਤਾਂ ਸਾਹਮਣੇ ਆਉਂਦੇ ਹੀ ਸਰਕਾਰ ਉਹਨਾਂ ਦੇ ਬਚਾਅ ਲਈ ਆ ਜਾਂਦੀ ਹੈ।

ਪੂਰੇ ਦੇਸ਼ ਪੱਧਰ 'ਤੇ ਪੁਲੀਸ, ਫੌਜ ਅਤੇ ਹੋਰ ਹਥਿਆਰਬੰਦ ਤਾਕਤਾਂ ਦੁਆਰਾ ਜ਼ਿਆਦਾਤਰ ਗੈਰਕਾਨੂੰਨੀ ਅਤੇ ਕਦੇ-ਕਦੇ ਕਾਨੂੰਨੀ ਤਰੀਕੇ ਨਾਲ਼ ਲੋਕਾਂ ਨੂੰ ਹਿਰਾਸਤ ਵਿੱਚ ਲੈਣਾ ਅਤੇ ਅਤੇ ਟਾਰਚਰ ਕਰਕੇ ਉਨਾਂ ਨੂੰ ਮਾਰ ਦੇਣਾ ਇੱਕ ਆਮ ਪ੍ਰਵਿਰਤੀ ਬਣ ਗਈ ਹੈ, ਜੋ ਸਾਲ ਦਰ ਸਾਲ ਵੱਧਦੀ ਜਾ ਰਹੀ ਹੈ। ਇੱਕ ਪਾਸੇ ਇਨ੍ਹਾਂ ਨੀਚ ਅਪਰਾਧਾਂ ਦੀਆਂ ਘਟਨਾਵਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ, ਉੱਥੇ ਦੂਜੇ ਪਾਸੇ ਸਰਕਾਰ, ਪ੍ਰਸ਼ਾਸਨ ਜਾਂ ਨਿਆਂਪਾਲਿਕਾ ਦੁਆਰਾ ਇਸ ਖਿਲਾਫ਼ ਕੋਈ ਪ੍ਰਭਾਵੀ ਕਦਮ ਚੁੱਕਣ ਦੀ ਪਹਿਲ ਨਜ਼ਰ ਨਹੀਂ ਆ ਰਹੀ ਹੈ। ਨਿਸ਼ਚਿਤ ਤੌਰ 'ਤੇ ਇਸ ਅਣਦੇਖੀ ਦਾ ਇੱਕ ਪ੍ਰਮੁੱਖ ਕਾਰਨ ਇਹ ਹੈ ਕਿ ਵਰਦੀਧਾਰੀਆਂ ਦੀ ਅਣਮਨੁੱਖਤਾ ਦਾ ਸ਼ਿਕਾਰ ਹੋਣ ਵਾਲਿਆਂ ਵਿੱਚੋਂ ਸਭ ਤੋਂ ਵੱਧ ਸੰਖਿਆਂ ਗਰੀਬ ਅਤੇ ਹੇਠਲੇ ਮੱਧਵਰਗ ਦੀ ਲੋਕਾਂ ਦੀ ਹੁੰਦੀ ਹੈ ਅਤੇ ਜਾਇਦਾਦ ਨੂੰ ਹੀ ਆਖਰੀ ਪੈਮਾਨਾ ਮੰਨਣ ਵਾਲ਼ੇ ਇਸ ਦੇਸ਼ ਦੇ ਢਾਂਚੇ ਵਿੱਚ ਜਿਨ੍ਹਾਂ ਦੀ ਜਾਨ ਦੀ ਕੀਮਤ ਕੁਝ ਸਮਝੀ ਹੀ ਨਹੀਂ ਜਾਂਦੀ।

ਇਹ ਤੱਥ ਏਸ਼ੀਅਨ ਸੈਂਟਰ ਫਾਰ ਹਿਊਮਨ ਰਾਈਟਸ ( ਏ.ਸੀ.ਐਚ.ਆਰ.) ਦੀ ਪਿੱਛੇ ਜਿਹੇ ਹੀ ਪ੍ਰਕਾਸ਼ਿਤ ਰਿਪੋਰਟ— **ਟਾਰਚਰ ਇਨ ਇੰਡੀਆ 2009 ( ਭਾਰਤ ਵਿੱਚ ਤਸੀਹੇ 2009)** ਵਿੱਚ ਸਾਹਮਣੇ ਆਏ ਹਨ। ਇਸ ਰਿਪੋਰਟ ਮੁਤਾਬਿਕ 1 ਅਪ੍ਰੈਲ 2001 ਤੋਂ 31 ਮਾਰਚ 2009 ਤੱਕ ਭਾਰਤ 'ਚੋਂ 1184 ਲੋਕਾਂ ਦੇ ਪੁਲੀਸ ਹਿਰਾਸਤ ਵਿੱਚ ਮਰਨ ਦੀ ਸੂਚਨਾ ਕੌਮੀ ਮਨੁੱਖੀ ਆਧਿਕਾਰ ਕਮਿਸ਼ਨ ਨੂੰ ਮਿਲੀ। ਇਸ 'ਚ ਬਹੁਤ ਵੱਡੀ ਗਿਣਤੀ ਉਹਨ੍ਹਾਂ ਲੋਕਾਂ ਦੀ ਹੈ, ਜਿਨ੍ਹਾਂ ਦੀ ਮੌਤ ਪੁਲੀਸ ਹਿਰਾਸਤ ਵਿੱਚ ਬਰਬਰ ਤਸੀਹਿਆਂ ਵਜੋਂ ਹੋਈ। ਜਿਆਦਾਤਰ ਮੌਤਾਂ ਪੁਲੀਸ ਹਿਰਾਸਤ ਵਿੱਚ ਲਏ ਜਾਣ ਤੋਂ 48 ਘੰਟਿਆਂ ਅੰਦਰ ਹੋਈਆਂ। 2007 ਵਿੱਚ ਪੁਲੀਸ ਹਿਰਾਸਤ ਵਿੱਚ 118 ਲੋਕਾਂ ਦੀ ਮੌਤ ਹੋਈ ਜਦੋਂ ਕਿ 2006 ਵਿੱਚ ਇਹ ਗਿਣਤੀ 89 ਸੀ। ਭਾਵ ਕਿ ਇੱਕ ਸਾਲ ਵਿੱਚ 32.5 ਪ੍ਰਤੀਸ਼ਤ ਦਾ ਵਾਧਾ ਹੋਇਆ। ਇਸੇ ਸਬੰਧੀ ਰਿਪੋਰਟ ਦੱਸਦੀ ਹੈ 2007 ਵਿੱਚ ਪੁਲੀਸ ਹਿਰਾਸਤ 'ਚ ਹੋਈਆਂ ਮੌਤਾਂ ਦੇ 118 ਮਾਮਲਿਆਂ ਵਿੱਚ ਸਿਰਫ਼ 61 ਮਾਮਲਿਆਂ 'ਚ ਮੈਜਿਸਟ੍ਰੇਟ ਦੁਆਰਾ ਜਾਂਚ ਦੇ ਹੁਕਮ ਦਿੱਤੇ ਗਏ ਜਾਂ ਜਾਂਚ ਕੀਤੀ ਗਈ। 12 ਮਾਮਲਿਆਂ ਵਿੱਚ ਕਾਨੂੰਨੀ ਜਾਂਚ ਹੋਈ। 57 ਮਾਮਲਿਆਂ ਵਿੱਚ ਪੁਲੀਸ ਖਿਲਾਫ਼ ਚਾਰਜਸ਼ੀਟ ਦਾਖਲ ਕੀਤੀ ਗਈ। ਗੌਰ ਕਰਨ ਯੋਗ ਹੈ ਕਿ ਸਾਲ 2007 ਵਿੱਚ ਹਿਰਾਸਤ ਵਿੱਚ ਹੋਈਆਂ ਮੌਤਾਂ ਦੇ ਮਾਮਲਿਆਂ ਵਿੱਚ ਇੱਕ ਵੀ ਪੁਲੀਸ ਵਾਲ਼ੇ ਨੂੰ ਸਜਾ ਨਹੀਂ ਹੋਈ। ਧਿਆਨ ਦੇਣ ਵਾਲ਼ੀ ਗੱਲ ਹੈ ਕਿ ਇਹ ਅੰਕੜੇ ਸਿਰਫ਼ ਉਨ੍ਹਾਂ ਮਾਮਲਿਆਂ ਦੇ ਹਨ ਜਿਨ੍ਹਾਂ ਦੀ ਸੂਚਨਾ ਸਬੰਧਿਤ ਰਾਜਾਂ ਦੀ ਪੁਲੀਸ ਨੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਦਿੱਤੀ ਹੈ। ਏ.ਸੀ.ਐਚ.ਆਰ. ਦੀ ਰਿਪੋਰਟ ਕਈ ਅਜਿਹੇ ਮਾਮਲਿਆਂ ਦਾ ਜ਼ਿਕਰ ਕਰਦੀ ਹੈ ਜਿਹਨਾਂ ਵਿੱਚ ਹਿਰਾਸਤ ਵਿੱਚ ਹੋਈ ਮੌਤ ਦੀ ਸੂਚਨਾ ਪੁਲੀਸ ਨੇ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਨਹੀਂ ਦਿੱਤੀ। ਇਸਤੋਂ ਇਲਾਵਾ ਫੌਜ, ਅਰਧ ਸੈਨਿਕ ਬਲਾਂ, ਬੀ.ਐਸ.ਐਫ. ਅਤੇ ਹੋਰ ਹਥਿਆਰਬੰਦ ਬਲਾਂ ਦੀ ਹਿਰਾਸਤ ਵਿੱਚ ਹੋਣ ਵਾਲੀਆਂ ਮੌਤਾਂ ਦਾ ਜ਼ਿਕਰ ਇਸ ਰਿਪੋਰਟ ਵਿੱਚ ਨਹੀਂ ਹੈ, ਕਿਉਂਕਿ ਇਹ ਸਭ ਕੇਂਦਰ ਸਰਕਾਰ ਦੇ ਕੰਟਰੋਲ ਹੇਠ ਹਨ।

ਇਸ ਰੋਸ਼ਨੀ ਵਿੱਚ ਵੇਖੀਏ ਤਾਂ ਹਿਰਾਸਤ ਵਿੱਚ ਹੋਣ ਵਾਲ਼ੀਆਂ ਕੁੱਲ ਮੌਤਾਂ ਦੀ ਸੰਖਿਆਂ ਇਸਤੋਂ ਬਹੁਤ ਵੱਧ ਹੋਣ ਦੀ ਸੰਭਾਵਨਾ ਹੈ। ਪਿਛਲੇ ਸਾਲ ਪ੍ਰਕਾਸ਼ਤ ਇੱਕ ਖਬਰ ਅਨੁਸਾਰ ਹਿਰਾਸਤ ਵਿੱਚ ਔਸਤਨ ਚਾਰ ਲੋਕਾਂ ਦੀ ਮੌਤ ਹੁੰਦੀ ਹੈ। **ਜੇਕਰ ਦਹਿਸ਼ਤਗਰਦ ਸਰਗਰਮੀਆਂ ਵਿੱਚ ਔਸਤਨ ਰੋਜ਼ ਦੋ ਲੋਕਾਂ ਦੇ ਮਰਨ ਦੇ ਅੰਕੜੇ ਨਾਲ਼ ਇਸਦੀ ਤੁਲਨਾ ਕੀਤੀ ਜਾਵੇ ਤਾਂ ਇਹ ਕਹਿਣਾ ਵਧਵੀਂ ਗੱਲ ਨਹੀਂ ਹੋਵੇਗੀ ਕਿ ਭਾਰਤ ਦੇ ਲੋਕਾਂ ਦੀ ਜਾਨ ਨੂੰ ਦਹਿਸ਼ਤਗਰਦਾਂ ਦੇ ਮੁਕਾਬਲੇ ਪੁਲੀਸ ਵਾਲ਼ਿਆਂ ਜਿਆਦਾ ਖਤਰਾ ਹੈ।**

ਏ.ਸੀ.ਐਚ.ਆਰ. ਦੀ ਰਿਪੋਰਟ ਵਿੱਚ ਦਿੱਤੇ ਗਏ ਤੱਥ ਦਹਿਸ਼ਤ ਦੀ ਉਸ ਸਾਰੀ ਭਾਵਨਾ ਨੂੰ ਪ੍ਰਗਟ ਨਹੀਂ ਕਰਦੇ ਜੋ ਪੁਲੀਸ ਅਤੇ ਫੌਜ ਅਤੇ ਹਥਿਆਰਬੰਦ ਬਲਾਂ ਦੀ ਮੌਜੂਦਗੀ ਵਿੱਚ ਲੋਕਾਂ ਵਿੱਚ ਪ੍ਰਗਟ ਹੁੰਦੀ ਹੈ। ਦੇਸ਼ ਅਤੇ ਦੇਸ਼ ਦੀ ਸੁੱਰਖਿਆ ਦੇ ਨਾਂ 'ਤੇ

ਆਜ਼ਾਦੀ ਤੋਂ ਬਾਅਦ ਭਾਰਤੀ ਫੌਜ ਅਤੇ ਪੁਲੀਸ ਨੇ ਜਿੰਨੇ ਲੋਕਾਂ ਦਾ ਖੂਨ ਵਹਾਇਆ ਹੈ ਓਨਾ ਦੋ ਸੌ ਸਾਲਾਂ ਦੀ ਹਕੂਮਤ ਵਿੱਚ ਅੰਗਰੇਜ਼ਾਂ ਨੇ ਵੀ ਨਹੀਂ ਵਹਾਇਆ ਸੀ। ਹਰ ਤਰ੍ਹਾਂ ਦੀਆਂ ਲੋਕ ਲਹਿਰਾਂ ਨੂੰ ਕੁਚਲਣ ਵਿੱਚ ਪੁਲੀਸ ਅਤੇ ਫੌਜ ਦੀ ਬੇਦਰਦੀ ਕਿਸੇ ਵਿਦੇਸ਼ੀ ਫੌਜ ਨਾਲੋਂ ਘੱਟ ਨਹੀਂ ਹੁੰਦੀ। ਇਹ ਸੌਖਾ ਨਹੀਂ ਹੈ ਕਿ ਦੇਸ਼ ਦੇ ਇੱਕ ਪ੍ਰਸਿੱਧ ਜੱਜ ਨੇ ਪੁਲੀਸ ਨੂੰ ਸਭ ਤੋਂ ਵੱਡਾ ਜੱਥੇਬੰਦ ਗੁੰਡਾ ਗਿਰੋਹ ਕਰਾਰ ਦਿੱਤਾ ਸੀ। ਪੁਲੀਸ ਦੀ ਬਰਬਰਤਾ, ਅਣਮਨੁੱਖਤਾ ਅਤੇ ਲੋਕਵਿਰੋਧੀ ਰਵੱਈਆ ਕੋਈ ਗੁਪਤ ਚੀਜ਼ ਨਹੀਂ ਹੈ, ਇਸਦੇ ਨਾਲ਼ ਹੀ ਪੁਲੀਸ ਵਿਭਾਗ ਵਿੱਚ ਖੁਲ੍ਹੇਆਮ ਭ੍ਰਿਸ਼ਟਾਚਾਰ ਅਤੇ ਉਸਦੇ ਜਮਾਤੀ ਤੁੱਅਸਬ (ਅਮੀਰਾਂ ਦਾ ਪੱਖ ਲੈਣਾ ਅਤੇ ਗਰੀਬਾਂ ਦੀ ਲੁੱਟ ਕਰਨਾ) ਵੀ ਸਾਰੇ ਜਾਣਦੇ ਹਨ।

ਏ.ਸੀ.ਐਚ.ਆਰ. ਦੀ ਰਿਪੋਰਟ ਵੀ ਮੰਨਦੀ ਹੈ ਕਿ ਪੁਲੀਸ ਅਤਿਆਚਾਰ ਦਾ ਸ਼ਿਕਾਰ ਸਭ ਤੋਂ ਵੱਧ ਸਮਾਜ ਦਾ ਗਰੀਬ ਅਤੇ ਵਾਂਝਾ ਤਬਕਾ ਹੀ ਹੁੰਦਾ ਹੈ। ਸਾਡੇ ਸਮਾਜ ਵਿੱਚ ਜਿੱਥੇ ਮੱਧਵਰਗ ਤੱਕ ਦੇ ਲੋਕ ਪੁਲਸੀਆਂ ਦੇ ਭੱਦੇ ਵਿਹਾਰ ਅਤੇ ਅਪਮਾਨ ਤੋਂ ਡਰਦੇ ਹਨ, ਉੱਥੇ ਗਰੀਬ ਲੋਕਾਂ ਲਈ ਪੁਲੀਸ ਗਾਲ੍ਹਾਂ, ਕੁੱਟ-ਮਾਰ ਅਤੇ ਬੇਇੱਜਤੀ ਦਾ ਸਮਾਨਅਰਥੀ ਹੈ। ਇੱਕ ਗਰੀਬ ਆਦਮੀ ਲਈ ਸੰਵਿਧਾਨ ਦੁਆਰਾ ਦਿੱਤੇ ਗਏ ਸਾਰੇ ਅਧਿਕਾਰਾਂ ਅਤੇ ਕੋਰਟ ਕਚਿਹਿਰੀ ਦੇ ਨਿਆਂ ਦਾ ਮਤਲਬ ਉਦੋਂ ਹੀ ਸਮਾਪਤ ਹੋ ਜਾਂਦਾ ਹੈ, ਜਦੋਂ ਸ਼ਰੇਆਮ ਮਾਂ-ਭੈਣ ਕਰਦਾ ਹੋਇਆ ਪੁਲਸ ਵਾਲ਼ਾ ਉਸਦਾ ਗਿਰੇਬਾਨ ਫੜ੍ਹ ਕੇ ਉਸਦੀ ਔਕਾਤ ਦੱਸ ਦਿੰਦਾ ਹੈ। ਪੈਸੇ ਅਤੇ ਪਹੁੰਚ ਦੀ ਘਾਟ ਵਿੱਚ ਗਰੀਬ ਆਦਮੀ ਚੌਰਾਹੇ ਤੋਂ ਲੈ ਕੇ ਥਾਣੇ ਤੱਕ ਅਪਮਾਨ ਅਤੇ ਅੱਤਿਆਚਾਰ ਸਹਿਣ ਕਰਦਾ ਹੈ ਅਤੇ ਉਲਝੀ ਅਤੇ ਮਹਿੰਗੇ ਨਿਆਂ-ਪ੍ਰਬੰਧ ਦੀ ਸ਼ਰਨ ਵਿੱਚ ਜਾਣ ਤੋਂ ਬਾਅਦ ਤਾਂ ਉਹ ਚੱਕਰਾਂ ਵਿੱਚ ਫਸ ਕੇ ਰਹਿ ਜਾਂਦਾ ਹੈ। ਪਹਿਲਾਂ ਹੀ ਮੁਕੱਦਮਿਆਂ ਦੇ ਅੰਬਾਰ ਥੱਲੇ ਦਬੀ ਨਿਆਂਪਾਲਿਕਾ ਦੀ ਸ਼ਰਨ ਵਿੱਚ ਆਮ ਆਦਮੀ ਠੱਗਿਆ ਜਿਹਾ ਮਹਿਸੂਸ ਕਰਦਾ ਹੈ। ਇਸ ਦੌਰਾਨ ਪੁਲੀਸ ਦਾ ਡੰਡਾ ਆਪਣਾ ਨਿਆਂ ਕਰਦਾ ਰਹਿੰਦਾ ਹੈ ਅਤੇ ਸਜਾ ਮੁਕੱਰਰ ਕਰਦਾ ਰਹਿੰਦਾ ਹੈ। ਭਾਰਤੀ ਅਦਾਲਤਾਂ ਵਿੱਚ ਲੱਗਭਗ 3 ਕਰੋੜ ਮੁਕੱਦਮੇ ਲਟਕ ਰਹੇ ਹਨ, ਜਿਹਨਾਂ ਦਾ ਮੌਜੂਦਾ ਰਫ਼ਤਾਰ ਨਾਲ਼ ਨਿਪਟਾਰਾ ਕਰਨ ਵਿੱਚ ਸੈਂਕੜੇ ਸਾਲ ਲੱਗ ਜਾਣਗੇ ਅਤੇ ਉਹ ਵੀ ਉਦੋਂ ਜਦੋਂ ਕੋਈ ਨਵਾਂ ਮਾਮਲਾ ਦਰਜ ਨਾ ਹੋਵੇ। ਏ.ਸੀ.ਐਚ.ਆਰ. ਦੀ ਰਿਪੋਰਟ ਅਨੁਸਾਰ ਸਾਲ 2006 ਦੇ ਅੰਤ ਤੱਕ ਭਾਰਤ ਦੀਆਂ ਜੇਲ੍ਹਾਂ ਵਿੱਚ ਕੁੱਲ 3, 73, 271 ਕੈਦੀ ਸਨ ਜਿਹਨਾਂ ਵਿੱਚ 65.7 ਪ੍ਰਤੀਸ਼ਤ ਵਿਚਾਰ ਅਧੀਨ ਕੈਦੀ ਸਨ, ਜੋ ਪੰਜ ਸਾਲ ਜਾਂ ਉਸਤੋਂ ਵੀ ਵੱਧ ਸਮਾਂ ਜੇਲ੍ਹ ਵਿੱਚ ਕੱਟ ਚੁੱਕੇ ਹਨ ਅਤੇ ਅਜੇ ਤੱਕ ਉਹਨਾਂ ਦਾ ਗੁਨਾਹ ਸਿੱਧ ਨਹੀਂ ਹੋਇਆ ਸੀ। ਇਹਨਾਂ ਵਿੱਚੋਂ ਜਿਆਦਾਤਰ ਲੋਕਾਂ ਦਾ ਗੁਨਾਹ ਇਹੋ ਹੈ ਕਿ ਇਹ ਲੋਕ ਗਰੀਬ ਤਬਕਿਆਂ ਤੋਂ ਹਨ ਅਤੇ ਪੁਲੀਸ-ਪ੍ਰਸ਼ਾਸਨ ਨੂੰ ਰਿਸ਼ਵਤ ਦੇ ਕੇ ਆਪਣਾ ਗੁਨਾਹ ਘੱਟ ਨਹੀਂ ਕਰਾ ਸਕਦੇ।

ਪੁਲੀਸ ਅਤੇ ਫੌਜ ਦੁਆਰਾ ਮਨੁੱਖੀ ਅਧਿਕਾਰਾਂ ਦੇ ਖੁੱਲੇਆਮ ਅਤੇ ਵੱਡੇ ਪੈਮਾਨੇ ਉੱਤੇ ਉਲੰਘਣਾਂ ਦੇ ਵਿਰੋਧ ਵਿੱਚ ਮੀਡੀਆ ਅਤੇ ਸਭਿਅਕ ਸਮਾਜ ਵਿੱਚ ਕਿਸੇ ਸਾਰਥਕ ਪਹਿਲ ਦੀ ਪੂਰੀ ਤਰ੍ਹਾਂ ਕਮੀ ਹੈ। ਪੁਲਸੀਆ ਮੁਠਭੇੜਾਂ ਵਿੱਚ ਬੇਕਸੂਰ ਲੋਕਾਂ ਦੀਆਂ ਹੱਤਿਆਵਾਂ ਦੀਆਂ ਘਟਨਾਵਾਂ ਮੀਡੀਆ ਵਿੱਚ ਸਨਸਨੀ ਦੇ ਤੌਰ 'ਤੇ ਪਰੋਸੀਆਂ ਜਾਂਦੀਆਂ ਹਨ। ਐਨਕਾਊਂਟਰ ਆਪਣੇ ਆਪ ਵਿੱਚ ਇੱਕ ਗਲੈਮਰ ਸ਼ਬਦ ਬਣਾ ਦਿੱਤਾ ਗਿਆ ਹੈ। ਐਨਕਾਊਂਟਰਾਂ ਵਿੱਚ ਜਿਆਦਾਤਰ ਨਿਰਦੋਸ਼ ਲੋਕ ਮਾਰੇ ਜਾਂਦੇ ਹਨ ਅਤੇ ਜੋ ਗੁਨਾਹਗਾਰ ਮਾਰੇ ਵੀ ਜਾਂਦੇ ਹਨ, ਉਹਨਾਂ ਦੀ ਵੀ ਪੁਲੀਸ-ਪ੍ਰਸ਼ਾਸਨ ਨਾਲ਼ ਮਿਲੀਭੁਗਤ ਹੁੰਦੀ ਹੀ ਹੈ ਪਰ ਵਰਤਮਾਨ ਹਾਲਤਾਂ ਵਿੱਚ ਉਹਨਾਂ ਨੂੰ ਠਿਕਾਣੇ ਲਾ ਦੇਣਾ ਹੀ ਢਾਂਚੇ ਦੇ ਹਿੱਤ ਵਿੱਚ ਹੁੰਦਾ ਹੈ। ਇਹ ਦੇਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਆਮ ਭਾਸ਼ਾ ਵਿੱਚ ਜਿਹਨਾਂ ਨੂੰ ਹਤਿਆਰੇ ਕਿਹਾ ਜਾਣਾ ਚਾਹੀਦਾ ਹੈ ਉਹਨਾਂ ਨੂੰ ਸਾਡੇ "ਸਭਿਅਕ" ਸਮਾਜ ਵਿੱਚ ਐਨਕਾਊਂਟਰ ਕਿੰਗ ਕਿਹਾ ਜਾਂਦਾ ਹੈ— ਤਮਗੇ, ਪੁਰਸਕਾਰ, ਪ੍ਰਮੋਸ਼ਨ ਅਤੇ ਇੱਜਤ ਨਾਲ਼ ਸਨਮਾਨਿਤ ਕੀਤਾ ਜਾਂਦਾ ਹੈ। ਉੱਥੇ ਦੂਜੇ ਪਾਸੇ ਦਹਿਸ਼ਤਗਰਦੀ ਦਾ ਹਉਆ ਖੜ੍ਹਾ ਕਰਕੇ ਮੀਡੀਆ ਪੁਲੀਸ ਅਤੇ ਫੌਜ ਪ੍ਰਤੀ ਲੋਕਾਂ ਦੇ ਮਨ ਵਿੱਚ ਇੱਕ ਹਮਦਰਦੀ ਦੀ ਭਾਵਨਾ ਪੈਦਾ ਕਰਦਾ ਹੈ ਅਤੇ ਅਜਿਹੀ ਮਾਨਸਿਕਤਾ ਬਣਾਉਂਦਾ ਹੈ ਜਿਸ ਵਿੱਚ ਪੁਲੀਸ ਅਤੇ ਫੌਜ ਦੀਆਂ ਬੁਰਾਈਆਂ ਨੂੰ ਮਾਫੀਯੋਗ ਮੰਨ ਲਿਆ ਜਾਂਦਾ ਹੈ। ਆਮ ਸਮਾਜਿਕ ਜੀਵਨ ਵਿੱਚ ਰੋਜ਼ਾਨਾ ਹੋਣ ਵਾਲ਼ੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਮੀਡੀਆ ਖਾਮੋਸ਼ ਰਹਿੰਦਾ ਹੈ। ਆਪਣੇ ਘਰ, ਨੌਕਰੀ, ਬੀਮਾ, ਸ਼ੇਅਰ ਵਿੱਚ ਫਸੇ ਸਭਿਅ ਮੱਧਵਰਗੀ ਨਾਗਰਿਕ ਕੋਲ਼ ਮਨੁੱਖੀ ਅਧਿਕਾਰ ਦੀ ਫਿਕਰ ਕਰਨ ਦੀ ਵਿਹਲ ਹੀ ਨਹੀਂ ਹੁੰਦੀ ਅਤੇ ਉਹ ਸਮਝਦਾ ਹੈ ਕਿ ਇਹ ਉਸਦਾ ਨਹੀਂ ਸਗੋਂ ਮਨੁੱਖੀ ਅਧਿਕਾਰ ਕਾਰਕੁੰਨ ਨਾਮਕ ਖਾਸ ਨਸਲ ਦੇ ਲੋਕਾਂ ਦਾ ਕੰਮ ਹੈ।

ਸਰਕਾਰ ਨੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਰਾਜਾਂ ਦੇ ਮਨੁੱਖੀ ਅਧਿਕਾਰ ਕਮਿਸ਼ਨਾਂ ਜਿਹੇ ਨੁਸਖੇ ਬਣਾਏ ਹਨ ਪਰ ਇਹਨਾਂ ਕਮਿਸ਼ਨਾਂ ਕੋਲ਼ ਕੋਈ ਖਾਸ ਅਧਿਕਾਰ ਨਹੀਂ ਹੁੰਦੇ। ਇਹ ਸਿਰਫ਼ ਜਵਾਬ ਮੰਗ ਸਕਦੇ ਹਨ ਅਤੇ ਸੂਚਨਾਵਾਂ ਇਕੱਠੀਆਂ ਕਰ ਸਕਦੇ ਹਨ। ਸਰਕਾਰੀ ਅਧਿਕਾਰੀ ਬਹੁਤ ਮਜ਼ਬੂਰ ਹੋ ਜਾਣ 'ਤੇ ਹੀ ਅਤੇ ਕਾਫ਼ੀ ਟਾਲ ਮਟੋਲ ਤੋ ਬਾਅਦ ਇਹਨਾਂ ਦੀ ਗੱਲ ਮੰਨਦੇ ਹਨ। ਇਹਨਾਂ ਕਮਿਸ਼ਨਾਂ ਦੀਆਂ ਸ਼ਿਕਾਇਤਾਂ ਕਾਰਵਾਈ ਦੇ ਇੰਤਜ਼ਾਰ ਵਿੱਚ ਪਈਆਂ ਧੂਲ ਫੱਕਦੀਆਂ ਰਹਿੰਦੀਆਂ ਹਨ। ਹਿਰਾਸਤ ਵਿੱਚ ਮੌਤ ਹੋਣ ਦੇ ਜਿਆਦਾਤਰ ਮਾਮਲਿਆਂ ਵਿੱਚ ਪੀੜਤ ਦੀਆਂ ਮੈਡੀਕਲ ਰਿਪੋਰਟਾਂ ਏਤ ਮੌਜੂਦਾ ਸਬੂਤਾਂ ਦੀ ਥਾਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਪੁਲੀਸ ਦੇ ਬਿਆਨ ਨੂੰ ਹੀ ਤਰਜੀਹ ਦਿੰਦਾ ਹੈ। ਇਹੀ ਕਾਰਨ ਹੈ ਕਿ ਸਾਲ 2007 ਵਿੱਚ ਹਿਰਾਸਤ ਵਿੱਚ ਹੋਈਆਂ ਮੌਤਾਂ ਦੇ ਸਿਲਸਿਲੇ ਵਿੱਚ ਇੱਕ ਵੀ ਪੁਲੀਸ ਵਾਲ਼ੇ ਨੂੰ ਸਜਾ ਨਹੀਂ ਹੋ ਸਕੀ। ਹੋਰਨਾਂ ਸਰਕਾਰੀ ਵਿਭਾਗਾਂ ਦੀ ਤਰ੍ਹਾਂ ਹੀ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵੀ ਆਮ ਲੋਕਾਂ ਨੂੰ ਜਿੰਨੀ ਰਾਹਤ ਦਿੰਦਾ ਹੈ, ਉਸਤੋਂ ਕਿਤੇ ਵੱਧ ਭਰਮ ਸਿਰਜਦਾ ਹੈ।

ਜਿਸ ਸਮਾਜ ਦਾ ਢਾਂਚਾ 90-95 ਕਰੋੜ ਗਰੀਬ ਲੋਕਾਂ ਦੀ ਬਰਬਰ ਲੁੱਟ ਦੇ ਸਿਰ 'ਤੇ ਮੁੱਠੀ ਭਰ ਅਮੀਰ ਅਤੇ ਸੁਵਿਧਾਭੋਗੀ

(**ਬਾਕੀ ਸਫ਼ਾ** 24 **'ਤੇ**)

## "ਬੇਜੋੜ ਭਾਰਤ"

# ਜਿੱਥੇ ਹਰ ਚੌਥਾ ਆਦਮੀ ਭੁੱਖਾ ਹੈ !

ਜੈ ਪੁਸ਼ਪ

ਪਿਛਲੀਆਂ ਵਿਧਾਨਸਭਾ ਚੋਣਾਂ ਵਿੱਚ ਬਹੁਮਤ ਹਾਸਿਲ ਕਰਕੇ ਦੁਬਾਰਾ ਸੱਤਾ 'ਤੇ ਕਾਬਜ਼ ਹੋਣ ਵਾਲ਼ੇ ਮੱਧ ਪ੍ਰਦੇਸ਼ ਦੇ ਭਾਜਪਾਈ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਅਤੇ ਉਹਨਾਂ ਦੇ ਪ੍ਰਾਂਤ ਦੀ ਝੋਲੀ ਵਿੱਚ ਕੁਝ ਹੋਰ ਤਮਗੇ ਆ ਪਏ ਹਨ। ਇੱਕ ਗੈਰ ਸਰਕਾਰੀ ਸੰਗਠਨ ਦੀ ਰਿਪੋਰਟ ਮੁਤਾਬਿਕ ਇਸ ਸਾਲ ਮਈ ਦੇ ਮਹੀਨੇ ਤੋਂ ਬਾਅਦ ਮੱਧ ਪ੍ਰਦੇਸ਼ ਦੇ ਘੱਟੋ-ਘੱਟ ਚਾਰ ਜਿਲ੍ਹਿਆਂ ਵਿੱਚ 6 ਵਰ੍ਹਿਆਂ ਦੀ ਉਮਰ ਤੋਂ ਘੱਟ ਦੇ 450 ਬੱਚਿਆਂ ਦੀ ਕੁਪੋਸ਼ਣ ਨਾਲ਼ ਮੌਤ ਹੋ ਗਈ ਹੈ।

ਕੌਮੀ ਪਰਿਵਾਰਕ ਸਿਹਤ ਸਰਵੇਖਣ-3 ਦੀ ਰਿਪੋਰਟ ਅਨੁਸਾਰ ਮੱਧ ਪ੍ਰਦੇਸ਼ ਵਿੱਚ ਕੁਪੋਸ਼ਣ 54 ਪ੍ਰਤੀਸ਼ਤ ਤੋਂ ਵੱਧ ਕੇ 60 ਪ੍ਰਤੀਸ਼ਤ ਹੋ ਗਿਆ ਹੈ ਜਿਸਦਾ ਮਤਲਬ ਇਹ ਹੈ ਕਿ ਮੱਧਪ੍ਰਦੇਸ਼ ਦੇ ਬੱਚੇ ਭਾਰਤ ਦੇ ਸਭ ਤੋਂ ਕੁਪੋਸ਼ਿਤ ਬੱਚੇ ਬਣ ਗਏ ਹਨ। ਪਰ ਗੱਲ ਇੱਥੇ ਹੀ ਖ਼ਤਮ ਨਹੀਂ ਹੋ ਜਾਂਦੀ। ਬੱਚਿਆਂ ਦੀ ਮੌਤ ਦਰ ਦੇ ਮਾਮਲੇ ਵਿੱਚ ਵੀ ਮੱਧ ਪ੍ਰਦੇਸ਼ ਭਾਰਤ ਦਾ ਮੋਹਰੀ ਪ੍ਰਾਂਤ ਹੈ ਜਿੱਥੇ ਜਿਉਂਦੇ ਪੈਦਾ ਹੋਣ ਵਾਲ਼ੇ ਹਰ 1000 ਬੱਚਿਆਂ ਵਿੱਚੋਂ 72 ਦੀ ਪੈਦਾ ਹੁੰਦੇ ਹੀ ਮੌਤ ਹੋ ਜਾਂਦੀ ਹੈ।

ਇਹ ਮਾਣ ਹਾਸਿਲ ਕਰਨ ਵਾਲ਼ਾ ਮੱਧ ਪ੍ਰਦੇਸ਼ ਇਕੱਲਾ ਪ੍ਰਾਂਤ ਨਹੀਂ ਹੈ! ਰਾਸ਼ਟਰੀ ਰਾਜਧਾਨੀ ਦਿੱਲੀ ਉਸਨੂੰ ਜ਼ਬਰਦਸਤ ਟੱਕਰ ਦੇ ਰਹੀ ਹੈ। ਵੈਸੇ ਤਾਂ ਪੂਰੇ ਦੇਸ਼ ਪੱਧਰ 'ਤੇ 'ਬੇਜੋੜ ਭਾਰਤ' ਦੀ ਇਹੋ ਦਸ਼ਾ ਹੈ। ਹਾਲਤ ਕਿੰਨੀ ਭਿਆਨਕ ਹੈ ਇਸਨੂੰ ਸਪਸ਼ਟ ਕਰਨ ਲਈ ਕੁਝ ਇੱਕ ਅੰਕੜੇ ਹੀ ਕਾਫ਼ੀ ਹੋਣਗੇ। ਸੰਸਾਰ ਸਿਹਤ ਸੰਗਠਨ ਅਨੁਸਾਰ ਭਾਰਤ ਦੇ ਪੰਜ ਵਰ੍ਹਿਆਂ ਤੋਂ ਘੱਟ ਉਮਰ ਦੇ 38 ਪ੍ਰਤੀਸ਼ਤ ਬੱਚਿਆਂ ਦੀ ਲੰਬਾਈ ਆਮ ਤੋਂ ਬਹੁਤ ਘੱਟ ਹੈ, 15 ਫੀਸਦੀ ਬੱਚੇ ਆਪਣੇ ਲੰਬਾਈ ਦੇ ਲਿਹਾਜ ਤੋਂ ਬਹੁਤ ਪਤਲੇ ਹਨ, ਅਤੇ 43 ਫੀਸਦੀ (ਲੱਗਭਗ ਅੱਧੇ) ਬੱਚਿਆਂ ਦਾ ਭਾਰ ਆਮ ਨਾਲੋਂ ਬਹੁਤ ਹੀ ਘੱਟ ਹੈ।

ਇੱਕ ਰਿਪੋਰਟ ਮੁਤਾਬਿਕ ਅੱਜ ਦੇਸ਼ ਦੇ ਹਰ ਚੌਥੇ ਆਦਮੀ ਨੂੰ ਪੇਟ ਭਰ ਭੋਜਨ ਨਸੀਬ ਨਹੀਂ ਹੋ ਪਾ ਰਿਹਾ ਹੈ। ਲਗਭਗ 77 ਪ੍ਰਤੀਸ਼ਤ ਭਾਰਤੀ 20 ਰੁਪਏ ਰੁਪਏ ਰੋਜ਼ ਤੋਂ ਘੱਟ 'ਤੇ ਗੁਜ਼ਾਰਾ ਕਰਦੇ ਹਨ। ਪਿਛਲੇ ਸਮੇਂ ਤੋਂ ਮਹਿੰਗਾਈ ਜਿੰਨੀ ਰਫ਼ਤਾਰ ਨਾਲ਼ ਵਧੀ ਹੈ ਉਸਨੂੰ ਦੇਖਦੇ ਹੋਏ ਸਹਿਜ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਅੱਜ ਹਾਲਤ ਕਿੰਨੀ ਭਿਆਨਕ ਹੋ ਚੁੱਕੀ ਹੋਵੇਗੀ। ਇੱਕ ਪਾਸੇ ਸਰਕਾਰ ਮੁਦਰਾਸਫ਼ੀਤੀ ਦੀ ਦਰ ਦੇ ਘੱਟਦੇ ਜਾਣ ਦੀ ਗੱਲ ਕਰ ਰਹੀ ਹੈ ਉੱਥੇ ਹੀ ਦੂਜੇ ਪਾਸੇ 4-5 ਸਾਲਾਂ ਵਿੱਚ ਜਿਆਦਾਤਰ ਅਨਾਜ ਪਦਾਰਥਾਂ ਦੀਆਂ ਕੀਮਤਾਂ ਵਿੱਚ 50 ਤੋਂ 100 ਪ੍ਰਤੀਸ਼ਤ ਦਾ ਵਾਧਾ ਹੋ ਚੁੱਕਾ ਹੈ। ਜਿਵੇਂ-ਜਿਵੇਂ ਖੇਤੀ ਵਿੱਚ ਕਾਰਪੋਰੇਟ ਸੈਕਟਰ ਦੇ ਪੈਰ ਲੱਗਦੇ ਜਾ ਰਹੇ ਹਨ ਅਤੇ ਲੋਕਾਂ ਦੀਆਂ ਲੋੜਾਂ ਮੁਤਾਬਿਕ ਨਹੀਂ ਸਗੋਂ ਮੰਡੀ ਨੂੰ ਧਿਆਨ ਵਿੱਚ ਰੱਖ ਕੇ ਖੇਤੀ ਕਰਨ ਦਾ ਰੁਝਾਨ ਵਧਦਾ ਜਾ ਰਿਹਾ ਹੈ, ਉਵੇਂ ਉਵੇਂ ਬੁਨਿਆਦੀ ਅਨਾਜ ਪਦਾਰਥਾਂ ਦੀਆਂ ਕੀਮਤਾਂ ਵਧਦੀਆਂ ਜਾ ਰਹੀਆਂ ਹਨ ਅਤੇ ਅਨਾਜ ਅਸੁਰੱਖਿਆ ਦੀ ਹਾਲਤ ਪੈਦਾ ਹੋ ਗਈ ਹੈ।

ਇਸਦਾ ਮਤਲਬ ਇਹ ਬਿਲਕੁਲ ਨਹੀਂ ਹੈ ਕਿ ਦੇਸ਼ ਵਿੱਚ ਅੰਨ ਦੀ ਕਮੀ ਹੈ। ਬਿਨਾਂ ਕਿਸੇ ਕੰਟਰੋਲ਼ ਤੋਂ, ਅਵਿਗਿਆਨਿਕ ਢੰਗ ਨਾਲ਼ ਖੇਤੀ ਕਰਨ, ਕਿਸਾਨਾਂ ਨੂੰ ਸਰਕਾਰੀ ਮਦਦ ਦੀ ਬੇਹੱਦ ਘਾਟ ਅਤੇ ਖੇਤੀ ਨੂੰ ਜੂਆ ਬਣਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਮਾਹਰਾਂ ਦਾ ਮੰਨਣਾ ਹੈ ਕਿ ਹਜ਼ਾਰਾਂ ਟਨ ਅਨਾਜ ਗੋਦਾਮਾਂ ਵਿੱਚ ਪਿਆ ਸੜ ਜਾਂਦਾ ਹੈ ਅਤੇ ਚੂਹਿਆਂ ਦੁਆਰਾ ਹਜ਼ਮ ਕਰ ਲਿਆ ਜਾਂਦਾ ਹੈ। ਇਸਤੋਂ ਇਲਾਵਾ ਵੱਡੇ ਪੈਮਾਨੇ 'ਤੇ ਅਨਾਜ ਗੈਰਕਾਨੂੰਨੀ ਤਰੀਕਿਆਂ ਨਾਲ਼ ਵਿਦੇਸ਼ਾਂ ਨੂੰ ਵੇਚਿਆ ਜਾਂਦਾ ਹੈ। ਇੱਕ ਪਾਸੇ ਖੇਤੀ ਯੋਗ ਜ਼ਮੀਨ ਦਾ ਦੂਜੇ ਕੰਮਾਂ ਲਈ ਇਸਤੇਮਾਲ ਕੀਤਾ ਜਾ ਰਿਹਾ ਤਾਂ ਦੂਜੇ ਪਾਸੇ ਅੰਨ ਉਗਾਉਣ ਦੀ ਬਜਾਇ ਕਿਸਾਨਾਂ ਨੂੰ ਨਗਦੀ ਫਸਲਾਂ ਉਗਾਉਣ ਦਾ ਲਾਲਚ ਵੀ ਦਿੱਤਾ ਜਾ ਰਿਹਾ ਹੈ।

ਦੇਸ਼ ਦਾ ਇੱਕ ਬਹੁਤ ਵੱਡਾ ਹਿੱਸਾ ਪਹਿਲਾਂ ਹੀ ਸੋਕੇ ਦੀ ਮਾਰ ਨਾਲ਼ ਜੂਝ ਰਿਹਾ ਸੀ ਉੱਥੇ ਇਸ ਵਰ੍ਹੇ ਮਾਨਸੂਨ ਘੱਟ ਹੋਣ ਵਜੋਂ ਅੰਨ ਉਤਪਾਦਨ ਹੋਰ ਵੀ ਘੱਟ ਹੋਣ ਦਾ ਡਰ ਬਣਿਆ ਹੋਇਆ ਹੈ। ਸਾਡੀ ਸੁਜਲਾਮ ਸੁਫਲਾਮ ਸ਼ਾਸਯ ਸ਼ਿਆਮਲਮ ਧਰਤੀ ਅੰਗਰੇਜ਼ ਹਾਕਮਾਂ ਦੇ ਪੈਦਾ ਕੀਤੇ ਅਕਾਲਾਂ ਤੋਂ ਬਾਅਦ ਹੁਣ ਦੇਸੀ ਹਾਕਮਾਂ ਦੀਆਂ ਕਰਤੂਤਾਂ ਤੋਂ ਪੈਦਾ ਹੋਈ ਅਕਾਲ ਜਿਹੀ ਹਾਲਤ ਦਾ ਸਾਹਮਣਾ ਕਰ ਰਹੀ ਹੈ।

ਅੱਜ ਦੁਨੀਆਂ ਵਿੱਚ ਸਭ ਤੋਂ ਵੱਧ ਭੁੱਖੇ ਲੋਕ ਭਾਰਤ ਵਿੱਚ ਰਹਿੰਦੇ ਹਨ। ਦੇਸ਼ ਵਿੱਚ ਲਗਭਗ ਸਾਢੇ ਇੱਕੀ ਕਰੋੜ ਲੋਕਾਂ ਨੂੰ ਰੱਜਵਾਂ ਭੋਜਨ ਨਸੀਬ ਨਹੀਂ ਹੋ ਪਾ ਰਿਹਾ। ਇਸਤੋਂ ਇਲਾਵਾ ਗਰੀਬਾਂ ਦੀ ਇੱਕ ਬਹੁਤ ਵੱਡੀ ਅਬਾਦੀ ਅਜਿਹੀ ਹੈ ਜਿਸਦਾ ਢਿੱਡ ਤਾਂ ਕਿਸੇ ਨਾ ਕਿਸੇ ਪ੍ਰਕਾਰ ਭਰ ਜਾਂਦਾ ਹੈ ਪਰ ਉਸਨੂੰ ਭੋਜਨ ਤੋਂ ਲੋੜੀਂਦਾ ਪੋਸ਼ਣ ਨਹੀਂ ਮਿਲ ਪਾਉਂਦਾ। ਇਹੀ ਉਹ ਅਬਾਦੀ ਹੈ ਜੋ ਕਾਰਖਾਨਿਆਂ ਅਤੇ ਖੇਤਾਂ ਵਿੱਚ ਸਭ ਤੋਂ ਖਰਾਬ ਹਾਲਤਾਂ ਵਿੱਚ ਸਭ ਤੋਂ ਵੱਧ ਮਿਹਨਤ ਵਾਲ਼ੇ ਕੰਮ ਕਰਦੀ ਹੈ ਅਤੇ ਝੁੱਗੀਆਂ-ਬਸਤੀਆਂ ਵਿੱਚ ਅਤੇ ਕੂੜੇ ਦੇ ਢੇਰ ਅਤੇ ਸੜਕਾਂ-ਨਾਲਿਆਂ ਦੇ ਕਿਨਾਰੇ ਜ਼ਿੰਦਗੀ ਬਿਤਾਉਂਦੀ ਹੈ। ਕਹਿਣ ਦੀ ਲੋੜ ਨਹੀਂ ਕਿ ਭੁੱਖ, ਕੁਪੋਸ਼ਣ, ਛੂਤ ਦੀਆਂ ਬਿਮਾਰੀਆਂ ਅਤੇ ਹੋਰ ਬਿਮਾਰੀਆਂ ਅਤੇ ਕੰਮ ਦੀਆਂ ਅਣਮਨੁੱਖੀ ਹਾਲਤਾਂ ਵਜੋਂ

ਅਤੇ ਨਾਲ਼ ਹੀ ਦਵਾ-ਇਲਾਜ ਦੀ ਘਾਟ ਵਜੋਂ ਇਸ ਜਮਾਤ ਦੇ ਜਿਆਦਾਤਰ ਲੋਕ ਸਮੇਂ ਤੋਂ ਪਹਿਲਾਂ ਹੀ ਦਮ ਤੋੜ ਜਾਂਦੇ ਹਨ। ਲੋੜੀਂਦੇ ਪੋਸ਼ਣ ਦੀ ਘਾਟ ਵਜੋਂ ਭਾਰਤ ਦੇ ਲਗਭਗ 6 ਕਰੋੜ ਬੱਚਿਆਂ ਦਾ ਭਾਰ ਆਮ ਨਾਲੋਂ ਘੱਟ ਹੈ। ਸੁਣ ਕੇ ਸਦਮਾ ਲੱਗ ਸਕਦਾ ਹੈ ਕਿ ਅਫ਼ਰੀਕਾ ਦੇ ਕਈ ਪਿਛੜੇ ਦੇਸ਼ਾਂ ਦੀ ਹਾਲਤ ਵੀ ਇੱਥੋਂ ਕਿਤੇ ਬਿਹਤਰ ਹੈ! ਦੁਨੀਆਂ ਦੇ ਕੁੱਲ ਕੁਪੋਸ਼ਿਤ ਬੱਚਿਆਂ ਦੀ ਇੱਕ ਤਿਹਾਈ ਸੰਖਿਆਂ ਭਾਰਤੀ ਬੱਚਿਆਂ ਦੀ ਹੈ। ਦੇਸ਼ ਦੀਆਂ 50 ਪ੍ਰਤੀਸ਼ਤ ਔਰਤਾਂ ਅਤੇ 80 ਪ੍ਰਤੀਸ਼ਤ ਬੱਚਿਆਂ ਵਿੱਚ ਖੂਨ ਦੀ ਕਮੀ ਹੈ।

ਹਰ ਗੁਜਰਦੇ ਦਿਨ ਦੇ ਨਾਲ਼ ਹਾਲਤ ਹੋਰ ਗੰਭੀਰ ਹੁੰਦੀ ਜਾ ਰਹੀ ਹੈ। ਦੇਸ਼ ਦੀ ਤਰੱਕੀ ਦੀ ਸਾਰੀ ਮਲਾਈ ਅਮੀਰਾਂ ਦੁਆਰਾ ਚੱਟ ਲਈ ਜਾਂਦੀ ਹੈ ਜਦਕਿ ਉਤਪਾਦਨ ਵਿੱਚ ਸਭ ਤੋਂ ਵੱਧ ਯੋਗਦਾਨ ਕਰਨ ਵਾਲ਼ੀ ਤਿੰਨ-ਚੌਥਾਈ ਕਿਰਤੀ ਅਬਾਦੀ ਭੁੱਖ, ਕੁਪੋਸ਼ਣ, ਅਤੇ ਬਿਮਾਰੀਆਂ ਦੀ ਸ਼ਿਕਾਰ ਬਣ ਜਾਂਦੀ ਹੈ।

ਇਸ ਹਾਲਤ ਵਿੱਚ ਕਵੀ ਬਰਤੋਲਤ ਬ੍ਰੇਸ਼ਟ ਦੇ ਇਹਨਾਂ ਸ਼ਬਦਾਂ ਨੂੰ ਯਾਦ ਕਰਨ ਦੀ ਜ਼ਰੂਰਤ ਹੈ—

ਜੇਕਰ ਥਾਲੀ ਤੁਹਾਡੀ ਖਾਲੀ ਹੈ
ਤਾਂ ਸੋਚਣਾ ਪਵੇਗਾ
ਕਿ ਖਾਣਾ ਕਿਵੇਂ ਖਾਓਗੇ
ਇਹ ਤੁਹਾਡੇ 'ਤੇ ਹੈ ਕਿ
ਪਲਟ ਦਿਓ ਸਰਕਾਰ ਨੂੰ ਉਲਟਾ
ਜਦ ਤੱਕ ਕਿ ਭੁੱਖਾ ਢਿੱਡ ਨਹੀਂ ਭਰਦਾ... □

## ਪਰਦੇ ਮੇਂ ਰਹਿਨੇ ਦੋ, ਪਰਦਾ ਨਾ ਉਠਾਓ...

( ਸਫ਼ਾ 16 ਦਾ ਬਾਕੀ)

ਜਿਸ ਉੱਤੇ ਲੋਕ ਭਰੋਸਾ ਕਰ ਸਕਣ। ਇਸ ਲਈ ਨਿਆਂ ਪ੍ਰਬੰਧ ਨੂੰ ਸਰਕਾਰ ਇਸ ਕਾਨੂੰਨ ਤੋਂ ਬਚਾ ਕੇ ਰੱਖਣਾ ਚਾਹੁੰਦੀ ਹੈ।

ਪੂੰਜੀਵਾਦੀ ਲੁਟੇਰੇ ਪ੍ਰਬੰਧ ਦੇ ਸਾਰੇ ਅੰਗਾਂ ਦੀ ਤਰ੍ਹਾਂ ਇੱਥੋਂ ਦਾ ਨਿਆਂ ਪ੍ਰਬੰਧ ਵੀ ਪੂਰੀ ਤਰ੍ਹਾਂ ਭ੍ਰਿਸ਼ਟਾਚਾਰ ਵਿੱਚ ਗੜੁੱਚ ਹੈ। ਆਦਲਤਾਂ ਵਿੱਚ ਨਿਆਂ ਵਿਕਦਾ ਹੈ, ਗਵਾਹ ਵਿਕਦੇ ਹਨ, ਵਕੀਲ ਵਿਕਦੇ ਹਨ, ਜੱਜ ਵੀ ਵਿਕਦੇ ਹਨ। ਹਾਈਕੋਰਟਾਂ ਅਤੇ ਸੁਪਰੀਮ ਕੋਰਟ ਦੇ ਵਕੀਲ ਜਿਹਨਾਂ ਦੀ 'ਪ੍ਰੈਕਟਿਸ" ਠੀਕ-ਠਾਕ ਚਲਦੀ ਹੈ, ਉਹ ਕਰੋੜਪਤੀ ਬਣ ਚੁੱਕੇ ਹਨ। ਅਜਿਹੇ ਵਿੱਚ ਜੱਜਾਂ ਦੀ ਜਾਇਦਾਦ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਜੇਕਰ ਹਾਈਕੋਰਟਾਂ ਅਤੇ ਸੁਪਰੀਮ ਕੋਰਟਾਂ ਦੇ ਜੱਜਾਂ ਦੀ ਵਿਸ਼ਾਲ ਜਾਇਦਾਦ ਦੇ ਬਿਓਰੇ ਲੋਕਾਂ ਸਾਹਮਣੇ ਆਉਣਗੇ ਤਾਂ ਨਿਸ਼ਚਿਤ ਹੀ ਸਵਾਲ ਉੱਠੇਗਾ ਕਿ ਉਹਨਾਂ ਕੋਲ ਏਨਾ ਧਨ ਆਇਆ ਕਿਥੋਂ ? ਅਤੇ ਇਸਦਾ ਜਵਾਬ ਲੋਕਾਂ ਲਈ ਔਖਾ ਨਹੀਂ ਹੋਵੇਗਾ। ਇਸ ਲਈ ਸਰਕਾਰ ਨਿਆਂ ਪ੍ਰਬੰਧ ਦੀ ਗੰਦਗੀ ਨੂੰ ਪਰਦੇ ਵਿੱਚ ਢੱਕਣਾ ਚਾਹੁੰਦੀ ਹੈ।

ਕਿਉਂਕਿ ਨਿਆਂ ਪ੍ਰਬੰਧ ਕਦੇ ਕਦੇ ਲੋਕਾਂ ਨੂੰ ਵੀ ਨਿਆਂ ਹਾਸਿਲ ਕਰਵਾ ਦਿੰਦਾ ਹੈ। ਕੁਝ ਕੁ ਮਾਮਲਿਆਂ ਵਿੱਚ ਕਿਸੇ ਇੱਕ ਲੀਡਰ-ਮੰਤਰੀ ਜਾਂ ਅਫਸਰ ਨੂੰ ਵੀ ਸਜਾਵਾਂ ਸੁਣਾਕੇ ਇਹ ਢਾਂਚਾ ਆਪਣੇ ਕੁਝ ਗਲੇ-ਸੜੇ ਅੰਗਾਂ ਨੂੰ ਕੱਟਕੇ ਲੋਕਾਂ ਦੀਆਂ ਨਜ਼ਰਾਂ ਵਿੱਚ ਪਵਿੱਤਰ ਬਣਨ ਦੀ ਕੋਸ਼ਿਸ਼ ਕਰਦਾ ਹੈ ਤਾਂ ਲੋਕਾਂ ਨੂੰ ਲੱਗਦਾ ਹੈ ਕਿ ਨਿਆਂ ਢਾਂਚਾ ਨਿਰਪੱਖ ਹੈ। ਉਹ ਕਿਸੇ ਨਾਲ਼ ਗੈਰ-ਬਰਾਬਰੀ ਨਹੀਂ ਕਰਦਾ, ਉਸਦੀਆਂ ਨਜ਼ਰਾਂ ਵਿੱਚ ਸਾਰੇ ਇਕੋ ਜਿਹੇ ਹਨ। ਹੁਣ ਜੇਕਰ ਨਿਆਂ ਪ੍ਰਬੰਧ ਦੀ ਪੋਲ ਵੀ ਲੋਕਾਂ ਸਾਹਮਣੇ ਖੁੱਲਣ ਲੱਗਦੀ ਹੈ ਤਾਂ ਇਸ ਲੁਟੇਰੇ ਪੂੰਜੀਵਾਦੀ ਪ੍ਰਬੰਧ ਦਾ ਅੰਜਾਮ ਕੀ ਹੋਵੇਗਾ। ? ਇਹੋ ਡਰ ਸਰਕਾਰ ਅਤੇ ਪੂੰਜੀਪਤੀਆਂ ਨੂੰ ਸਤਾਉਂਦਾ ਰਹਿੰਦਾ ਹੈ, ਜਿਸਦੀ ਵਜ੍ਹਾ ਤੋਂ ਅਦਾਲਤਾਂ ਦੀ ਨਿਰਪੱਖਤਾ ਦਾ ਢੋਂਗ ਹੁੰਦਾ ਰਹਿੰਦਾ ਹੈ।

□

## ਫਰਜ਼ੀ ਮੁੱਠਭੇੜਾਂ, ਪੁਲਿਸ ਹਿਰਾਸਤ ਵਿੱਚ ਹਰ ਰੋਜ਼ 4 ਬੇਕਸੂਰ ਮਾਰੇ ਜਾਂਦੇ ਹਨ

( ਸਫ਼ਾ 22 ਦਾ ਬਾਕੀ)

ਤਬਕਿਆਂ ਨੂੰ ਐਸ਼ੋ-ਅਰਾਮ ਦਿਲਾਉਣ 'ਤੇ ਟਿਕਿਆ ਹੋਇਆ ਹੈ, ਉੱਥੇ ਇੱਕ ਅਜਿਹੇ ਤੰਤਰ ਦਾ ਹੋਣਾ ਲਾਜ਼ਮੀ ਹੈ ਜੋ ਤਾਕਤ ਦੇ ਸਹਾਰੇ ਬਹੁਮਤ ਨੂੰ ਕਾਬੂ ਰੱਖੇ ਅਤੇ ਥੋੜੇ ਜਿਹੇ ਵਿਸ਼ੇਸ਼ ਅਧਿਕਾਰ ਪ੍ਰਾਪਤ ਲੋਕਾਂ ਦੇ ਹਿੱਤਾਂ ਦੀ ਰੱਖਿਆ ਕਰੇ। ਅੱਜ ਦੇ ਪੂੰਜੀਵਾਦੀ ਸਮਾਜ ਵਿੱਚ ਪੁਲੀਸ-ਫੌਜ-ਅਦਾਲਤ-ਅਫ਼ਸਰਸ਼ਾਹੀ ਦਾ ਤੰਤਰ ਇਸੇ ਜ਼ਰੂਰਤ ਨੂੰ ਪੂਰਾ ਕਰਦਾ ਹੈ। ਚਾਹੇ ਕਿੰਨੇ ਵੀ ਸਰਕਾਰੀ ਵਿਭਾਗ ਜਾਂ ਕਮਿਸ਼ਨ ਬਣਾ ਦਿੱਤੇ ਜਾਣ, ਉਹ ਪੁਲੀਸ ਅਤੇ ਫੌਜ ਦੇ ਜ਼ਬਰ ਅਤੇ ਅਤਿਆਚਾਰ ਤੋਂ ਲੋਕਾਂ ਨੂੰ ਰਾਹਤ ਨਹੀਂ ਦਵਾ ਸਕਦੇ। ਅਸਲ ਗੱਲ ਤਾਂ ਇਹ ਹੈ ਕਿ ਇਹ ਨਿਆਂਪਾਲਿਕਾ, ਵਿਧਾਇਕਾ ਆਦਿ ਪੂੰਜੀਪਤੀਆਂ ਦੀ ਤਾਨਾਸ਼ਾਹੀ ਦੇ ਦਿਖਾਉਣ ਦੇ ਦੰਦ ਹਨ, ਫੌਜ, ਪੁਲੀਸ ਅਤੇ ਤਰ੍ਹਾਂ-ਤਰ੍ਹਾਂ ਦੇ ਅਰਧ ਫੌਜੀ ਬਲ ਹੀ ਉਸਦੇ ਖਾਣ ਦੇ ਦੰਦ ਹਨ। ਸਾਰੇ ਪੁਲਸੀਆ ਜ਼ਬਰ-ਦਾਬੇ ਦੇ ਬਾਵਜੂਦ ਸਰਕਾਰ ਦੋਸ਼ੀ ਪੁਲੀਸ ਵਾਲਿਆਂ ਉੱਤੇ ਨਾ ਤਾਂ ਕੋਈ ਕਾਰਵਾਈ ਕਰਦੀ ਹੈ ਅਤੇ ਨਾ ਹੀ ਅੰਗਰੇਜ਼ਾਂ ਦੇ ਸਮੇਂ ਦੇ ਹੁਣ ਤੱਕ ਚੱਲੇ ਆ ਰਹੇ ਪੁਲੀਸ ਸਬੰਧੀ ਕਾਨੂੰਨਾਂ ਵਿੱਚ ਕੋਈ ਸੋਧ ਕਰਦੀ ਹੈ। ਤਰ੍ਹਾਂ-ਤਰ੍ਹਾਂ ਦੇ ਰੰਗ-ਬਿਰੰਗੇ ਝੰਡਿਆਂ ਵਾਲੀਆਂ ਪਾਰਟੀਆਂ ਚੋਂ ਕੋਈ ਵੀ ਇਸ ਬਾਰੇ ਕੁਝ ਨਹੀਂ ਬੋਲਦੀ। ਆਪਣਾ ਰਾਜ ਆਉਣ 'ਤੇ ਸਾਰੀਆਂ ਰਾਜਨੀਤਕ ਪਾਰਟੀਆਂ ਇਸੇ ਤੰਤਰ ਦੀ ਬਦੌਲਤ ਆਪਣਾ ਰਾਜ ਚਲਾਉਂਦੀਆਂ ਹਨ। ਮਜ਼ਦੂਰਾਂ ਅਤੇ ਆਮ ਲੋਕਾਂ ਦੁਆਰਾ ਜਾਇਜ ਮੰਗਾਂ ਵਾਸਤੇ ਚਾਲਏ ਜਾਣ ਵਾਲ਼ੇ ਅੰਦੋਲ਼ਨਾਂ ਨੂੰ ਦਬਾਉਣ ਲਈ ਫੌਜ-ਪੁਲੀਸ ਖੁੱਲੇ ਤੌਰ 'ਤੇ ਪੂੰਜੀਪਤੀਆਂ ਦੇ ਲਠੈਤ ਅਤੇ ਦਲਾਲ ਦੀ ਭੂਮਿਕਾ ਨਿਭਾਉਂਦੀ ਹੈ। **—ਜੈ ਪੁਸ਼ਪ**

□

# ਚੇਲੋ ਪਰਿਵਾਰ ਦੀ ਕਹਾਣੀ

## ਮੈਕਸਿਕੋ ਦੇ ਇੱਕ ਪਰਿਵਾਰ ਦੀ ਕਹਾਣੀ ਜੋ ਹਰ ਗਰੀਬ ਦੇਸ਼ ਦੀ ਸੱਚਾਈ ਹੈ

**ਡੇਵਿਡ ਵਰਨਰ**

ਡੇਵਿਡ ਵਰਨਰ ਇੱਕ ਡਾਕਟਰ ਸਨ ਜਿਹਨਾਂ ਨੇ ਆਪਣੇ ਗਿਆਨ ਨੂੰ ਵੇਚ ਕੇ ਜ਼ਾਇਦਾਦ ਖੜੀ ਕਰਨ ਦੀ ਬਜਾਇ ਉਹਨਾਂ ਲੋਕਾਂ ਦੀ ਸੇਵਾ ਵਿੱਚ ਲਾਇਆ ਜਿਨ੍ਹਾਂ ਨੂੰ ਉਸਦੀ ਸਭ ਤੋਂ ਵੱਧ ਜਰੂਰਤ ਸੀ। ਕਰੀਬ 40 ਵਰ੍ਹੇ ਪਹਿਲਾਂ ਉਹਨਾਂ ਨੇ ਮੈਕਸਿਕੋ ਦੇ ਇੱਕ ਪਿਛੜੇ ਇਲਾਕੇ ਦੇ ਪਿੰਡਾਂ ਲੋਕਾਂ ਦੇ ਸਿਹਤ-ਸੁਧਾਰ ਲਈ ਕੰਮ ਕਰਨਾ ਸ਼ੁਰੂ ਕੀਤਾ ਸੀ। ਉਹਨਾਂ ਨੇ ਪਿੰਡਾਂ ਵਿੱਚ ਸਿਹਤ ਕੇਂਦਰ ਖੋਲ੍ਹੇ ਜਿਹਨਾਂ ਨੂੰ ਸਮਾਜਿਕ ਕਾਰਕੁੰਨ ਸੰਚਾਲਿਤ ਕਰਦੇ ਸਨ। ਸ਼ੁਰੂ ਵਿੱਚ ਉਹ ਲੋਕਾਂ ਦੀ ਖਰਾਬ ਸਿਹਤ ਦਾ ਕਾਰਨ ਗੰਦਗੀ, ਪ੍ਰਦੂਸ਼ਣ, ਪੋਸ਼ਟਿਕ ਭੋਜਨ ਦੀ ਕਮੀ ਆਦਿ ਵਿੱਚ ਲੱਭਦੇ ਸਨ। ਪਰ ਲੋਕਾਂ ਵਿੱਚ ਰਹਿੰਦੇ-ਰਹਿੰਦੇ ਹੌਲੀ-ਹੌਲੀ ਉਹਨਾਂ ਨੇ ਵੇਖਿਆ ਕਿ ਇਸਦੇ ਕਾਰਨ ਸਿਰਫ਼ ਫੌਰੀ ਨਹੀਂ ਹਨ ਸਗੋਂ ਸਮਾਜਿਕ-ਆਰਥਿਕ ਢਾਂਚੇ ਵਿੱਚ ਹਨ ਜੋ ਲੋਕਾਂ ਦੀ ਗਰੀਬੀ, ਬਦਹਾਲੀ, ਅਗਿਆਨ ਅਤੇ ਜਿੰਦਗੀ ਦੀਆਂ ਬੇਹੱਦ ਕਠੋਰ ਹਾਲਤਾਂ ਲਈ ਜ਼ੁੰਮੇਵਾਰ ਹਨ।

ਉਹਨਾਂ ਦੀਆਂ ਲਿਖੀਆਂ ਪੁਸਤਕਾਂ– 'ਜਿੱਥੇ ਡਾਕਟਰ ਨਾ ਹੋਵੇ', 'ਸਿਹਤ ਕਾਰਕੁੰਨਾਂ ਨੂੰ' ਆਦਿ ਗਰੀਬ ਦੇਸ਼ਾਂ ਵਿੱਚ ਕੰਮ ਕਰ ਰਹੇ ਸਮਾਜਿਕ-ਰਾਜਨੀਤਕ ਕਾਰਕੁੰਨਾਂ ਲਈ ਬਹੁਤ ਉਪਯੋਗੀ ਹਨ। ਇੱਥੇ ਅਸੀਂ ਉਹਨਾਂ ਦੇ ਅਨੁਭਵਾਂ ਦਾ ਇੱਕ ਅੰਸ਼ ਪ੍ਰਕਾਸ਼ਿਤ ਕਰ ਰਹੇ ਹਾਂ। ਜੇ ਨਾਂ ਬਦਲ ਦਿੱਤੇ ਜਾਣ ਤਾਂ ਇਹ ਭਾਰਤ ਦੇ ਪਿੰਡਾਂ ਦੇ ਕਿਸੇ ਵੀ ਪਰਿਵਾਰ ਦੀ ਕਹਾਣੀ ਤੋਂ ਵੱਖ ਨਹੀਂ ਹੋਵੇਗੀ।–ਸੰਪਾਦਕ

ਮੈਂ ਤੁਹਾਨੂੰ ਚੇਲੋ ਅਤੇ ਉਸਦੇ ਪਰਿਵਾਰ ਬਾਰੇ ਦੱਸ ਰਿਹਾ ਹਾਂ। ਪਿਛਲੇ ਕੁਝ ਵਰ੍ਹਿਆਂ ਵਿੱਚ ਮੈਂ ਉਸਦੇ ਬਹੁਤ ਨਜ਼ਦੀਕ ਆ ਗਿਆ ਹਾਂ। ਚੇਲੋ ਨੂੰ ਟੀ.ਬੀ. ਹੈ ਅਤੇ ਰੋਗ ਬਹੁਤ ਵੱਧ ਗਿਆ ਹੈ। ਉਸਦੇ ਪਿੰਡ ਵਿੱਚ ਸਿਹਤ ਕੇਂਦਰ ਖੁੱਲਣ ਤੋਂ ਪਹਿਲਾਂ ਉਸਦਾ ਕੋਈ ਇਲਾਜ ਨਹੀਂ ਹੋਇਆ ਸੀ ਅਤੇ ਉਹ ਦਵਾਈਆਂ ਦਾ ਖ਼ਰਚ ਨਹੀਂ ਚੁੱਕ ਸਕਦਾ ਸੀ। (ਤਪੇਦਿਕ ਦੀਆਂ ਬੁਨਿਆਦੀ ਦਵਾਈਆਂ ਦਾ ਉਤਪਾਦਨ ਖਰਚੀਲਾ ਨਹੀਂ ਹੈ, ਪਰ ਮੈਕਸਿਕੋ ਵਿੱਚ ਉਹ ਅਮਰੀਕਾ ਜਾਂ ਹੋਰਨਾਂ ਵਿਕਸਿਤ ਦੇਸ਼ਾਂ ਦੇ ਮੁਕਾਬਲੇ ਦਸ ਗੁਣਾ ਕੀਮਤਾਂ ਉੱਤੇ ਵੇਚੀ ਜਾਂਦੀ ਹੈ।) ਹਾਲਾਂਕਿ ਸਰਕਾਰ ਦਾ ਤਪੇਦਿਕ ਕੰਟਰੋਲ਼ ਪ੍ਰੋਗਰਾਮ ਮੁਫ਼ਤ ਇਲਾਜ ਦਿੰਦਾ ਹੈ, ਪਰ ਇਸ ਵਾਸਤੇ ਲਈ ਜ਼ਰੂਰੀ ਹੈ ਕਿ ਮਰੀਜ਼ ਵਿੱਚ-ਵਿੱਚ ਨੂੰ ਜਾਂਚ ਅਤੇ ਦਵਾਈਆਂ ਲਈ ਸ਼ਹਿਰ ਵਿੱਚ ਸਥਿਤ ਸਰਕਾਰੀ ਸਿਹਤ ਕੇਂਦਰਾਂ ਉੱਤੇ ਜਾਂਦਾ ਰਹੇ। ਚੇਲੋ ਲਈ ਇਸਦਾ ਮਤਲਬ ਸੀ, ਹਰ ਦੋ ਹਫ਼ਤੇ ਪਿੱਛੋਂ ਢਾਈ ਸੋ ਕਿਲੋਮੀਟਰ ਦੀ ਯਾਤਰਾ ਕਰਨਾ। ਉਸਦੇ ਲਈ ਏਨਾ ਖ਼ਰਚ ਚੁੱਕਣਾ ਅਸੰਭਵ ਸੀ।

ਵਰ੍ਹਿਆਂ ਤੱਕ ਚੇਲੋ ਪਿੰਡ ਦੇ ਸਭ ਤੋਂ ਧਨੀ ਜ਼ਮੀਂਦਾਰ ਲਈ ਕੰਮ ਕਰਦਾ ਰਿਹਾ। ਉਹ ਇੱਕ ਬਦਮਿਜਾਜ, ਮੋਟਾ-ਥੁਲਥੁਲ ਵਿਅਕਤੀ ਹੈ ਅਤੇ ਪੰਜਾਹ ਏਕੜ ਜ਼ਮੀਨ ਤੋਂ ਇਲਾਵਾ ਹਜ਼ਾਰਾਂ ਪਸ਼ੂਆਂ ਦਾ ਮਾਲਕ ਹੈ। ਜਦੋਂ ਚੇਲੋ ਬਿਮਾਰੀ ਵਜੋਂ ਕਮਜ਼ੋਰ ਹੋਣ ਲੱਗਿਆ ਅਤੇ ਪਹਿਲਾਂ ਜਿੰਨੀ ਮਿਹਨਤ ਕਰਨ ਲਾਇਕ ਨਾ ਰਿਹਾ ਤਾਂ ਉਸਦੇ ਮਾਲਕ ਨੇ ਉਸਨੂੰ ਜ਼ਮੀਨ ਤੋਂ ਬੇਦਖ਼ਲ ਕਰ ਦਿੱਤਾ। ਉਸਨੂੰ ਮਾਲਕ ਦੇ ਦਿੱਤੇ ਹੋਏ ਘਰ ਵਿੱਚੋਂ ਕੱਢ ਦਿੱਤਾ ਗਿਆ।

ਚੇਲੋ, ਉਸਦੀ ਪਤਨੀ ਸੋਲੇਦਾਦ ਅਤੇ ਉਸਦੇ ਮੁੰਡੇ ਰਾਉਲ ਨੇ ਕਿਸੇ ਤਰ੍ਹਾਂ ਇੱਕ ਮਿੱਟੀ ਦੀ ਝੋਪੜੀ ਖੜੀ ਕਰ ਲਈ। ਇਸ ਸਮੇਂ ਤੱਕ ਚੇਲੋ ਨੂੰ ਖੰਘ ਦੇ ਨਾਲ਼ ਲਹੂ ਵੀ ਆਉਣ ਲੱਗਾ ਸੀ।

ਇਸੇ ਸਮੇਂ ਲੋਕਾਂ ਦੁਆਰਾ ਸੰਚਾਲਿਤ ਸਿਹਤ ਕੇਂਦਰ ਉਸਦੇ ਪਿੰਡ ਵਿੱਚ ਸ਼ੁਰੂ ਹੋ ਰਿਹਾ ਸੀ। ਪਰ ਹੁਣ ਤੱਕ ਚੇਲੋ ਦੇ ਪਿੰਡ ਵਿੱਚ ਕੋਈ ਕਾਰਕੁੰਨ ਸਿੱਖਿਅਤ ਨਹੀਂ ਹੋਇਆ ਸੀ। ਇਸ ਲਈ ਦੂਸਰੇ ਪਿੰਡ ਦੇ ਇੱਕ ਕਾਰਕੁੰਨ ਨੇ ਚੇਲੋ ਦੇ ਗਿਆਰਾਂ ਵਰ੍ਹਿਆਂ ਦੇ ਮੁੰਡੇ ਰਾਉਲ ਨੂੰ ਸਟ੍ਰੇਪਟੋਮਾਈਸਿਨ ਦਾ ਟੀਕਾ ਲਗਾਉਣਾ ਸਿਖਾ ਦਿੱਤਾ। ਰਾਉਲ ਨੇ ਚੇਲੋ ਦੀਆਂ ਦਵਾਈਆਂ ਦਾ ਬਿਓਰਾ ਵੀ ਸਮਝ ਲਿਆ ਤਾਂ ਕਿ ਉਹ ਸਹੀ ਤਰੀਕੇ ਨਾਲ਼ ਦਵਾਈਆਂ ਲੈਂਦਾ ਰਹੇ। ਮੁੰਡੇ ਨੇ ਆਪਣਾ ਕੰਮ ਚੰਗੀ ਤਰ੍ਹਾਂ ਕੀਤਾ ਅਤੇ ਛੇਤੀ ਹੀ ਉਹ ਪਿੰਡ ਦੇ ਕਈ ਤਪੇਦਿਕ ਮਰੀਜ਼ਾਂ ਦੀ ਦੇਖਭਾਲ ਅਤੇ ਉਹਨਾਂ ਨੂੰ ਟੀਕਾ ਲਗਾਉਣ ਦਾ ਕੰਮ ਕਰਨ ਲੱਗਾ ਸੀ। 13 ਵਰ੍ਹਿਆਂ ਦੀ ਉਮਰ ਤੱਕ ਰਾਉਲ ਉਸ ਇਲਾਕੇ ਦੇ ਸਿਹਤ ਕਾਰਕੁੰਨਾਂ ਦੀ ਮੁੱਖ ਟੋਲੀ ਵਿੱਚ ਸ਼ਾਮਿਲ ਹੋ ਗਿਆ। ਨਾਲ਼-ਨਾਲ਼ ਉਹ ਸਕੂਲ ਵੀ ਜਾਂਦਾ ਸੀ।

ਇਸੇ ਵਿਚਕਾਰ ਚੇਲੋ ਅਤੇ ਉਸਦੇ ਪਰਿਵਾਰ ਨੇ ਪਿੰਡ ਦੇ ਬਾਹਰਲੇ ਸਿਰੇ 'ਤੇ ਝਾੜੀਆਂ ਅਤੇ ਕੂੜੇ ਨਾਲ਼ ਭਰੇ ਜ਼ਮੀਨ ਦੇ ਇੱਕ ਛੋਟੇ ਜਿਹੇ ਟੁਕੜੇ ਨੂੰ ਸਾਫ਼ ਕਰ ਲਿਆ ਸੀ ਅਤੇ ਖੋਖਲੇ ਬਾਂਸਾਂ ਅਤੇ ਪਾਣੀ ਨਾਲ਼ ਭਰੇ ਟੋਇਆਂ ਦਾ ਇਸਤੇਮਾਲ ਕਰਕੇ ਸਿੰਚਾਈ ਦਾ ਪ੍ਰਬੰਧ ਵੀ ਕਰ ਲਿਆ ਸੀ। ਉਹਨਾਂ ਨੇ ਇਸ ਵਿੱਚ ਸਬਜ਼ੀ ਉਗਾਉਣੀ ਸ਼ੁਰੂ ਕਰ ਦਿੱਤੀ ਜਿਸਤੋਂ ਉਹਨਾਂ ਨੂੰ ਥੋੜੀ-ਬਹੁਤ ਆਮਦਨੀ ਹੋਣ ਲੱਗ ਪਈ। ਚੇਲੋ ਦੀ ਸਿਹਤ ਕੁਝ ਸੁਧਰੀ ਸੀ ਪਰ ਉਸਦੀ ਪਹਿਲਾਂ ਵਾਲ਼ੀ ਤਾਕਤ ਹੁਣ ਹਾਸਿਲ ਹੋਣ ਵਾਲੀ ਨਹੀਂ ਸੀ। ਇਲਾਜ ਬਹੁਤ ਦੇਰ ਨਾਲ਼ ਸ਼ੁਰੂ ਹੋਇਆ ਸੀ। ਚੇਲੋ ਦੀਆਂ ਸਮੱਸਿਆਵਾਂ ਖ਼ਤਮ ਹੋਣ ਵਾਲੀਆਂ ਨਹੀਂ ਸਨ। ਹੁਣ ਉਹ ਦੁਕਾਨਦਾਰਾਂ ਅਤੇ ਜ਼ਮੀਂਦਾਰਾਂ ਦੇ ਕਰਜ਼ਿਆਂ ਤੋਂ ਉਭਰਨ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਉਸਨੂੰ ਅਪੇਂਡੀਸਾਈਟਿਸ ਦੀ ਬਿਮਾਰੀ ਹੋ ਗਈ। ਉਸਨੂੰ ਹਸਪਤਾਲ ਵਿੱਚ ਅਪ੍ਰੇਸ਼ਨ ਦੀ ਸਖ਼ਤ ਜ਼ਰੂਰਤ ਸੀ। ਸਿਹਤ ਕੇਂਦਰ ਦੇ ਕਾਰਕੁੰਨ ਅਤੇ ਚੇਲੋ ਦੇ ਗਵਾਂਢੀ ਉਸਨੂੰ ਸਟ੍ਰੈਚਰ ਉੱਤੇ ਲੰਮਾ ਪਾ ਕੇ 23 ਕਿਲੋਮੀਟਰ ਦੂਰ ਸੜਕ 'ਤੇ ਲੈ ਗਏ ਅਤੇ ਫਿਰ

ਉੱਥੋਂ ਟਰੱਕ ਉੱਤੇ ਲੱਦ ਕੇ ਸ਼ਹਿਰ। ਹਾਲਾਂਕਿ ਡਾਕਟਰ ਨੇ ਉਸਦੀ ਫ਼ੀਸ ਘੱਟ ਕਰ ਦਿੱਤੀ ਸੀ, ਪਰ ਤਾਂ ਵੀ ਅਪ੍ਰੇਸ਼ਨ ਦਾ ਖ਼ਰਚ ਇੱਕ ਖੇਤ ਮਜ਼ਦੂਰ ਦੀ ਸਾਲ ਭਰ ਦੀ ਕਮਾਈ ਬਰਾਬਰ ਸੀ। ਚੇਲੋ ਦਾ ਪਰਿਵਾਰ ਭੀਖ ਮੰਗਣ ਦੀ ਹਾਲਤ ਵਿੱਚ ਪਹੁੰਚ ਗਿਆ।

ਪਰਿਵਾਰ ਦੀ ਇੱਕੋ ਇੱਕ ਜਾਇਦਾਦ ਇੱਕ ਖੱਚਰ ਸੀ। ਜਦੋਂ ਚੇਲੋ ਹਸਪਤਾਲ ਤੋਂ ਮੁੜਿਆ ਤਾਂ ਖੱਚਰ ਗਾਇਬ ਹੋ ਚੁੱਕੀ ਸੀ। ਦੋ ਮਹੀਨੇ ਪਿਛੋਂ ਇੱਕ ਗਵਾਂਢੀ ਨੇ ਉਸਨੂੰ ਇੱਕ ਧਨੀ ਪਰਿਵਾਰ ਦੇ ਜਾਨਵਰਾਂ ਨਾਲ਼ ਚਰਦੇ ਵੇਖਿਆ। ਚੇਲੋ ਦੇ ਦਾਗੇ ਹੋਏ ਨਿਸ਼ਾਨ ਦੇ ਠੀਕ ਉੱਪਰ ਇੱਕ ਦੂਸਰਾ ਨਿਸ਼ਾਨ ਦਾਗਿਆ ਹੋਇਆ ਸੀ।

ਚੇਲੋ ਪਿੰਡ ਦੇ ਅਧਿਕਾਰੀਆਂ ਕੋਲ਼ ਗਿਆ। ਮਾਮਲੇ ਦੀ ਜਾਂਚ ਤੋਂ ਬਾਅਦ ਫੈਸਲਾ ਅਮੀਰ ਚੋਰ ਦੇ ਪੱਖ ਵਿੱਚ ਸੁਣਾਇਆ ਗਿਆ ਅਤੇ ਚੇਲੋ 'ਤੇ ਜ਼ੁਰਮਾਨਾ ਵੀ ਠੋਕ ਦਿੱਤਾ ਗਿਆ। ਮੈਨੂੰ ਜਿਸ ਗੱਲ ਨੇ ਸਭ ਤੋਂ ਵੱਧ ਪ੍ਰੇਸ਼ਾਨ ਕੀਤਾ, ਉਹ ਇਹ ਕਿ ਜਦ ਚੇਲੋ ਨੂੰ ਇਸ ਬਾਰੇ ਦੱਸਿਆ ਗਿਆ ਤਾਂ ਉਹ ਗੁੱਸੇ ਨਹੀਂ ਹੋਇਆ, ਬਸ ਉਦਾਸ ਹੋ ਗਿਆ। ਬਸ ਇੱਕ ਕਮਜ਼ੋਰ ਜਿਹਾ ਹਾਸਾ ਹੱਸਿਆ ਅਤੇ ਮੋਢੇ ਮਚਕੋੜੇ। ਜਿਵੇਂ ਕਹਿ ਰਿਹਾ ਹੋਵੇ, "ਇਹ ਤਾਂ ਸਾਡੀ ਜ਼ਿੰਦਗੀ ਹੀ ਹੈ, ਕੁਝ ਨਹੀਂ ਕੀਤਾ ਜਾ ਸਕਦਾ।"

ਪਰ ਉਸਦੇ ਮੁੰਡੇ ਉੱਤੇ ਇਹਨਾਂ ਸਭ ਅਪਮਾਨਾਂ ਦਾ ਡੂੰਘਾ ਅਸਰ ਹੋਇਆ। ਉਹ ਇੱਕ ਨਰਮ ਦਿਲ ਅਤੇ ਬਹੁਤ ਖਿਆਲ ਰੱਖਣ ਵਾਲਾ ਬੱਚਾ ਸੀ। ਪਰ ਉਹ ਅੰਦਰੋਂ ਬਹੁਤ ਦ੍ਰਿੜ ਸੀ ਅਤੇ ਉਸ ਵਿੱਚ ਪਿਆਰ ਦੀ ਬੇਹੱਦ ਇੱਛਾ ਸੀ। ਜਿਵੇਂ ਜਿਵੇਂ ਉਹ ਵੱਡਾ ਹੁੰਦਾ ਗਿਆ, ਉਹ ਜਿਆਦਾ ਤੋਂ ਜਿਆਦਾ ਗੁਸੈਲਾ ਹੁੰਦਾ ਗਿਆ। ਪਰ ਉਸਦਾ ਦਾ ਗੁੱਸਾ ਕਿਸਦੇ ਖਿਲਾਫ਼ ਹੁੰਦਾ ਸੀ, ਅਕਸਰ ਉਹ ਖੁਦ ਨਹੀਂ ਜਾਣਦਾ ਸੀ।

ਸਕੂਲ ਵਿੱਚ ਹੋਈ ਇੱਕ ਘਟਨਾ ਨੇ ਆਖਰੀ ਸੱਟ ਦਾ ਕੰਮ ਕੀਤਾ। ਰਾਊਲ ਨੇ ਬਹੁਤ ਸਖ਼ਤ ਮਿਹਨਤ ਕਰਕੇ ਨਾਲ਼ ਦੇ ਕਸਬੇ ਤੋਂ ਮਿਡਲ ਸਕੂਲ ਦੀ ਸਿੱਖਿਆ ਪੂਰੀ ਕਰ ਲਈ ਸੀ। ਉਸਦੀ ਮੈਟਰਿਕ ਦੀ ਪੜ੍ਹਾਈ ਜਦੋਂ ਪੂਰੀ ਹੋਣ ਵਾਲ਼ੀ ਸੀ ਤਾਂ ਇੱਕ ਦਿਨ ਹੈਡਮਾਸਟਰ ਨੇ ਸਾਰੀ ਜਮਾਤ ਦੇ ਸਾਹਮਣੇ ਉਸਨੂੰ ਦੱਸਿਆ ਕਿ ਉਸਨੂੰ ਸਰਟੀਫਿਕੇਟ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਉਹ ਨਾਜਾਇਜ਼ ਔਲਾਦ ਹੈ। ਉਸਦੇ ਮਾਂ-ਬਾਪ ਦਾ ਕਾਨੂੰਨ ਤਹਿਤ ਵਿਆਹ ਨਹੀਂ ਹੋਇਆ ਸੀ। (ਇਹ ਉਹ ਸਮਾਂ ਸੀ ਜਦੋਂ ਸਰਕਾਰ ਨੇ ਆਪਣੇ ਅੰਕੜੇ ਸੁਧਾਰਨ ਦਾ ਫੈਸਲਾ ਕੀਤਾ ਸੀ। ਰਾਸ਼ਟਰਪਤੀ ਦੀ ਪਤਨੀ ਨੇ ਉਹਨਾਂ ਸਾਰੇ ਅਣਵਿਆਹੇ ਜੋੜਿਆਂ ਦਾ ਵਿਆਹ ਕਰਾਉਣ ਦਾ ਅਭਿਆਨ ਸ਼ੁਰੂ ਕੀਤਾ ਸੀ ਜਿਹਨਾਂ ਦੀ ਔਲਾਦ ਹੋਵੇ। ਹੈਡਮਾਸਟਰਾਂ ਦੁਆਰਾ ਅਣਵਿਆਹੇ ਜੋੜਿਆਂ ਦੀਆਂ ਔਲਾਦਾਂ ਨੂੰ ਸਰਟੀਫਿਕੇਟ ਦੇਣ ਦੀ ਮਨਾਹੀ ਵੀ ਇਸਦੇ ਲਈ ਦਬਾਅ ਪਾਉਣ ਦਾ ਇੱਕ ਤਰੀਕਾ ਸੀ।) ਚੇਲੋ ਅਤੇ ਉਸਦੀ ਪਤਨੀ ਨੇ ਕਾਨੂੰਨ ਤਹਿਤ ਵਿਆਹ ਕਰ ਲਿਆ—ਜਿਸ ਵਿੱਚ ਉਹਨਾਂ ਨੂੰ ਹੋਰ ਪੈਸੇ ਖ਼ਰਚ ਕਰਨੇ ਪਏ—ਅਤੇ ਰਾਊਲ ਨੂੰ ਸਰਟੀਫਿਕੇਟ ਮਿਲ ਗਿਆ। ਪਰ ਉਸਦੇ ਸਵੈਮਾਣ ਉੱਤੇ ਲੱਗੀ ਸੱਟ ਭਰੀ ਨਹੀਂ।

ਰਾਊਲ ਸ਼ਰਾਬ ਪੀਣ ਲੱਗ ਪਿਆ। ਜਦ ਉਹ ਨਸ਼ੇ ਵਿੱਚ ਨਹੀਂ ਹੁੰਦਾ ਸੀ, ਤਾਂ ਆਪਣੇ ਆਪ ਨੂੰ ਸੰਭਾਲ ਲੈਂਦਾ ਸੀ। ਪਰ ਸਥਾਨਕ ਸਿਹਤ ਕਾਰਕੁੰਨਾਂ ਦੀ ਟੋਲੀ ਨਾਲ਼ ਕੰਮ ਕਰਦੇ ਹੋਏ ਉਸਨੂੰ ਬਹੁਤ ਪ੍ਰੇਸ਼ਾਨੀ ਹੁੰਦੀ ਸੀ ਕਿਉਂ ਕਿ ਬਿਲਕੁਲ ਦੋਸਤਾਨਾਂ ਅਲੋਚਨਾ ਨੂੰ ਵੀ ਉਹ ਆਪਣੇ ਉੱਪਰ ਵਿਅਕਤੀਗਤ ਹਮਲੇ ਦੇ ਰੂਪ ਵਿੱਚ ਲੈਂਦਾ ਸੀ। ਨਸ਼ੇ ਵਿੱਚ ਹੋਣ 'ਤੇ ਤਾਂ ਉਹ ਗੁੱਸੇ ਹੋ ਕੇ ਭੜਕ ਪੈਂਦਾ ਸੀ। ਕਿਤੋਂ ਇੱਕ ਪਿਸਤੋਲ ਉਸਦੇ ਹੱਥ ਲੱਗ ਗਈ ਸੀ ਜਿਸ ਨਾਲ਼ ਉਹ ਸ਼ਰਾਬ ਪੀ ਕੇ ਗੋਲ਼ੀਆਂ ਚਲਾਉਂਦਾ ਰਹਿੰਦਾ ਸੀ। ਇੱਕ ਰਾਤ ਉਹ ਨਸ਼ੇ ਵਿੱਚ ਹੋਸ਼ ਤੋਂ ਏਨਾ ਬਾਹਰ ਹੋ ਗਿਆ ਕਿ ਬੇਹੋਸ਼ ਹੋ ਕੇ ਡਿੱਗ ਪਿਆ। ਕਸਬੇ ਦੇ ਕੁਝ ਬਦਮਾਸ਼ਾਂ ਨੇ ਉਸਦੀ ਪਿਸਤੋਲ ਕੱਢ ਲਈ, ਪੈਂਟ ਉਤਾਰ ਲਈ ਅਤੇ ਬਾਲ ਕੱਟ ਕੇ ਉਸਨੂੰ ਸੜਕ 'ਤੇ ਨੰਗਾ ਛੱਡ ਗਏ। ਚੇਲੋ ਨੂੰ ਪਤਾ ਲੱਗਿਆ ਤਾਂ ਚੁੱਕ ਕੇ ਘਰ ਲਿਆਇਆ।

ਇਸਤੋਂ ਬਾਅਦ ਦੋ ਹਫ਼ਤੇ ਤੱਕ ਰਾਊਲ ਸ਼ਰਮ ਦੇ ਮਾਰੇ ਲੁਕਿਆ ਰਿਹਾ। ਕਾਫ਼ੀ ਸਮੇਂ ਤੱਕ ਉਹ ਸਿਹਤ ਕੇਂਦਰ ਦੇ ਆਪਣੇ ਦੋਸਤਾਂ ਨੂੰ ਨਹੀਂ ਮਿਲਿਆ। ਉਸਨੂੰ ਡਰ ਸੀ ਕਿ ਉਹ ਹੱਸਣਗੇ। ਉਹਨਾਂ ਨੇ ਉਸਦਾ ਬਿਲਕੁਲ ਮਜ਼ਾਕ ਨਹੀਂ ਉਡਾਇਆ। ਪਰ ਰਾਊਲ ਨੇ ਬਦਲਾ ਲੈਣ ਦੀ ਸੌਂਹ ਖਾਧੀ ਹੋਈ ਸੀ—ਕਿਸ ਤੋਂ ਬਦਲਾ ਲਵੇਗਾ, ਇਹ ਖੁਦ ਉਸਨੂੰ ਸਹੀ-ਸਹੀ ਨਹੀਂ ਪਤਾ ਸੀ। ਕੁਝ ਮਹੀਨੇ ਬਾਅਦ ਨਸ਼ੇ ਦੀ ਹਾਲਤ ਵਿੱਚ ਉਸਨੇ ਦੂਸਰੇ ਪਿੰਡ ਤੋਂ ਆਏ ਇੱਕ ਨੌਜਵਾਨ ਨੂੰ ਗੋਲ਼ੀ ਚਲਾ ਕੇ ਮਾਰ ਦਿੱਤਾ। ਦੋਨਾਂ ਨੇ ਇੱਕ ਦੂਸਰੇ ਨੂੰ ਪਹਿਲਾਂ ਕਦੇ ਨਹੀਂ ਵੇਖਿਆ ਸੀ।

ਮੇਰੇ ਲਈ ਇਹ ਬਹੁਤ ਦੁਖਦਾਈ ਘਟਨਾ ਸੀ ਕਿਉਂ ਕਿ ਰਾਊਲ ਜਿਹੜੀਆਂ ਤਾਕਤਾਂ ਖ਼ਿਲਾਫ਼ ਲੜ ਰਿਹਾ ਸੀ ਉਹ ਉਸਤੋਂ ਬਹੁਤ ਵੱਡੀਆਂ ਸਨ। ਬਾਰ੍ਹਾਂ ਵਰ੍ਹਿਆਂ ਦੀ ਕੱਚੀ ਉਮਰ ਵਿੱਚ ਉਸਨੇ ਆਪਣੇ ਮੋਢਿਆਂ 'ਤੇ ਇੱਕ ਵੱਡੇ ਆਦਮੀ ਦੀਆਂ ਜ਼ਿੰਮੇਵਾਰੀਆਂ ਚੁੱਕ ਲਈਆਂ ਸਨ। ਉਹ ਦੂਜਿਆਂ ਪ੍ਰਤੀ ਸਰੋਕਾਰ ਅਤੇ ਹਮਦਰਦੀ ਰੱਖਣ ਵਾਲ਼ਾ ਮੁੰਡਾ ਸੀ। ਉਸਨੂੰ ਹਮੇਸ਼ਾਂ ਹੀ ਗੁੱਸਾ ਬਹੁਤ ਛੇਤੀ ਆ ਜਾਂਦਾ ਸੀ ਪਰ ਫੇਰ ਵੀ ਉਹ ਇੱਕ ਚੰਗਾ ਵਿਅਕਤੀ ਸੀ ਅਤੇ ਮੈਂ ਉਸਨੂੰ ਜਾਣਦਾ ਹਾਂ, ਉਹ ਅਜੇ ਵੀ ਇੱਕ ਚੰਗਾ ਆਦਮੀ ਹੈ।

ਤਾਂ, ਆਖਿਰ ਦੋਸ਼ ਕਿਸਦਾ ਹੈ? ਸ਼ਾਇਦ ਕਿਸੇ ਦਾ ਨਹੀਂ। ਜਾਂ ਸ਼ਾਇਦ ਸਾਡਾ ਸਾਰਿਆਂ ਦਾ। ਕੋਈ ਬਦਲਾਅ ਤਾਂ ਲਿਆਉਣਾ ਹੀ ਹੋਵੇਗਾ।

ਉਸ ਘਟਨਾ ਤੋਂ ਬਾਅਦ ਰਾਊਲ ਭੱਜ ਗਿਆ। ਉਸੇ ਰਾਤ ਪੁਲੀਸ ਉਸਨੂੰ ਲੱਭਦੀ ਹੋਈ ਆ ਪਹੁੰਚੀ। ਉਹ ਚੇਲੋ ਦੇ ਘਰ ਵਿੱਚ ਵੜ ਗਏ ਅਤੇ ਪੁੱਛਣ ਲੱਗੇ ਕਿ ਰਾਊਲ ਕਿੱਥੇ ਹੈ। ਚੇਲੋ ਨੇ ਕਿਹਾ ਕਿ ਰਾਊਲ ਭੱਜ ਗਿਆ ਹੈ। ਉਹ ਨਹੀਂ ਜਾਣਦਾ ਕਿ ਕਿੱਥੇ ਗਿਆ ਹੈ। ਪੁਲੀਸ ਉਸਨੂੰ ਪਿੰਡ ਦੇ ਬਾਹਰ ਘਸੀਟ ਲੈ ਗਈ ਅਤੇ ਰਾਈਫ਼ਲ ਦੇ ਮੁੱਠੇ ਅਤੇ ਪਿਸਤੌਲਾਂ ਨਾਲ਼ ਉਸਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ। ਬਾਅਦ ਵਿੱਚ ਜਦੋਂ ਉਸਦੀ ਪਤਨੀ ਆ ਪਹੁੰਚੀ ਤਾਂ ਉਹ ਅਜੇ ਵੀ ਜ਼ਮੀਨ 'ਤੇ ਪਿਆ ਹੋਇਆ ਸੀ। ਉਹ ਮੁਸ਼ਕਿਲ ਨਾਲ਼ ਸਾਹ ਲੈ ਰਿਹਾ ਸੀ ਅਤੇ ਖੰਘ ਨਾਲ਼ ਲਹੂ ਥੁੱਕ ਰਿਹਾ ਸੀ।

ਉਸਤੋਂ ਬਾਅਦ ਇੱਕ ਵਰ੍ਹੇ ਤੱਕ ਚੇਲੋ ਆਪਣੀ ਜ਼ਮੀਨ ਉੱਤੇ ਜਿਆਦਾ ਕੰਮ ਨਹੀਂ ਕਰ ਸਕਿਆ। ਪੁਲੀਸ ਦੀ ਕੁੱਟ ਤੋਂ ਬਾਅਦ ਉਸਦਾ ਤਪੇਦਿਕ ਫਿਰ ਸ਼ੁਰੂ ਹੋ ਗਿਆ ਸੀ। ਰਾਊਲ ਜਾ

ਚੁੱਕਾ ਸੀ ਅਤੇ ਕੰਮ ਵਿੱਚ ਹੱਥ ਵਟਾਉਣ ਵਾਲ਼ਾ ਕੋਈ ਨਹੀਂ ਸੀ। ਤੰਗੀ ਵਜੋਂ ਉਸਨੂੰ ਫਿਰ ਤੋਂ ਭੀਖ ਮੰਗਣੀ ਪੈ ਗਈ। ਅਕਸਰ ਉਹ ਭੁੱਖੇ ਰਹਿ ਜਾਂਦੇ ਸਨ।

ਕੁਝ ਮਹੀਨਿਆਂ ਪਿੱਛੋਂ ਚੇਲੋ ਦੀ ਪਤਨੀ ਸੋਲੇਦਾਦ ਨੂੰ ਵੀ ਤਪੇਦਿਕ ਦੇ ਲੱਛਣ ਵਿਖਾਈ ਦਿੱਤੇ ਅਤੇ ਪਿੰਡ ਦੇ ਸਿਹਤ ਕੇਂਦਰ 'ਤੇ ਉਸਦਾ ਵੀ ਇਲਾਜ ਸ਼ੁਰੂ ਹੋ ਗਿਆ। ਹਾਲਾਂਕਿ ਸਿਹਤ ਕੇਂਦਰ ਦੀ ਮਾਲੀ ਹਾਲਤ ਬਹੁਤ ਚੰਗੀ ਨਹੀਂ ਸੀ, ਪਰ ਉਹ ਚੇਲੋ ਅਤੇ ਉਸਦੀ ਪਤਨੀ ਦੇ ਇਲਾਜ ਦੇ ਪੈਸੇ ਨਹੀਂ ਲੈਂਦੇ ਸਨ। ਪਰ ਚੇਲੋ ਦੀ ਪਤਨੀ ਸਿਹਤ ਕੇਂਦਰ ਦੀਆਂ ਚਾਦਰਾਂ ਆਦਿ ਨਦੀ 'ਤੇ ਧੋ ਕੇ ਮਦਦ ਕਰਦੀ ਸੀ। ਇਹ ਕੰਮ ਉਸਦੀ ਬਿਮਾਰੀ ਲਈ ਚਾਹੇ ਚੰਗਾ ਨਾ ਹੋਵੇ, ਪਰ ਉਸਦੇ ਸਵੈਮਾਣ ਲਈ ਇਹ ਜ਼ਰੂਰੀ ਸੀ। ਆਪਣੇ ਇਲਾਜ ਦੇ ਬਦਲੇ ਕੁਝ ਦੇ ਕੇ ਉਸਨੂੰ ਚੰਗਾ ਲੱਗਦਾ ਸੀ।

ਇਹਨਾਂ ਘਟਨਾਵਾਂ ਨੂੰ ਚਾਰ ਵਰ੍ਹੇ ਹੋ ਚੁੱਕੇ ਹਨ। ਚੇਲੋ ਅਤੇ ਉਸਦੀ ਪਤਨੀ ਹੁਣ ਪਹਿਲਾਂ ਤੋਂ ਸਿਹਤਮੰਦ ਹਨ। ਪਰ ਅਜੇ ਵੀ ਉਹ ਏਨੇ ਗਰੀਬ ਹਨ ਕਿ ਜਿੰਦਗੀ ਦਾ ਹਰੇਕ ਦਿਨ ਇੱਕ ਸੰਘਰਸ਼ ਹੁੰਦਾ ਹੈ।

ਇੱਕ ਸਾਲ ਪਹਿਲਾਂ ਇੱਕ ਸਮੱਸਿਆ ਪੈਦਾ ਹੋ ਗਈ। ਜਿਸ ਜ਼ਮੀਂਦਾਰ ਲਈ ਚੇਲੋ ਪਹਿਲਾਂ ਕੰਮ ਕਰਦਾ ਸੀ ਉਸਦੀਆਂ ਅੱਖਾਂ ਉਸ ਜ਼ਮੀਨ ਦੇ ਟੋਟੇ 'ਤੇ ਲੱਗੀਆਂ ਹੋਈਆਂ ਸਨ, ਜਿਸ 'ਤੇ ਚੇਲੋ ਸਬਜ਼ੀਆਂ ਉਗਾਉਂਦਾ ਸੀ। ਜਦੋਂ ਉਹ ਜ਼ਮੀਨ ਝਾੜੀਆਂ ਅਤੇ ਕੂੜੇ ਨਾਲ਼ ਢੱਕੀ ਬੇਕਾਰ ਪਈ ਸੀ ਤਾਂ ਪਿੰਡ ਦੇ ਅਧਿਕਾਰੀਆਂ ਨੇ ਚੇਲੋ ਨੂੰ ਉਸ ਉੱਤੇ ਅਧਿਕਾਰ ਦੇ ਦਿੱਤਾ ਸੀ। ਹੁਣ ਜਦਕਿ ਉਹ ਜ਼ਮੀਨ ਇੱਕ ਉਪਜਾਊ ਅਤੇ ਸਿੰਜਿਤ ਖੇਤ ਬਣ ਗਈ ਸੀ ਤਾਂ ਜ਼ਮੀਂਦਾਰ ਉਸਨੂੰ ਹੜੱਪਣਾ ਚਾਹੁੰਦਾ ਸੀ। ਉਸਨੇ ਪਿੰਡ ਦੇ ਅਧਿਕਾਰੀਆਂ ਨੂੰ ਅਰਜ਼ੀ ਦਿੱਤੀ ਅਤੇ ਜ਼ਮੀਨ ਉਸਦੇ ਨਾਂ ਲਿਖ ਦਿੱਤੀ। ਇਹ ਸਰਾਸਰ ਗੈਰ-ਕਾਨੂੰਨੀ ਸੀ, ਕਿਉਂ ਕਿ ਚੇਲੋ ਨੂੰ ਪਹਿਲਾਂ ਹੀ ਇਸ ਜਮੀਨ ਦਾ ਅਧਿਕਾਰ ਦੇ ਦਿੱਤਾ ਜਾ ਚੁੱਕਾ ਸੀ।

ਚੇਲੋ ਮਾਮਲੇ ਨੂੰ ਸ਼ਹਿਰ ਦੇ ਅਧਿਕਾਰੀਆਂ ਤੱਕ ਲੈ ਗਿਆ। ਵੱਡੇ ਅਧਿਕਾਰੀ ਤੱਕ ਤਾਂ ਉਹ ਪਹੁੰਚ ਹੀ ਨਾ ਸਕਿਆ ਪਰ ਉਸਦੇ ਥੱਲੇ ਦੇ ਅਧਿਕਾਰੀ ਨੇ ਉਸਨੂੰ ਧਮਕਾਇਆ ਕਿ ਉਹ ਗੜਬੜੀ ਕਰਨਾ ਬੰਦ ਕਰ ਦੇਵੇ। ਪੂਰੀ ਤਰ੍ਹਾਂ ਨਿਰਾਸ਼ ਹੋ ਕੇ ਚੇਲੋ ਪਿੰਡ ਮੁੜ ਆਇਆ।

ਜੇ ਪਿੰਡ ਦੀ ਸਿਹਤ ਟੋਲੀ ਨੇ ਉਸ ਸਮੇਂ ਕਾਰਵਾਈ ਨਾ ਕੀਤੀ ਹੁੰਦੀ ਤਾਂ ਚੇਲੋ ਆਪਣੀ ਜ਼ਮੀਨ ਗਵਾ ਦੇਂਦਾ ਜੋ ਉਸਦੇ ਗੁਜਾਰੇ ਦਾ ਇੱਕੋ-ਇੱਕ ਸਾਧਨ ਸੀ। ਇਹ ਕਾਰਕੁੰਨ ਕਈ ਵਾਰ ਖੁਦ ਨੁਕਸਾਨ ਭੁਗਤ ਕੇ ਵੀ ਚੇਲੋ ਨੂੰ ਜਿਉਂਦਾ ਰੱਖਣ ਲਈ ਜੂਝਦੇ ਰਹੇ ਸਨ। ਉਹ ਜਾਣਦੇ ਸਨ ਕਿ ਜ਼ਮੀਨ ਖੋਹੇ ਜਾਣ ਦਾ ਉਸ ਵਾਸਤੇ ਕੀ ਮਤਲਬ ਹੁੰਦਾ।

ਸਾਰੇ ਪਿੰਡ ਦੀ ਇੱਕ ਬੈਠਕ ਵਿੱਚ ਕਾਰਕੁੰਨਾਂ ਨੇ ਲੋਕਾਂ ਨੂੰ ਦੱਸਿਆ ਕਿ ਚੇਲੋ ਦੀ ਜ਼ਮੀਨ ਉੱਤੇ ਕੀ ਖ਼ਤਰਾ ਹੈ ਅਤੇ ਜ਼ਮੀਨ ਖੋਹੇ ਜਾਣ ਦਾ ਚੇਲੋ ਦੀ ਸਿਹਤ ਉੱਤੇ ਕੀ ਅਸਰ ਹੋਵੇਗਾ। ਉਹਨਾਂ ਨੇ ਇਸਦਾ ਸਬੂਤ ਪੇਸ਼ ਕੀਤਾ ਕਿ ਅਧਿਕਾਰੀਆਂ ਨੇ ਜ਼ਮੀਨ ਪਹਿਲਾਂ ਚੇਲੋ ਦੇ ਨਾਂ ਕੀਤੀ ਸੀ ਅਤੇ ਨਿਆਂ ਦੀ ਮੰਗ ਕੀਤੀ। ਆਮ ਤੌਰ 'ਤੇ ਗਰੀਬ ਲੋਕ ਪਿੰਡ ਦੀਆਂ ਬੈਠਕਾਂ ਵਿੱਚ ਚੁੱਪ ਰਹਿੰਦੇ ਸਨ ਅਤੇ ਕਦੇ ਵੀ ਪਿੰਡ ਦੇ ਅਧਿਕਾਰੀਆਂ ਦੀ ਇੱਛਾ ਖਿਲਾਫ਼ ਵੋਟ ਨਹੀਂ ਦਿੰਦੇ ਸਨ। ਪਰ ਇਸ ਵਾਰ ਫੈਸਲਾ ਚੇਲੋ ਦੇ ਹੱਕ ਵਿੱਚ ਹੋਇਆ।

ਪਿੰਡ ਦੇ ਅਧਿਕਾਰੀ ਅਤੇ ਜ਼ਮੀਂਦਾਰ ਗੁੱਸੇ ਨਾਲ਼ ਤਿਲਮਿਲਾ ਕੇ ਰਹਿ ਗਏ।

ਸਿਹਤ ਟੋਲੀ ਨੇ ਜੋ ਕੰਮ ਕੀਤਾ ਸੀ ਉਸਨੂੰ ਰਾਜਨੀਤਕ ਕੰਮ ਕਿਹਾ ਜਾ ਸਕਦਾ ਹੈ। ਪਰ ਇਹ ਕਾਰਕੁੰਨ ਰਾਜਨੀਤਕ ਕਾਰਕੁੰਨ ਨਹੀਂ ਸਨ ਸਗੋਂ ਪੇਂਡੂ ਸਿਹਤ ਕਾਰਕੁੰਨ ਸਨ—ਪਰ ਵਿਆਪਕ ਅਰਥਾਂ ਵਿੱਚ। ਉਹ ਦੇਖਦੇ ਸਨ ਕਿ ਗਰੀਬ ਅਤੇ ਬੇਸਹਾਰੇ ਲੋਕਾਂ ਦੀ ਸਿਹਤ ਅਤੇ ਉਹਨਾਂ ਦੀ ਜਿੰਦਗੀ ਵੀ ਸਮਾਜ ਵਿੱਚ ਉੱਚੀ ਹੈਸਿਅਤ ਰੱਖਣ ਵਾਲੇ ਲੋਕਾਂ ਦੇ ਅਨਿਆਂ ਵਜੋਂ ਖਤਰੇ ਵਿੱਚ ਹੈ। ਉਹਨਾਂ ਵਿੱਚ ਉਹਨਾਂ ਦੀ ਰੱਖਿਆ ਲਈ ਅਵਾਜ਼ ਉਠਾਉਣ ਅਤੇ ਕਾਰਵਾਈ ਕਰਨ ਦਾ ਹੌਂਸਲਾ ਸੀ।

ਇਸ ਅਨੁਭਵ ਅਤੇ ਅਜਿਹੇ ਹੀ ਬਹੁਤ ਸਾਰੇ ਅਨੁਭਵਾਂ ਤੋਂ ਪੇਂਡੂ ਸਿਹਤ ਟੋਲੀ ਨੇ ਇਹ ਸਮਝ ਲਿਆ ਹੈ ਕਿ ਗਰੀਬ ਆਦਮੀ ਦੀ ਸਿਹਤ ਸਮਾਜਿਕ ਨਿਆਂ ਦੇ ਸਵਾਲ ਉੱਤੇ ਨਿਰਭਰ ਕਰਦੀ ਹੈ। ਉਹਨਾਂ ਨੇ ਇਹ ਜਾਣ ਲਿਆ ਹੈ ਕਿ ਜਿਸ ਬਦਲਾਅ ਦੀ ਅੱਜ ਜਰੂਰਤ ਹੈ ਉਹ ਉਹਨਾਂ ਲੋਕਾਂ ਤੋਂ ਨਹੀਂ ਆਏਗਾ ਜੋ ਆਪਣੇ ਹਿੱਸੇ ਤੋਂ ਵੱਧ ਜ਼ਮੀਨ, ਧਨ ਅਤੇ ਤਾਕਤ 'ਤੇ ਕਬਜ਼ਾ ਕਰੀ ਬੈਠੇ ਹਨ। ਇਹ ਬਦਲਾਅ ਉਹਨਾਂ ਲੋਕਾਂ ਦੇ ਸਮੂਹਿਕ ਯਤਨਾਂ ਨਾਲ਼ ਆਵੇਗਾ ਜੋ ਆਪਣੀ ਰੋਟੀ ਆਪਣਾ ਪਸੀਨਾ ਵਹਾਕੇ ਕਮਾਉਂਦੇ ਹਨ। ਸਿਰਫ਼ ਉਹੀਓ ਇਹ ਬਦਲਾਅ ਲਿਆ ਸਕਦੇ ਹਨ। □



## ਭਗਤ ਸਿੰਘ ਨੇ ਕਿਹਾ...

**ਜਿਹੜਾ ਵੀ ਮਨੁੱਖ ਪ੍ਰਗਤੀ ਦਾ ਹਾਮੀ ਹੈ, ਉਸਨੂੰ ਲਾਜ਼ਮੀ ਤੌਰ ਉੱਤੇ ਪੁਰਾਣੇ ਵਿਸ਼ਵਾਸ ਦੀ ਹਰ ਗੱਲ ਦੀ ਆਲੋਚਨਾ ਕਰਨੀ ਪਏਗੀ, ਇਹਦੇ ਵਿੱਚ ਅਵਿਸ਼ਵਾਸ ਪ੍ਰਗਟ ਕਰਨਾ ਪਏਗਾ ਅਤੇ ਇਹਦੇ ਹਰ ਪਹਿਲੂ ਨੂੰ ਵੰਗਾਰਨਾ ਪਏਗਾ, ਪ੍ਰਚੱਲਤ ਵਿਸ਼ਵਾਸ ਦੀ ਇਕੱਲੀ-ਇਕੱਲੀ ਗੱਲ ਦੀ ਬਾਦਲੀਲ ਪੁਣਛਾਣ ਕਰਨੀ ਹੋਵੇਗੀ।...ਜਿਹੜਾ ਵੀ ਬੰਦਾ ਯਥਾਰਥਵਾਦੀ ਹੋਣ ਦਾ ਦਾਅਵਾ ਕਰਦਾ ਹੈ, ਉਹਨੂੰ ਸਮੁੱਚੇ ਪੁਰਾਤਨ ਵਿਸ਼ਵਾਸ ਨੂੰ ਚੈਲੰਜ ਕਰਨਾ ਪਏਗਾ। ਜੇ ਇਹ ਵਿਸ਼ਵਾਸ ਦਲੀਲ ਅੱਗੇ ਨਾ ਖੜ੍ਹ ਸਕੇ ਤਾਂ ਇਹ ਢਹਿ-ਢੇਰੀ ਹੋ ਜਾਣਗੇ। ਫਿਰ ਉਸ ਬੰਦੇ ਦਾ ਪਹਿਲਾ ਕੰਮ ਸਾਰੇ ਪੁਰਾਤਨ ਵਿਸ਼ਵਾਸ ਨੂੰ ਤਬਾਹ ਕਰਕੇ ਨਵੇਂ ਫ਼ਲਸਫ਼ੇ ਲਈ ਜ਼ਮੀਨ ਤਿਆਰ ਕਰਨੀ ਹੋਵੇਗਾ।**

**'ਮੈਂ ਨਾਸਤਿਕ ਕਿਉਂ ਹਾਂ' ਵਿੱਚੋਂ**

**ਸਰਗਰਮੀਆਂ**

# 'ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਅਤੇ ਅੱਜ ਦਾ ਸਮਾਂ' ਵਿਸ਼ੇ 'ਤੇ ਵਿਚਾਰ ਗੋਸ਼ਠੀ ਹੋਈ

ਕਾਰਖਾਨਾ ਮਜ਼ਦੂਰ ਯੂਨੀਅਨ ਵਲੋਂ ਸ਼ਹੀਦ ਭਗਤ ਸਿੰਘ ਦੀ ਯਾਦ ਵਿੱਚ ਉਹਨਾਂ ਦੇ ਜਨਮ ਦਿਨ ਤੋਂ ਇੱਕ ਦਿਨ ਪਹਿਲਾਂ 27 ਸਤੰਬਰ ਨੂੰ ਇੱਕ ਵਿਚਾਰ ਗੋਸ਼ਠੀ ਕਰਵਾਈ ਗਈ। ਲੁਧਿਆਣੇ ਦੀ ਈ.ਡਬਲਿਊ.ਐਸ. ਕਲੋਨੀ ਦੇ ਨਿਸ਼ਕਾਮ ਵਿੱਦਿਆ ਮੰਦਿਰ ਸਕੂਲ ਵਿੱਚ ਰੱਖੀ ਗਈ ਇਸ ਵਿਚਾਰ ਗੋਸ਼ਠੀ ਦਾ ਵਿਸ਼ਾ ਸੀ 'ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਅਤੇ ਅੱਜ ਦਾ ਸਮਾਂ' ਅਤੇ ਮੁੱਖ ਬੁਲਾਰੇ ਸਨ ਮਜ਼ਦੂਰਾਂ ਦੇ ਹਿੰਦੀ 'ਚ ਛਪਦੇ ਇਨਕਲਾਬੀ ਅਖ਼ਬਾਰ 'ਬਿਗੁਲ' ਅਤੇ ਪੰਜਾਬੀ 'ਚ ਛਪਦੇ ਇਨਕਲਾਬੀ ਮੈਗਜ਼ੀਨ 'ਪ੍ਰਤੀਬੱਧ' ਦੇ ਸੰਪਾਦਕ ਸਾਥੀ ਸੁਖਵਿੰਦਰ। ਵਿਚਾਰ ਗੋਸ਼ਠੀ ਵਿੱਚ ਮੁੱਖ ਤੌਰ 'ਤੇ ਸਨਅਤੀ ਮਜ਼ਦੂਰਾਂ ਨੇ ਭਾਗ ਲਿਆ।

ਸਾਥੀ ਸੁਖਵਿੰਦਰ ਨੇ ਵਿਸ਼ੇ 'ਤੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਸ਼ਹੀਦ ਭਗਤ ਸਿੰਘ ਦੀ ਜ਼ਿੰਦਗੀ ਦੇ ਵਿਭਿੰਨ ਪੱਖਾਂ 'ਤੇ ਚਾਨਣਾ ਪਾਇਆ। ਆਪਣੇ ਭਾਸ਼ਣ ਦੌਰਾਨ ਉਹਨਾਂ ਕਿਹਾ ਕਿ ਦੇਸ਼ ਦੀਆਂ ਲੁਟੇਰੀਆਂ ਹਾਕਮ ਜਮਾਤਾਂ ਲੋਕਾਂ ਦੇ ਸੱਚੇ ਨਾਇਕਾਂ ਦੀਆਂ ਯਾਦਾਂ ਨੂੰ ਪੱਥਰ ਦੀਆਂ ਮੂਰਤਾਂ ਵਿੱਚ ਬਦਲ ਦੇਣਾ ਚਾਹੁੰਦੀਆਂ ਹਨ। ਅਜਿਹਾ ਹੀ ਭਾਰਤੀ ਕਿਰਤੀ ਲੋਕਾਂ ਦੇ ਮਹਾਨ ਨਾਇਕ ਸ਼ਹੀਦੇ-ਆਜ਼ਮ ਭਗਤ ਸਿੰਘ ਦੀ ਯਾਦ ਨਾਲ਼ ਕੀਤਾ ਜਾ ਰਿਹਾ ਹੈ। ਸ਼ਹੀਦੇ ਆਜ਼ਮ ਭਗਤ ਦੀ ਸੋਚ ਅਤੇ ਲੋਕਾਂ ਦੀਆਂ ਦੁਸ਼ਮਣ ਜਮਾਤਾਂ ਅੱਜ ਉਹਨਾਂ ਦਾ ਨਾਂ ਬਹੁਤ ਜਿਆਦਾ ਲੈ ਰਹੀਆਂ ਹਨ ਅਤੇ ਗਲਤ ਅਰਥਾਂ 'ਚ ਰਹੀਆਂ ਹਨ। ਸ਼ਹੀਦੇ ਆਜ਼ਮ ਦੀ ਸੋਚ ਨੂੰ ਸਹੀ ਰੂਪ ਵਿੱਚ ਲੋਕਾਂ ਤੱਕ ਲੈ ਕੇ ਜਾਣਾ ਹੀ ਅੱਜ ਸ਼ਹੀਦ ਭਗਤ ਸਿੰਘ ਨੂੰ ਯਾਦ ਕਰਨ ਦਾ ਇੱਕ ਸੱਚਾ ਅਰਥ ਹੋ ਸਕਦਾ ਹੈ। ਸਾਥੀ ਸੁਖਵਿੰਦਰ ਨੇ ਇਨਕਲਾਬੀ ਲਹਿਰ ਦੇ ਇਤਿਹਾਸ ਦੇ ਪੰਨੇ ਫਰੋਲਦਿਆਂ ਦਰਸਾਇਆ ਕਿ ਸ਼ਹੀਦ ਭਗਤ ਸਿੰਘ ਨੇ ਭਾਰਤੀ ਇਨਕਲਾਬੀ ਲਹਿਰ ਨੂੰ ਨਵੀਂ ਉਚਾਈ ਪ੍ਰਦਾਨ ਕੀਤੀ। ਉਹਨਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੇ ਚਿੰਤਨ ਦਾ ਆਪਣੇ ਤੋਂ ਪਹਿਲਾਂ ਦੇ ਇਨਕਲਾਬੀਆਂ ਤੋਂ ਇਹ ਇੱਕ ਵੱਡਾ ਫ਼ਰਕ ਸੀ ਕਿ ਉਹਨਾਂ ਭਾਰਤ ਵਿੱਚ ਸਮਾਜਵਾਦ ਦੀ ਸਥਾਪਨਾ ਦਾ ਸੁਪਨਾ ਵੇਖਿਆ ਅਤੇ ਇਸ ਵਾਸਤੇ ਸੰਘਰਸ਼ ਕੀਤਾ। ਉਹਨਾਂ ਦਾ ਮੰਨਣਾ ਸੀ ਕਿ ਭਾਰਤੀ ਕਿਰਤੀ ਲੋਕਾਂ ਦੀ ਸੱਚੀ ਅਜ਼ਾਦੀ ਸਮਾਜਵਾਦ ਵਿੱਚ ਹੀ ਆ ਸਕਦੀ ਹੈ, ਸਿਰਫ਼ ਅੰਗਰੇਜ਼ਾਂ ਤੋਂ ਰਾਜਨੀਤਕ ਅਜ਼ਾਦੀ ਹਾਸਿਲ ਕਰਨ ਨਾਲ਼ ਲੋਕਾਂ ਦੀ ਹਾਲਤ ਵਿੱਚ ਕੋਈ ਫ਼ਰਕ ਨਹੀਂ ਪੈਣ ਲੱਗਾ। ਸਾਥੀ ਸੁਖਵਿੰਦਰ ਜੀ ਨੇ ਕਿਹਾ ਕਿ ਅੱਜ ਅਜ਼ਾਦ ਦੇਸ਼ ਵਿੱਚ ਵੀ ਦੇਸ਼ ਦੇ ਕਿਰਤੀ ਲੋਕ ਗਰੀਬ, ਭੁੱਖਮਰੀ, ਬਦਹਾਲੀ ਦੀ ਜ਼ਿੰਦਗੀ ਜਿਉ ਰਹੇ ਹਨ। ਉਹਨਾਂ ਉਦਾਹਰਨਾਂ ਦਿੰਦੇ ਹੋਏ ਕਿਹਾ ਕਿ ਜਿੰਨੇ ਜ਼ੁਲਮ ਅੰਗਰੇਜਾਂ ਦੇ ਰਾਜ ਵਿੱਚ ਭਾਰਤੀ ਕਿਰਤੀ ਲੋਕਾਂ 'ਤੇ ਢਾਹੇ ਗਏ ਉਸ ਤੋਂ ਕਿਤੇ ਵੱਧ ਭਾਰਤੀ ਹਾਕਮਾਂ ਦੇ ਰਾਜ ਵਿੱਚ ਢਾਹੇ ਗਏ ਹਨ। ਉਹਨਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦੇ ਸਮਾਜ ਦੀ ਸਿਰਜਣਾ ਦੇ ਰਾਹ ਤੁਰਨਾ ਹੀ ਸ਼ਹੀਦ ਭਗਤ ਸਿੰਘ ਦੀ ਕੁਰਬਾਨੀ ਅਤੇ ਸੋਚ ਨੂੰ ਸੱਚੀ ਸਰਧਾਂਜਲੀ ਹੋ ਸਕਦੀ ਹੈ।

ਸਾਥੀ ਸੁਖਵਿੰਦਰ ਦੇ ਇਸ ਲੰਬੇ ਭਾਸ਼ਣ ਤੋਂ ਬਾਅਦ ਤਾਜ ਮੁਹੰਮਦ, ਸਦੇਸ਼ਵਰ ਯਾਦਵ, ਨਰਿੰਦਰ, ਗੋਪਾਲ, ਵਿਜੇ, ਸੁਭਾਸ਼ ਆਦਿ ਮਜ਼ਦੂਰ ਸਾਥੀਆਂ ਨੇ ਖੁੱਲ ਕੇ ਆਪਣੇ ਵਿਚਾਰ ਪੇਸ਼ ਕੀਤੇ ਜਿਸ ਸਦਕਾ ਬੇਹੱਦ ਮੁੱਲਵਾਨ ਵਿਚਾਰ-ਚਰਚਾ ਛਿੜੀ। ਮਜ਼ਦੂਰ ਸਾਥੀਆਂ ਨੇ ਜ਼ੋਰ ਦਿੱਤਾ ਕਿ ਅੱਜ ਦੇ ਹਾਲਾਤਾਂ ਵਿੱਚ ਜੱਥੇਬੰਦੀ ਬਿਨਾਂ ਮਜ਼ਦੂਰਾਂ ਦਾ ਗੁਜ਼ਾਰਾ ਨਹੀਂ ਹੋ ਸਕਦਾ ਅਤੇ ਜੱਥੇਬੰਦੀ ਕੋਲ ਇਮਾਨਦਾਰ ਅਤੇ ਦ੍ਰਿੜ ਅਗਵਾਈ ਹੋਣੀ ਚਾਹੀਦੀ ਹੈ। ਮਜ਼ਦੂਰਾਂ ਨੇ ਕਿਹਾ ਕਿ ਧਾਰਮਿਕ ਕੱਟੜਤਾ, ਜਾਤੀਵਾਦ ਅਤੇ ਖੇਤਰਵਾਦ ਦਾ ਜੱਥੇਬੰਦੀ ਵਿੱਚ ਕੋਈ ਥਾਂ ਨਹੀ ਹੋਣੀ ਚਾਹੀਦੀ।

ਤਾਜ ਮੁਹੰਮਦ ਅਤੇ ਸਦੇਸ਼ਵਰ ਯਾਦਵ ਨੇ ਆਪਣੇ ਗੀਤਾਂ ਰਾਹੀਂ ਸ਼ਹੀਦੇ ਆਜ਼ਮ ਭਗਤ ਸਿੰਘ ਨੂੰ ਯਾਦ ਕੀਤਾ ਅਤੇ ਸਰਧਾਂਜਲੀ ਦਿੱਤੀ। ਸਟੇਜ ਦੀ ਕਾਰਵਾਈ ਰਾਜਵਿੰਦਰ ਅਤੇ ਲਖਵਿੰਦਰ ਨੇ ਸਾਂਝੇ ਤੌਰ 'ਤੇ ਸੰਭਾਲੀ।

ਗੋਸ਼ਠੀ ਤੋਂ ਬਾਅਦ ਕਾਰਖਾਨਾ ਮਜ਼ਦੂਰ ਯੂਨੀਅਨ ਦੀ ਟੋਲੀ ਨੇ ਕਲੋਨੀ ਅਤੇ ਆਸ ਪਾਸ ਦੇ ਇਲਾਕੇ ਵਿੱਚ ਸ਼ਹੀਦ ਭਗਤ ਸਿੰਘ ਦੇ ਰਾਹ 'ਤੇ ਚੱਲਣ ਦਾ ਹੋਕਾ ਦਿੰਦਾ ਪਰਚਾ ਵੀ ਵੰਡਿਆਂ।

□

# ਨੌਜਵਾਨ ਭਾਰਤ ਸਭਾ ਨੇ ਮਨਾਇਆ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ

ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਜਨਮ ਦਿਨ 'ਤੇ ਨੌਜਵਾਨ ਭਾਰਤ ਸਭਾ ਵਲੋਂ ਪਿੰਡ ਪੱਖੋਵਾਲ਼ (ਲੁਧਿਆਣਾ), ਪਿੰਡ ਅਲੌੜ (ਖੰਨਾ), ਪਿੰਡ ਭਾਦਲੇ (ਖੰਨਾ) ਅਤੇ ਮੰਡੀ ਗੋਬਿੰਦਗੜ੍ਹ ਵਿਖੇ ਨੁੱਕੜ ਸਭਾਵਾਂ, ਝੰਡਾ ਅਤੇ ਮਸ਼ਾਲ ਮਾਰਚਾਂ ਦਾ ਆਯੋਜਨ ਕੀਤਾ ਗਿਆ।



ਪਿੰਡ ਪੱਖੋਵਾਲ਼ ਵਿਖੇ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੇ ਮਸ਼ਾਲ ਮਾਰਚ ਵਿੱਚ ਭਾਗ ਲਿਆ। ਜ਼ੋਰਦਾਰ ਨਾਅਰੇ ਬੁਲੰਦ ਕਰਦੇ ਹੋਏ ਹੋਏ ਨੌਜਵਾਨਾਂ ਦੇ ਕਾਫ਼ਲੇ ਨੇ ਪਿੰਡ ਦੇ ਲੋਕਾਂ ਦੇ ਦਿਲਾਂ ਵਿੱਚ ਸ਼ਹੀਦ ਭਗਤ ਸਿੰਘ ਦੀ ਯਾਦ ਨੂੰ ਤਾਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਮਸ਼ਾਲ ਮਾਰਚ ਦੌਰਾਨ ਪਿੰਡ ਦੀਆਂ ਕਈ ਥਾਵਾਂ 'ਤੇ ਨੁੱਕੜ ਸਭਾਵਾਂ ਹੋਈਆਂ ਜਿਨਾਂ ਦੌਰਾਨ ਨੌਜਵਾਨ ਭਾਰਤ ਸਭਾ ਦੇ ਆਗੂਆਂ ਨੇ ਆਮ ਲੋਕਾਂ ਨੂੰ ਸੰਬੋਧਿਤ ਕੀਤਾ। ਨੌਜਵਾਨ ਭਾਰਤ ਸਭਾ ਦੇ ਸੰਚਾਲਕ ਡਾ. ਪਰਮਿੰਦਰ ਨੇ ਇੱਕ ਨੁੱਕੜ ਸਭਾ ਦੌਰਾਨ ਲੋਕਾਂ ਨੂੰ ਸੰਬੋਧਿਤ ਹੁੰਦੇ ਹੋਏ ਕਿਹਾ ਕਿ ਸ਼ਹੀਦੇ-ਆਜ਼ਮ ਦੀ ਸੋਚ ਦੀ ਮਸ਼ਾਲ ਨੂੰ ਬਲ਼ਦੇ ਰੱਖਣਾ ਮੌਜੂਦਾ ਹਨੇਰੇ ਸਮੇਂ ਦੀ ਮੰਗ ਹੈ। ਸ਼ਹੀਦੇ ਆਜ਼ਮ ਅਤੇ ਉਸਦੇ ਪਿਆਰੇ ਦੱਬੇ-ਕੁਚਲੇ ਕਿਰਤੀ ਲੋਕਾਂ ਦੇ ਦੁਸ਼ਮਣ ਭੇਸ ਵਟਾ ਕੇ ਅੱਜ ਵੀ ਗੱਦੀਆਂ 'ਤੇ ਬਿਰਾਜਮਾਨ ਹਨ। ਲੋਕ ਅੱਜ ਵੀ ਗੁਲਾਮੀ ਕੱਟ ਰਹੇ ਹਨ। ਅਜਿਹੇ ਹਾਲਾਤਾਂ ਵਿੱਚ ਨੌਜਵਾਨਾਂ ਨੂੰ ਆਪਣੇ ਜ਼ਮੀਰ ਦੀ ਅਵਾਜ਼ ਸੁਣਨੀ ਹੀ ਪਵੇਗੀ। ਨਵੇਂ ਇਨਕਲਾਬ ਦੀ ਮਸ਼ਾਲ ਲੈ ਕੇ ਤੁਰਨ ਨੂੰ ਹੀ ਅੱਜ ਸ਼ਹੀਦੇ ਆਜ਼ਮ ਭਗਤ ਸਿੰਘ ਨੂੰ ਸੱਚੇ ਅਰਥਾਂ 'ਚ ਸ਼ਰਧਾਂਜਲੀ ਕਿਹਾ ਜਾ ਸਕਦਾ ਹੈ।

ਖੰਨੇ ਲਾਗੇ ਪੈਂਦੇ ਪਿੰਡ ਅਲੌੜ ਅਤੇ ਪਿੰਡ ਭਾਦਲੇ ਵਿਖੇ ਨੌਜਵਾਨਾਂ ਨੇ 'ਸ਼ਹੀਦੇ ਆਜ਼ਮ ਭਗਤ ਸਿੰਘ ਅਮਰ ਰਹੇ','ਸ਼ਹੀਦੋ ਤੁਹਾਡੇ ਕਾਜ ਅਧੂਰੇ, ਲਾ ਕੇ ਜਿੰਦੜੀਆਂ ਕਰਾਂਗੇ ਪੂਰੇ' 'ਅਮਰ ਸ਼ਹੀਦਾਂ ਦਾ ਪੈਗਾਮ, ਜਾਰੀ ਰੱਖਣਾ ਹੈ ਸੰਗਰਾਮ' ਆਦਿ ਨਾਅਰੇ ਬੁਲੰਦ ਕਰਦੇ ਹੋਏ ਝੰਡਾ ਮਾਰਚ ਕੀਤਾ। ਝੰਡਾ ਮਾਰਚ ਦੌਰਾਨ ਨੌਜਵਾਨ ਭਾਰਤ ਸਭਾ ਵਲੋਂ ਸ਼ਹੀਦੇ ਆਜ਼ਮ ਦੀ ਯਾਦ ਵਿੱਚ ਜਾਰੀ ਕੀਤਾ ਗਿਆ ਪਰਚਾ ਵੀ ਵੰਡਿਆ ਗਿਆ। ਦੋਹਾਂ ਹੀ ਪਿੰਡਾਂ ਵਿੱਚ ਲੋਕਾਂ ਦੇ ਭਰਵੇਂ ਇਕੱਠਾਂ ਵਿੱਚ ਨੌਭਾਸ ਦੀ ਅਲੌੜ ਇਕਾਈ ਵਲੋਂ ਤਿਆਰ ਕੀਤਾ ਗਿਆ ਨਾਟਕ 'ਟੋਆ' ਖੇਡਿਆ ਗਿਆ। ਜਤਿੰਦਰ, ਸਤਨਾਮ ਅਤੇ ਵਰਿੰਦਰ ਦੁਆਰਾ 'ਮਸ਼ਾਲਾਂ ਬਾਲ ਕੇ ਚੱਲਣਾ ਜਦੋਂ ਤੱਕ ਰਾਤ ਬਾਕੀ ਹੈ', 'ਹਿੰਦ ਵਾਸੀਓ ਰੱਖਣਾ ਯਾਦ ਸਾਨੂੰ' ਗੀਤ ਪੇਸ਼ ਕੀਤੇ ਗਏ। ਅਲੌੜ ਅਤੇ ਭਾਦਲੇ ਦੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਸਾਥੀ ਅਜੇਪਾਲ ਨੇ ਕਿਹਾ ਗਿਆ ਕਿ ਅੰਗਰੇਜ਼ ਹਾਕਮਾਂ ਅਤੇ ਉਹਨਾਂ ਦੇ ਚਲੇ ਜਾਣ ਤੋਂ ਬਾਅਦ ਗੱਦੀਆਂ 'ਤੇ ਬੈਠੇ ਕਾਲ਼ੇ ਅੰਗਰੇਜ਼ਾਂ ਨੇ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਨਾਂ ਅਤੇ ਸੋਚ ਨੂੰ ਇਤਿਹਾਸ ਦੇ ਪੰਨਿਆਂ ਤੋਂ ਮਿਟਾਉਣ ਦੀਆਂ ਖੁੱਲੀਆਂ ਭਾਂਵੇਂ ਲੁਕੀਆਂ ਲੱਖ ਕੋਸ਼ਿਸ਼ਾਂ ਕੀਤੀਆਂ ਪਰ ਉਸ ਮਹਾਨ ਇਨਕਲਾਬੀ ਦਾ ਨਾਂ ਦੇਸ਼ ਵਾਸੀਆਂ ਦੇ ਦਿਲਾਂ ਵਿੱਚੋਂ ਮਿਟਾਇਆ ਨਹੀਂ ਜਾ ਸਕਿਆ ਅਤੇ ਉਸਦਾ ਲਾਇਆ ਇਨਕਲਾਬ ਦਾ ਨਾਅਰਾ ਅੱਜ ਵੀ ਦੇਸ਼ ਦੇ ਕੋਨੇ ਕੋਨੇ ਵਿੱਚ ਗੂੰਜ ਰਿਹਾ ਹੈ। ਮਾਸਟਰ ਗੁਰਪ੍ਰੀਤ ਨੇ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਸ਼ਹੀਦੇ ਆਜ਼ਮ ਤੋਂ ਪ੍ਰੇਰਣਾ ਅਤੇ ਮਾਰਗਦਰਸ਼ਨ ਲੈਂਦੇ ਹੋਏ ਸਮਾਜ ਬਦਲਣ ਦੇ ਰਾਹ ਪੈਣਾ ਚਾਹੀਦਾ ਹੈ। ਉਹਨਾਂ ਨੌਜਵਾਨਾਂ ਨੂੰ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਚਲ ਰਹੀ ਜੱਦੋਜਹਿਦ ਦਾ ਹਿੱਸਾ ਬਣਨ ਦਾ ਸੱਦਾ ਦਿੱਤਾ। ਉਹਨਾਂ ਬਹੁਤ ਹੀ ਸੋਹਣੇ ਅੰਦਾਜ਼ ਵਿੱਚ ਵਰਿਆਮ ਸੰਧੂ ਦੀ ਲਿਖੀ ਸ਼ਹੀਦੇ ਆਜ਼ਮ ਨੂੰ ਸਮਰਪਿਤ ਕਵਿਤਾ 'ਸ਼ਹੀਦ ਦਾ ਬੁੱਤ' ਪੇਸ਼ ਕੀਤੀ।

ਮੰਡੀ ਗੋਬਿੰਦਗੜ੍ਹ ਵਿਖੇ ਵੱਖ-ਵੱਖ ਗਲੀਆਂ, ਮੁਹੱਲਿਆਂ, ਬਜ਼ਾਰਾਂ ਵਿੱਚ ਨੌਜਵਾਨ ਭਾਰਤ ਸਭਾ ਦੀ ਟੋਲੀ ਨੇ ਪਰਚੇ ਵੰਡਦੇ ਹੋਏ ਅਤੇ ਨਾਅਰੇ ਬੁਲੰਦ ਕਰਦੇ ਹੋਏ ਸ਼ਹੀਦ ਭਗਤ ਸਿੰਘ ਦਾ ਸੁਨੇਹਾ ਆਮ ਲੋਕਾਂ ਤੱਕ ਪੁਹੰਚਾਇਆ।

28 ਸਤੰਬਰ ਨੂੰ ਮੰਡੀ ਗੋਬਿੰਦਗੜ੍ਹ ਅਤੇ ਖੰਨੇ ਵਿਖੇ ਨੌਜਵਾਨ ਭਾਰਤ ਸਭਾ ਵਲੋਂ ਸ਼ਹੀਦੇ ਆਜ਼ਮ ਭਗਤ ਸਿੰਘ ਨੂੰ ਸਮਰਪਿਤ ਇਨਕਲਾਬੀ ਅਤੇ ਉਸਾਰੂ ਪੁਸਤਕਾਂ ਦੀਆਂ ਪ੍ਰਦਰਸ਼ਨੀਆਂ ਦਾ ਆਯੋਜਨ ਕੀਤਾ ਗਿਆ।

□

# ਲੱਕ ਤੋੜ ਮਹਿੰਗਾਈ ਅਤੇ ਬੇਹਿਸਾਬ ਬਿਜਲੀ ਕਟੌਤੀ ਖਿਲਾਫ਼ ਧਰਨਾ ਲਾਇਆ

ਨੌਜਵਾਨ ਭਾਰਤ ਸਭਾ, ਕਾਰਖਾਨਾ ਮਜ਼ਦੂਰ ਯੂਨੀਅਨ ਲੁਧਿਆਣਾ, ਮੋਲਡਰ ਐਂਡ ਸਟੀਲ ਵਰਕਰਜ ਯੂਨੀਅਨ, ਡੈਮੋਕ੍ਰੇਟਿਕ ਟੀਚਰਜ਼ ਫਰੰਟ, ਡੈਮੋਕ੍ਰੇਟਿਕ ਇੰਪਲਾਈਜ ਫਰੰਟ, ਇਨਕਲਾਬੀ ਕੇਂਦਰ ਪੰਜਾਬ ਅਤੇ ਲੋਕ ਮੋਰਚਾ ਪੰਜਾਬ ਦੁਆਰਾ ਅਨਾਜ ਪਦਾਰਥਾਂ ਦੀਆਂ ਅਸਮਾਨ ਛੂਹ ਰਹੀਆਂ ਕੀਮਤਾਂ ਅਤੇ ਬੇਹਿਸਾਬ ਬਿਜਲੀ ਕਟੌਤੀ ਖਿਲਾਫ਼ 2 ਸਤੰਬਰ ਨੂੰ ਲੁਧਿਆਣਾ ਦੇ ਡੀ.ਸੀ. ਦਫ਼ਤਰ ਸਾਹਮਣੇ ਜ਼ੋਰਦਾਰ ਮੁਜਾਹਰਾ ਕੀਤਾ ਅਤੇ ਤਿੰਨ ਘੰਟੇ ਤੱਕ ਧਰਨਾ ਲਾਇਆ। ਸਰਕਾਰ ਤੋਂ ਮੰਗ ਕੀਤੀ ਗਈ ਕਿ ਅਨਾਜ ਦੀਆਂ ਕੀਮਤਾਂ ਘੱਟ ਕਰਨ ਲਈ ਫੌਰੀ ਤੌਰ 'ਤੇ ਕਦਮ ਚੁੱਕੇ ਜਾਣ, ਸਰਕਾਰ ਵਲੋਂ ਸਾਰੇ ਗਰੀਬਾਂ ਨੂੰ ਸਸਤੇ ਭਾਅ 'ਤੇ ਅਨਾਜ ਮੁਹੱਈਆ ਕਰਵਾਇਆ ਜਾਵੇ, ਬਿਜਲੀ ਦੀ ਬੇਹਿਸਾਬ ਕਟੌਤੀ ਬੰਦ ਕੀਤੀ ਜਾਵੇ, ਬਿਜਲੀ ਦੀ ਪੂਰਤੀ ਲਈ ਪੁਖ਼ਤਾ ਇੰਤਜ਼ਾਮ ਕੀਤੇ ਜਾਣ। ਧਰਨੇ-ਮੁਜਾਹਰੇ ਵਿੱਚ ਵੱਡੀ ਗਿਣਤੀ ਵਿੱਚ ਪਹੁੰਚੇ ਸਨਅਤੀ ਮਜ਼ਦੂਰਾਂ ਸਮੇਤ ਨੌਜਵਾਨਾਂ, ਅਧਿਆਪਕਾਂ ਅਤੇ ਹੋਰਨਾਂ ਸਰਕਾਰੀ ਮੁਲਾਜਮਾਂ ਨੇ ਰੋਹ ਭਰਪੂਰ ਨਾਅਰੇ ਲਾਉਂਦੇ ਹੋਏ ਲੱਕ ਤੋੜ ਮਹਿੰਗਾਈ ਅਤੇ ਬਿਜਲੀ ਦੀ ਭਾਰੀ ਕਿੱਲਤ ਲਈ ਜ਼ਿੰਮੇਵਾਰ ਮੁਨਾਫ਼ਾਖੋਰਾਂ ਅਤੇ ਸਰਕਾਰ ਦੇ ਨਾਪਾਕ ਗਠਜੋੜ ਖਿਲਾਫ਼ ਅਵਾਜ਼ ਬੁਲੰਦ ਕੀਤੀ। "ਮੁਨਾਫ਼ਾਖੋਰਾਂ ਅਤੇ ਸਰਕਾਰ ਦਾ ਨਾਪਾਕ ਗਠਜੋੜ ਮੁਰਦਾਬਾਦ!", "ਕਿਰਤੀਆਂ ਦਾ ਏਕਾ ਜਿੰਦਾਬਾਦ", "ਲੱਕਤੋੜ ਮਹਿੰਗਾਈ ਦਾ ਕੌਣ ਹੈ ਜ਼ੁੰਮੇਵਾਰ, ਮੁਨਾਫ਼ਾਖੋਰ ਲੁਟੇਰੇ ਅਤੇ ਇਹ ਸਰਕਾਰ", "ਖਤਮ ਕਰੋ ਪੂੰਜੀ ਦਾ ਰਾਜ, ਲੜੋ ਬਣਾਓ ਲੋਕ ਸਵਰਾਜ", ਆਦਿ ਅਸਮਾਨ ਚੀਰਵੇਂ ਨਾਅਰਿਆਂ ਦੀ ਅਵਾਜ਼ ਨਾਲ਼ ਸਾਰਾ ਮਿਨੀ ਸਕੱਤਰ ਗੂੰਜ ਉੱਠਿਆ।

ਨੌਜਵਾਨ ਭਾਰਤ ਸਭਾ, ਪੰਜਾਬ ਦੇ ਸੰਚਾਲਕ ਪਰਮਿੰਦਰ ਨੇ ਧਰਨੇ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਸ ਮਹਿੰਗਾਈ ਅਤੇ ਬਿਜਲੀ ਦੀ ਕਮੀ ਦੇ ਕਾਰਨ ਕੁਦਰਤੀ ਨਹੀਂ ਹਨ ਜਿਵੇਂ ਕਿ ਕੇਂਦਰ ਅਤੇ ਪੰਜਾਬ ਸਰਕਾਰਾਂ ਬਕਵਾਸ ਕਰ ਰਹੀਆਂ ਹਨ। ਅਸਲ 'ਚ ਇਹ ਤਾਂ ਮੁਨਾਫ਼ਾਖੋਰੀ ਦਾ ਨਤੀਜਾ ਹਨ ਅਤੇ ਪੂੰਜੀਵਾਦੀ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਨਤੀਜਾ ਹਨ। ਪੂੰਜੀਵਾਦੀ ਸਰਕਾਰ ਲੋਕਾਂ ਦੀ ਢਿੱਡ ਦੀ ਭੁੱਖ ਤੱਕ ਮਿਟਾਉਣ ਨੂੰ ਤਿਆਰ ਨਹੀਂ ਤਾਂ ਅਜਿਹੇ ਵਿੱਚ ਅਸਾਨੀ ਨਾਲ਼ ਸਮਝਿਆ ਜਾ ਸਕਦਾ ਹੈ ਕਿ ਸਰਕਾਰ ਲੋਕਾਂ ਦੇ ਫਾਇਦੇ ਨੂੰ ਧਿਆਨ ਵਿੱਚ ਰੱਖਦੇ ਹੋਏ ਬਿਜਲੀ ਦੀ ਪੂਰਤੀ ਲਈ ਕਿੱਥੋਂ ਤੱਕ ਕੋਈ ਕਦਮ ਪੁੱਟੇਗੀ। ਉਹਨਾਂ ਨੇ ਕਿਹਾ ਕਿ ਕਹਿਣ ਨੂੰ ਤਾਂ 1947 ਵਿੱਚ ਦੇਸ਼ ਅਜ਼ਾਦ ਹੋ ਗਿਆ ਪਰ ਇਹ ਇੱਕ ਕੋਰਾ ਝੂਠ ਹੈ। ਗੈਰਬਰਾਬਰੀ, ਗਰੀਬੀ, ਭੁੱਖ-ਪਿਆਸ, ਬੇਰੁਜ਼ਗਾਰੀ, ਨਾਮਾਤਰ ਦੀਆਂ ਸਿਹਤ ਸੁਵਿਧਾਵਾਂ, ਅਨਪੜ੍ਹਤਾ— ਬਸ ਇਹੋ ਦਿੱਤਾ ਹੈ ਇਸ ਅਜ਼ਾਦੀ ਨੇ। ਇਸ ਲਈ ਲੋਕਾਂ ਦੀ ਅਜ਼ਾਦੀ ਅਜੇ ਆਉਣੀ ਬਾਕੀ ਹੈ। ਉਹਨਾਂ ਕਿਹਾ ਕਿ ਜਦੋਂ ਜਦੋਂ ਵੀ ਕਿਰਤੀ ਲੋਕਾਂ ਦੇ ਸੰਘਰਸ਼ਾਂ ਦਾ ਤੂਫਾਨ ਉੱਠਿਆ ਹੈ ਨੌਜਵਾਨ ਉਹਨਾਂ ਦੀਆਂ ਮੂਹਰਲੀਆਂ ਸਫ਼ਾ ਵਿੱਚ ਲੜੇ ਹਨ ਅਤੇ ਆਉਣ ਵਾਲ਼ਾ ਸਮਾਂ ਵੀ ਇਸੇ ਗੱਲ ਦੀ ਗਵਾਹੀ ਭਰੇਗਾ।

ਕਾਰਖਾਨਾ ਮਜ਼ਦੂਰ ਯੂਨਿਅਨ ਲੁਧਿਆਣਾ ਦੇ ਸੰਚਾਲਕ ਰਾਜਵਿੰਦਰ ਨੇ ਧਰਨੇ ਨੂੰ ਸੰਬੋਧਿਤ ਹੁੰਦੇ ਹੋਏ ਕਿਹਾ ਕਿ ਦੇਸ਼ ਦੀਆਂ ਸਰਕਾਰਾਂ ਨੂੰ ਗਰੀਬਾਂ ਦੀ ਕੋਈ ਫ਼ਿਕਰ ਨਹੀਂ ਹੈ। ਇਸ ਗੱਲ ਦਾ ਸਬੂਤ ਇਹ ਹੈ ਕਿ ਇੱਕ ਪਾਸੇ ਤਾਂ ਸਰਕਾਰੀ ਗੋਦਾਮਾਂ ਵਿੱਚ ਅਨਾਜ ਸੜ ਰਿਹਾ ਹੈ ਦੂਜੇ ਪਾਸੇ ਲੋਕ ਭੁੱਖ ਨਾਲ਼ ਤੜਫ਼ ਰਹੇ ਹਨ। ਦੇਸ਼ ਦੇ ਵੱਡੇ ਵੱਡੇ ਵਪਾਰੀਆਂ ਨੇ ਕਰੋੜਾਂ ਟਨ ਅਨਾਜ ਜਮ੍ਹਾ ਕਰਕੇ ਰੱਖਿਆ ਹੋਇਆ ਹੈ, ਉਹ ਮਨਮਰਜ਼ੀ ਦੀਆਂ ਕੀਮਤਾਂ ਤੈਅ ਕਰ ਰਹੇ ਹਨ, ਮਹਿੰਗਾਈ ਵਧਾ ਰਹੇ ਹਨ। ਪਰ ਸਰਕਾਰ ਇਸ ਮੁਨਾਫ਼ਾਖੋਰੀ ਅਤੇ ਕਾਲ਼ਾਬਜ਼ਾਰੀ ਨੂੰ ਰੋਕਣ ਲਈ ਦਿਖਾਵੇ ਤੋਂ ਅੱਗੇ ਵਧ ਕੇ ਲੋੜੀਂਦੇ ਕਦਮ ਚੁੱਕਣ ਲਈ ਤਿਆਰ ਨਹੀਂ। ਉਹਨਾਂ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਗੱਲ ਸਾਫ਼ ਹੋ ਚੁੱਕੀ ਹੈ ਕਿ ਦੇਸ਼ ਦੀਆਂ ਸਰਕਾਰਾਂ ਤੋਂ ਹੁਣ ਗਰੀਬ ਕਿਰਤੀਆਂ ਨੂੰ ਕੋਈ ਆਸ ਨਹੀਂ ਰੱਖਣੀ ਚਾਹੀਦੀ ਸਗੋਂ ਆਪਣੇ ਹੱਕ ਆਪ ਲੈਣ ਲਈ ਇੱਕਜੁੱਟ ਹੋ ਕੇ ਸੰਘਰਸ਼ ਕਰਨ ਦਾ ਰਾਹ ਹੀ ਗਰੀਬਾਂ ਦੀ ਹਾਲਤ ਵਿੱਚ ਕੋਈ ਬੁਨਿਆਦੀ ਬਦਲਾਅ ਲਿਆ ਸਕਦਾ ਹੈ।

ਇਹਨਾਂ ਤੋਂ ਇਲਾਵਾ ਮੋਲਡਰ ਐਂਡ ਸਟੀਲ ਵਰਕਜ਼ ਯੂਨੀਅਨ ਦੇ ਆਗੂ ਵਿਜੇ ਨਾਰਾਇਣ, ਡੀ.ਟੀ.ਐਫ਼. ਦੇ ਆਗੂ ਟੇਕ ਚੰਦ ਕਾਲੀਆ, ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਮਾਸਟਰ ਭਜਨ ਸਿੰਘ, ਡੀ.ਈ.ਐਫ. ਦੇ ਆਗੂ ਰਮਨਜੀਤ ਸੰਧੂ, ਲੋਕ ਮੋਰਚਾ ਪੰਜਾਬ ਦੇ ਆਗੂ ਕਸਤੂਰੀ ਲਾਲ ਆਦਿ ਨੇ ਧਰਨੇ ਨੂੰ ਸੰਬੋਧਿਤ ਕੀਤਾ।

ਸਾਰੇ ਬੁਲਾਰਿਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਮਹਿੰਗਾਈ ਅਤੇ ਬਿਜਲੀ ਕਟੌਤੀ ਤੋਂ ਰਾਹਤ ਦਿਲਾਉਣ ਲਈ ਜਲਦੀ ਕਦਮ ਨਾ ਚੁੱਕੇ ਤਾਂ ਗਰੀਬਾਂ ਦੇ ਦਿਲਾਂ ਅੰਦਰ ਸੁਲਗ ਰਹੀ ਗੁੱਸੇ ਦੀ ਚਿੰਗਾਰੀ ਦੇ ਭਾਂਬੜ ਦਾ ਰੂਪ ਲੈਣ ਲੱਗੇ ਦੇਰ ਨਹੀਂ ਲੱਗੇਗੀ। □

# ਡੀ.ਟੀ.ਐਫ. (ਲੁਧਿ.) ਦੇ ਸਾਬਕਾ ਸਕੱਤਰ ਮਾ. ਭਜਨ ਸਿੰਘ ਦੀ ਅਧਿਆਪਕ ਸੇਵਾਵਾਂ ਤੋਂ ਸ਼ਾਨਦਾਰ ਵਿਦਾਇਗੀ

31 ਅਗਸਤ ਨੂੰ ਮਾਸਟਰ ਭਜਨ ਸਿੰਘ 32 ਸਾਲਾਂ ਦੀਆਂ ਸੇਵਾਵਾਂ ਤੋਂ ਬਾਅਦ ਅਧਿਆਪਕ ਪੇਸ਼ੇ ਤੋਂ ਵਿਦਾ ਹੋਏ। ਮਾਸਟਰ ਭਜਨ ਸਿੰਘ ਅਧਿਆਪਕ ਹੁੰਦਿਆਂ ਹੋਇਆਂ ਨਾ ਸਿਰਫ਼ ਆਪਣੇ ਵਿਦਿਆਰਥੀਆਂ ਨੂੰ ਉਸਾਰੂ ਅਤੇ ਬੇਹਤਰ ਵਿੱਦਿਆ ਦੇਣ ਦੀਆਂ ਜੀ-ਤੋੜ ਕੋਸ਼ਿਸ਼ਾਂ ਵਿੱਚ ਰੁੱਝੇ ਰਹੇ ਸਗੋਂ ਉਹਨਾਂ ਅਧਿਆਪਕਾਂ ਦੇ ਹੱਕੀ ਸੰਘਰਸ਼ਾਂ ਦੌਰਾਨ ਬੇਹੱਦ ਮੁੱਲਵਾਨ ਆਗੂ ਭੂਮਿਕਾ ਨਿਭਾਈ। ਇਸ ਦੇ ਨਾਲ਼ ਹੀ ਉਹ ਸਮਾਜ ਦੇ ਹੋਰਨਾਂ ਕਿਰਤੀ ਜਮਾਤਾਂ ਦੇ ਹੱਕੀ ਸੰਘਰਸ਼ਾਂ ਨੂੰ ਹਰ ਸੰਭਵ ਸਹਿਯੋਗ ਦਿੰਦੇ ਰਹੇ।

ਪਹਿਲੀ ਅਗਸਤ ਨੂੰ ਲੁਧਿਆਣੇ ਵਿਖੇ ਹੋਏ ਬਹੁਤ ਹੀ ਸਾਦੇ ਵਿਦਾਇਗੀ ਸਮਾਗਮ ਦੌਰਾਨ ਡੈਮੋਕ੍ਰੇਟਿਕ ਟੀਚਰਜ਼ ਫਰੰਟ ਵਲੋਂ ਮਾਸਟਰ ਭਜਨ ਦੇ ਇਨਕਲਾਬੀ-ਜਮਹੂਰੀ ਲੋਕ-ਸੰਘਰਸ਼ਾਂ ਵਿੱਚ ਪਾਏ ਯੋਗਦਾਨ ਦਾ ਸ਼ਾਨਦਾਰ ਸਨਮਾਨ ਕੀਤਾ ਗਿਆ। ਜੱਥੇਬੰਦੀ ਵਲੋਂ ਵਿਦਾਇਗੀ ਸਮਾਗਮ 'ਚ ਮਾਸਟਰ ਭਜਨ ਦੇ ਚਹੇਤਿਆਂ ਦੇ ਭਰਵੇਂ ਇਕੱਠ ਦੌਰਾਨ ਪੇਸ਼ ਸਨਮਾਨ ਪੱਤਰ ਅਨੁਸਾਰ ਮਾਸਟਰ ਭਜਨ ਸਿੰਘ *"ਲੋਕ-ਪੱਖੀ ਸੰਘਰਸ਼ਾਂ ਦੀ ਬੁਲੰਦੀ ਦੀ ਤਾਂਘ ਦਾ ਜਗ-ਮਗਾਉਂਦਾ ਦੀਵਾ ਹੈ।"*

ਮਾਸਟਰ ਭਜਨ ਸਿੰਘ ਨੇ ਅਧਿਆਪਕ ਪੇਸ਼ੇ ਦੀ ਸ਼ੁਰੂਆਤ ਨਾਲ਼ ਹੀ ਇਨਕਲਾਬੀ-ਜਮਹੂਰੀ ਲਹਿਰ ਵਿੱਚ ਕਦਮ ਰੱਖਿਆ ਅਤੇ ਉਹ ਅੱਜ ਤੱਕ ਇਸ ਲਹਿਰ ਨਾਲ਼ ਡਟੇ ਹਨ। ਅਸੀਂ ਸਾਡੇ ਦਿਲ ਦੀਆਂ ਗਹਿਰਾਈਆਂ ਤੋਂ ਵਿਦਾਇਗੀ ਸਮਾਗਮ ਲਈ ਸੱਦਾ ਪੱਤਰ ਵਿੱਚ ਮਾਸਟਰ ਭਜਨ ਦੇ ਕਹੇ ਇਹਨਾਂ ਸ਼ਬਦਾਂ ਪ੍ਰਤੀ ਬਹੁਤ ਆਸਵੰਦ ਹਾਂ- *"ਮੈਂ ਇਨਕਲਾਬੀ ਵਿਚਾਰਧਾਰਾ ਦਾ ਵਿਦਿਆਰਥੀ ਰਿਹਾ ਹਾਂ। ਸਮਾਜ ਤੇ ਰਾਜ ਬਦਲੋ ਦੀ ਸਮਝਦਾਰੀ ਨਾਲ਼ ਇੱਕ ਰੂਪ ਹੋ ਚੁੱਕਾ ਹਾਂ। ਰਿਟਾਇਰਮੈਂਟ ਉਪਰੰਤ ਮੇਰਾ ਸਵੈ ਇਨਕਲਾਬੀ ਲਹਿਰ ਨੂੰ ਸਮਰਪਿਤ ਹੋਵੇਗਾ।..."*

ਅਦਾਰਾ 'ਲਲਕਾਰ' ਮਾਸਟਰ ਭਜਨ ਨੂੰ ਆਪਣੇ ਅਧਿਆਪਕ ਜੀਵਨ ਦੌਰਾਨ ਇਨਕਲਾਬੀ-ਜਮਹੂਰੀ ਲਹਿਰ ਅਤੇ ਵਿਦਿਆਰਥੀਆਂ ਦੀ ਸਿੱਖਿਆ ਪ੍ਰਤੀ ਸਮਰਪਨ ਦੀ ਭਾਵਨਾ ਨਾਲ਼ ਦਿੱਤੇ ਯੋਗਦਾਨ ਲਈ ਇਨਕਲਾਬੀ ਸਲਾਮ ਆਖਦਾ ਹੈ ਅਤੇ ਜੀਵਨ ਦੇ ਅਗਲੇ ਸਫ਼ਰ ਲਈ ਇਨਕਲਾਬੀ ਸ਼ੁਭਕਾਮਨਾਵਾਂ ਦਿੰਦਾ ਹੈ। □

## ਪੰਜਾਬ ਦੇ ਵਿਧਾਇਕਾਂ, ਮੰਤਰੀਆਂ, ਸਪੀਕਰ, ਸੰਸਦੀ ਸਕੱਤਰਾਂ ਦੇ ਤਨਖ਼ਾਹ-ਭੱਤਿਆਂ ਵਿੱਚ ਭਾਰੀ ਵਾਧੇ ਦੀ ਤਿਆਰੀ

( ਸਫ਼ਾ 15 ਦਾ ਬਾਕੀ)

ਨਹੀਂ ਸਕਦਾ। ਜੇ ਹਿੱਸਾ ਲੈ ਵੀ ਲਵੇ ਤਾਂ ਕਾਮਯਾਬ ਹੋ ਨਹੀਂ ਸਕਦਾ। ਪੰਜਾਬ ਵਿਧਾਨਸਭਾ ਵਿੱਚ ਕਰੋੜਪਤੀਆਂ-ਅਰਬਪਤੀਆਂ ਦਾ ਡੇਰਾ ਹੈ। ਰਾਜਨੀਤੀ ਅੱਜ ਸਭ ਤੋਂ ਵੱਧ ਮੁਨਾਫ਼ੇ ਵਾਲ਼ਾ ਧੰਦਾ ਬਣ ਚੁੱਕੀ ਹੈ। ਚੋਣਾਂ ਦੌਰਾਨ ਖਰਚੇ ਜਾਣ ਵਾਲ਼ੇ ਇੱਕ-ਇੱਕ ਉਮੀਦਵਾਰ ਵਲੋਂ ਕਰੋੜਾਂ ਰੁਪਏ ਪੂੰਜੀਪਤੀਆਂ ਕੋਲੋਂ ਹੀ ਇਕੱਠੇ ਹੁੰਦੇ ਹਨ। ਬਦਲੇ ਵਿੱਚ ਪੂੰਜੀਪਤੀ ਜਮਾਤ ਦੀ ਹਰ ਕਿਸਮ ਦੀ ਸੇਵਾ ਕੀਤੀ ਜਾਂਦੀ ਹੈ। ਇਹਨਾਂ ਵਿੱਚੋਂ ਅਨੇਕਾਂ ਤਾਂ ਖੁਦ ਵੀ ਉਦਯੋਗਪਤੀ ਹਨ, ਸੈਂਕੜੇ-ਹਜ਼ਾਰਾਂ ਏਕੜ ਜਮੀਨ ਦੇ ਮਾਲਕ ਹਨ, ਟ੍ਰਾਂਸਪੋਰਟਰ ਹਨ, ਵੱਡੇ ਵੱਡੇ ਵਿਉਪਾਰੀ ਹਨ। ਸੱਤਾ ਵਿੱਚ ਆਉਣ ਤੋਂ ਬਾਅਦ ਇਹ ਦਿਖਾਵੇ ਦੇ ਨਾਂ 'ਤੇ ਲੋਕਾਂ ਲਈ ਜਾਰੀ ਕੀਤੇ ਜਾਣ ਵਾਲੇ ਧਨ ਦੇ ਵੱਡੇ-ਵੱਡੇ ਹਿੱਸੇ ਡਕਾਰ ਜਾਂਦੇ ਹਨ। ਰਿਸ਼ਵਤਾਂ ਦੇ ਰੂਪ ਵਿੱਚ ਵੀ ਇਹ ਮੋਟੀ ਕਮਾਈ ਕਰਦੇ ਹਨ। ਇਹਨਾਂ ਸਾਰੀਆਂ ਗੱਲਾਂ ਦਾ ਜਿਕਰ ਖਾਸ ਤੌਰ 'ਤੇ ਇਸ ਲਈ ਕੀਤਾ ਜਾ ਰਿਹਾ ਹੈ ਕਿਉਂ ਕਿ ਕੋਈ ਵਿਧਾਇਕਾਂ ਦੀ ਤਨਖਾਹ ਸਿਰਫ 4000 ਰੁਪਏ ਹੋਣ ਵਜੋਂ ਉਹਨਾਂ ਨਾਲ਼ ਹਮਦਰਦੀ ਰੱਖਦੇ ਹੋਏ ਇਹ ਕਹਿ ਸਕਦਾ ਹੈ ਕਿ ਤਨਖਾਹ ਅਤੇ ਭੱਤੇ ਵਧਾਏ ਜਾਣੇ ਜਾਇਜ ਹਨ। ਹਕੀਕਤ ਇਹ ਹੈ ਕਿ ਸਰਕਾਰ ਤੋਂ ਮਿਲਣ ਵਾਲ਼ੀ ਤਨਖਾਹ ਜਾਂ ਹੋਰ ਭੱਤੇ ਤਾਂ ਇਹਨਾਂ ਦੀ ਵਰਤਮਾਨ ਆਮਦਨ ਦਾ ਬਹੁਤ ਛੋਟਾ ਜਿਹਾ ਸ੍ਰੋਤ ਹਨ। ਇਹਨਾਂ ਦੀ ਅਸਲ ਕਮਾਈ ਤਾਂ ਹੋਰਨਾਂ ਥਾਵਾਂ ਤੋਂ ਹੁੰਦੀ ਹੈ ਜਿਨ੍ਹਾਂ ਦਾ ਜਿਕਰ ਹੁਣੇ ਕੀਤਾ ਗਿਆ ਹੈ। ਪਰ ਉਹਨਾਂ ਦਾ ਢਿੱਡ ਏਡਾ ਵਿਸ਼ਾਲ ਹੈ ਕਿ ਉਹ ਕਿੰਨਾਂ ਵੀ ਕਿਉਂ ਨਾ ਡਕਾਰ ਲੈਣ, ਭਰਨ ਨਹੀਂ ਲੱਗਿਆ। ਉਹਨਾਂ ਦੀ ਧਨ ਦੀ ਭੁੱਖ ਦੀ ਕੋਈ ਹੱਦ ਨਹੀਂ ਹੈ। ਭਾਂਵੇਂ ਇਹਨਾਂ ਨੂੰ ਸਰਕਾਰੀ ਖਜ਼ਾਨੇ 'ਚੋਂ ਪਹਿਲਾਂ ਵੀ ਕੇ ਬੇਹਿਸਾਬ ਸਿੱਧੀਆਂ-ਅਸਿੱਧਿਆਂ ਸਹੂਲਤਾਂ ਮਿਲਦੀਆਂ ਹਨ ਪਰ ਉਹ ਲੋਕਾਂ ਦੀ ਸਖਤ ਮਿਹਨਤ ਦੀ ਕਮਾਈ ਨਿਚੋੜ ਕੇ ਭਰੇ ਸਰਕਾਰੀ ਖਜਾਨੇ 'ਚੋਂ ਹੋਰ ਵੀ ਵੱਡਾ ਹਿੱਸਾ ਚਾਹੁੰਦੇ ਹਨ।

ਵਿਧਾਇਕਾਂ-ਮੰਤਰੀਆਂ ਆਦਿ ਦੇ ਤਨਖਾਹ-ਭੱਤਿਆਂ ਵਿੱਚ ਭਾਰੀ ਵਾਧਾ ਕਰਨ ਦੀ ਇਸ ਪ੍ਰਕਿਰਿਆ ਤੋਂ ਇੱਕ ਵਾਰ ਫਿਰ ਭਾਰਤੀ ਪੂੰਜੀਵਾਦੀ ਲੋਕਤੰਤਰ ਦੀ ਪੋਲ ਖੁੱਲਦੀ ਜਾ ਰਹੀ ਹੈ। ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਅਪਣਾ ਕੇ ਲੋਕਾਂ ਦੀਆਂ ਵੋਟਾਂ ਹਾਸਿਲ ਕਰਕੇ ਕੁਰਸੀਆਂ ਸਾਂਭਣ ਤੋਂ ਬਾਅਦ ਇੱਥੇ ਕੋਈ ਲੋਕਾਂ ਦੀ ਸੇਵਾ ਨਹੀਂ ਕਰਦਾ। ਲੋਕਾਂ ਦੀ ਬਦਹਾਲੀ ਦੂਰ ਕਰਨ ਲਈ ਇਹਨਾਂ ਵਿੱਚੋਂ ਕੋਈ ਲੀਡਰ ਮੱਥੇ 'ਤੇ ਤਿਉੜੀਆਂ ਨਹੀਂ ਪਾਉਂਦਾ। ਉਹਨਾਂ ਨੂੰ ਚਿੰਤਾ ਹੁੰਦੀ ਹੈ ਤਾਂ ਬਸ ਇਹੋ ਕਿ ਉਹ ਕਿਵੇਂ ਲੋਕਾਂ ਦੀ ਵੱਧ ਤੋਂ ਵੱਧ ਲੁੱਟ-ਖੋਹ ਕਰਕੇ ਆਪਣੀਆਂ ਤਿਜੋਰੀਆਂ ਭਰਨ।

□

## ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਪੁਸਤਕਾਂ

01. ਨੌਜਵਾਨਾਂ ਨਾਲ ਦੋ ਗੱਲਾਂ (ਪੀਟਰ ਕ੍ਰੋਪੋਟਕਿਨ) 05.00 ਰੁਪਏ
02. ਗ਼ਦਰੀ ਸੂਰਬੀਰ (ਰਣਧੀਰ ਸਿੰਘ) 10.00 ਰੁਪਏ
03. ਅਜਿਹਾ ਸੀ ਸਾਡਾ ਭਗਤ ਸਿੰਘ (ਸ਼ਿਵ ਵਰਮਾ) 05.00 ਰੁਪਏ
04. ਸ਼ਹੀਦ ਚੰਦਰ ਸ਼ੇਖਰ ਆਜ਼ਾਦ (ਭਗਵਾਨ ਦਾਸ ਮਹੌਰ) 10.00 ਰੁਪਏ
05. ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਵਿਚਾਰਧਾਰਕ ਵਿਕਾਸ (ਪ੍ਰੋਫੈਸਰ ਬਿਪਨ ਚੰਦਰਾ) 10.00 ਰੁਪਏ
06. ਇਨਕਲਾਬ ਦਾ ਸੁਨੇਹਾ (ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀਆਂ ਚੋਣਵੀਆਂ ਲਿਖਤਾਂ) 20.00 ਰੁਪਏ
07. ਮੈਂ ਨਾਸਤਿਕ ਕਿਉਂ ਹਾਂ? (ਭਗਤ ਸਿੰਘ) 05.00 ਰੁਪਏ
08. ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ – ਸ਼ਿਵ ਵਰਮਾ 10.00 ਰੁਪਏ
09. ਸ਼ਹੀਦ ਸੁਖਦੇਵ ਨੌਘਰੇ ਤੋਂ ਫਾਂਸੀ ਤੱਕ 20.00 ਰੁਪਏ
10. ਭਗਤ ਸਿੰਘ ਨੇ ਕਿਹਾ 05.00 ਰੁਪਏ
11. ਸ਼ਹੀਦ ਕਰਤਾਰ ਸਿੰਘ ਸਰਾਭਾ 05.00 ਰੁਪਏ
12. ਦਹਿਸ਼ਤਗਰਦੀ ਬਾਰੇ ਭਰਮ ਅਤੇ ਯਥਾਰਥ 10.00 ਰੁਪਏ
13. ਰਿਜ਼ਰਵੇਸ਼ਨ ਪੱਖ, ਵਿਪੱਖ ਅਤੇ ਤੀਸਰਾ ਪੱਖ 05.00 ਰੁਪਏ
14. ਵਿਦਿਆਰਥੀ-ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ 10.00 ਰੁਪਏ
15. ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ (ਦੀ ਸ਼ੰਘਾਈ ਟੈਕਸਟ ਬੁੱਕ ਆਫ ਪੋਲੀਟੀਕਲ ਇਕਾਨਮੀ) 60.00 ਰੁਪਏ
16. ਲੈਨਿਨਵਾਦ ਦੀਆਂ ਨੀਹਾਂ – ਸਟਾਲਿਨ 20.00 ਰੁਪਏ
17. ਫ਼ਲਸਫਾਨਾ ਲਿਖ਼ਤਾਂ – ਮਾਓ-ਜ਼ੇ-ਤੁੰਗ 25.00 ਰੁਪਏ
18. ਖੇਤੀ ਵਿੱਚ ਪੂੰਜੀਵਾਦ –ਲੈਨਿਨ 10.00 ਰੁਪਏ
19. ਰਾਜ–ਲੈਨਿਨ 10.00 ਰੁਪਏ
20. ਸੁਤੰਤਰ ਵਪਾਰ ਦਾ ਸਵਾਲ (ਮਾਰਕਸ, ਏਂਗਲਜ ਅਤੇ ਲੈਨਿਨ) 10.00 ਰੁਪਏ
21. ਫਿਲਾਸਫੀ ਕੋਈ ਗੋਰਖ ਧੰਦਾ ਨਹੀਂ (ਇਕ ਚੀਨੀ ਕਿਤਾਬ ਦਾ ਅਨੁਵਾਦ) 10.00 ਰੁਪਏ
22. ਦਵੰਦਵਾਦ ਜਰੀਏ ਲੋਕਾਂ ਦੀ ਸੇਵਾ 10.00 ਰੁਪਏ
23. ਮਜ਼ਦੂਰਾਂ ਦੇ ਖੂਨ ਨਾਲ ਲਿਖੀ ਪੈਰਿਸ ਕਮਿਊਨ ਦੀ ਅਮਰ ਕਹਾਣੀ 10.00 ਰੁਪਏ
24. ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ 10.00 ਰੁਪਏ
25. ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ 10.00 ਰੁਪਏ
26. ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ –ਰੰਗਾਨਯਾਕੰਮਾ 15.00 ਰੁਪਏ
27. ਜੰਗਲਨਾਮਾ-ਇਕ ਰਾਜਨੀਤਿਕ ਪੜਚੋਲ 03.00 ਰੁਪਏ
28. ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ – ਦਿਪਾਯਨ ਬੋਸ 10.00 ਰੁਪਏ
29. ਸਮਾਜਵਾਦ ਦੀਆਂ ਸਮੱਸਿਆਵਾਂ, ਪੂੰਜੀਵਾਦੀ ਮੁੜ ਬਹਾਲੀ ਅਤੇ ਮਹਾਨ ਪ੍ਰੋਲਤਾਰੀ ਸੱਭਿਆਚਾਰਕ ਇਨਕਲਾਬ 20.00 ਰੁਪਏ
30. ਕਿਉਂ ਮਾਓਵਾਦ 10.00 ਰੁਪਏ
31. ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ 20.00 ਰੁਪਏ

## ਦਸਤਕ ਪ੍ਰਕਾਸ਼ਨ ਵਲੋਂ ਪ੍ਰਕਾਸ਼ਤ ਪੁਸਤਕਾਂ

1. ਥੀਏਟਰ ਦਾ ਸੰਖੇਪ ਤਰਕਸ਼ਾਸਤਰ (ਬਰਤੋਲਤ ਬ੍ਰੈਖ਼ਤ) 15.00 ਰੁਪਏ
2. ਅਈਜ਼ੇਂਸਤਾਈਨ ਦਾ ਫ਼ਿਲਮ ਸਿਧਾਂਤ ਅਤੇ ਰਚਨਾਤਮਕ ਪ੍ਰਯੋਗ 15.00 ਰੁਪਏ
3. ਮਜ਼ਦੂਰ ਜਮਾਤੀ ਸੰਗੀਤ ਰਚਨਾਵਾਂ ਦੀਆਂ ਸਮੱਸਿਆਵਾਂ 10.00 ਰੁਪਏ
4. ਪਹਿਲਾ ਅਧਿਆਪਕ (ਨਾਵਲ) (ਚੰਗੀਜ਼ ਆਇਤਮਾਤੋਵ) 20.00 ਰੁਪਏ
5. ਸ਼ੋਲੋਖੋਵ ਦੀਆਂ ਕਹਾਣੀਆਂ 30.00 ਰੁਪਏ
6. ਸ਼ਾਂਤ ਸਰਘੀ ਵੇਲ਼ਾ 30.00 ਰੁਪਏ
7. ਪ੍ਰੇਮ, ਪ੍ਰੰਪਰਾ ਅਤੇ ਵਿਦਰੋਹ 20.00 ਰੁਪਏ

**ਨੋਟ-ਉਪਰੋਕਤ ਸਾਰੀਆਂ ਕਿਤਾਬਾਂ ਜਨਚੇਤਨਾ 'ਤੇ ਉਪਲਭਧ ਹਨ।**

ਬਿਹਤਰ ਜ਼ਿੰਦਗੀ ਦਾ ਰਾਹ ਬਿਹਤਰ ਕਿਤਾਬਾਂ ਵਿੱਚੋਂ ਹੋ ਕੇ ਲੰਘਦਾ ਹੈ !

# ਜਨਚੇਤਨਾ

● ਇੱਕ ਸੱਭਿਆਚਾਰਕ ਮੁਹਿੰਮ ● ਇੱਕ ਵਿਚਾਰਕ ਪ੍ਰੋਜੈਕਟ ● ਬਦਲਵੇਂ ਮੀਡੀਆ ਦਾ ਇੱਕ ਮਾਡਲ

*ਕਿਤਾਬਾਂ ਨਹੀਂ*
*ਅਸੀਂ ਆਣ ਵਾਲ਼ੇ ਕੱਲ੍ਹ ਦੇ ਸੁਪਨੇ ਲੈ ਕੇ ਆਏ ਹਾਂ*
*ਕਿਤਾਬਾਂ ਨਹੀਂ*
*ਅਸੀਂ ਅਸਲੀ ਇਨਸਾਨ ਦੀ ਤਰ੍ਹਾਂ*
*ਜੀਣ ਦਾ ਸੰਕਲਪ ਲੈ ਕੇ ਆਏ ਹਾਂ।*
*ਅਸੀਂ ਹਾਂ ਉਮੀਦਾਂ ਦੇ ਹਰਕਾਰੇ*
*ਅਸੀਂ ਹਾਂ ਵਿਚਾਰਾਂ ਦੇ ਡਾਕੀਏ।*

ਦੋ ਦਹਾਕੇ ਪਹਿਲਾਂ ਪ੍ਰਗਤੀਸ਼ੀਲ, ਲੋਕ-ਪੱਖੀ ਸਾਹਿਤ ਨੂੰ ਘਰ-ਘਰ ਤੱਕ ਪਹੁੰਚਾਉਣ ਦੀ ਮੁਹਿੰਮ ਦੀ ਇੱਕ ਨਿੱਕੀ ਜਿਹੀ ਸ਼ੁਰੂਆਤ ਹੋਈ, ਵੱਡੇ ਮਨਸੂਬਿਆਂ ਨਾਲ਼। ਇੱਕ ਨਿੱਕੀ ਜਿਹੀ ਦੁਕਾਨ ਅਤੇ ਫੁੱਟਪਾਥਾਂ 'ਤੇ, ਮੁਹੱਲਿਆਂ ਵਿਚ ਅਤੇ ਦਫ਼ਤਰਾਂ ਦੇ ਸਾਹਮਣੇ ਛੋਟੀਆਂ-ਛੋਟੀਆਂ ਪ੍ਰਦਰਸ਼ਨੀਆਂ ਲਗਾਉਣ ਵਾਲ਼ੇ ਅਤੇ ਸਾਈਕਲਾਂ 'ਤੇ, ਰੇਹੜੀਆਂ ਉੱਪਰ, ਝੋਲ਼ਿਆਂ ਵਿੱਚ ਭਰਕੇ ਘਰ-ਘਰ ਕਿਤਾਬਾਂ ਪਹੁੰਚਾਉਣ ਵਾਲ਼ੇ ਬਿਨਾਂ ਤਨਖ਼ਾਹ ਤੋਂ ਕੰਮ ਕਰਨ ਵਾਲ਼ੇ ਸਮਰਪਿਤ ਵਲੰਟੀਅਰਾਂ ਦੀ ਟੀਮ – ਸ਼ੁਰੂਆਤ ਬੱਸ ਇੱਥੋਂ ਹੋਈ। ਅੱਜ ਇਹ ਵਿਚਾਰਕ ਮੁਹਿੰਮ ਉਤਰੀ ਭਾਰਤ ਦੇ ਦਰਜਨਾਂ ਸ਼ਹਿਰਾਂ ਅਤੇ ਪਿੰਡਾਂ ਤੱਕ ਫੈਲ ਚੁੱਕੀ ਹੈ। ਇੱਕ ਵੱਡੇ ਅਤੇ ਇੱਕ ਛੋਟੇ ਪ੍ਰਦਰਸ਼ਨੀ ਵਹੀਕਲ ਰਾਹੀਂ ਜਨਚੇਤਨਾ ਹਿੰਦੀ ਅਤੇ ਪੰਜਾਬੀ ਖੇਤਰ ਦੇ ਦੂਰ ਦਰਾਜ ਦੇ ਕੋਨਿਆਂ ਤੱਕ ਹਿੰਦੀ, ਪੰਜਾਬੀ ਅਤੇ ਅੰਗ੍ਰੇਜ਼ੀ ਸਾਹਿਤ ਅਤੇ ਕਲਾ ਸਮਗਰੀ ਦੇ ਨਾਲ਼ ਸੁਪਨੇ ਅਤੇ ਵਿਚਾਰ ਲੈ ਕੇ ਜਾ ਰਹੀ ਹੈ, ਜੀਵਨ-ਸੰਘਰਸ਼-ਸਿਰਜਣਾ-ਤਰੱਕੀ ਦਾ ਨਾਅਰਾ ਲੈ ਕੇ ਜਾ ਰਹੀ ਹੈ।

ਜਨਚੇਤਨਾ ਪਰਿਕਲਪਨਾ ਪ੍ਰਕਾਸ਼ਨ (ਹਿੰਦੀ ਸਾਹਿਤਿਕ ਪ੍ਰਕਾਸ਼ਕ), ਰਾਹੁਲ ਫਾਂਊਡੇਸ਼ਨ (ਹਿੰਦੀ ਰਾਜਨੀਤਿਕ ਪ੍ਰਕਾਸ਼ਕ), ਅਨੁਰਾਗ ਟਰਸਟ (ਬਾਲ ਸਾਹਿਤ ਦੇ ਪ੍ਰਕਾਸ਼ਕ), ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ (ਪੰਜਾਬੀ ਰਾਜਨੀਤਕ ਪ੍ਰਕਾਸ਼ਨ), ਦਸਤਕ ਪ੍ਰਕਾਸ਼ਨ (ਪੰਜਾਬੀ ਸਾਹਿਤਕ ਪ੍ਰਕਾਸ਼ਕ) ਅਤੇ ਪ੍ਰਾਂਜਲ ਆਰਟ ਪਬਲਿਸ਼ਰਜ਼ (ਕਲਾ ਸੱਮਗਰੀ ਦੇ ਪ੍ਰਕਾਸ਼ਕ) ਦੇ ਸਾਰੇ ਪ੍ਰਕਾਸ਼ਨਾਂ ਦੇ ਮੁੱਖ ਵਿਤਰਕ ਦੀ ਜ਼ਿੰਮੇਵਾਰੀ ਨਿਭਾਂਉਂਦੀ ਹੈ।

**ਮੁੱਖ ਦਫ਼ਤਰ** : ਡੀ-68, ਨਿਰਾਲਾ ਨਗਰ,
ਲਖਨਊ-226020 ਫੋਨ : 0522-2786782,
#11, ਸਤਜੋਤ ਨਗਰ, ਗਲੀ ਨੰ-10/4, ਧਾਂਦਰਾ ਰੋਡ,
ਦੁੱਗਰੀ, ਲੁਧਿਆਣਾ। ਫੋਨ : 98155-87807
ਈਮੇਲ : **janchetna@rediffmail.com**

*ਆਮ ਲੋਕਾਂ ਲਈ*
*ਜ਼ਰੂਰੀ ਹਨ ਉਹ ਕਿਤਾਬਾਂ*
*ਜੋ ਉਨ੍ਹਾਂ ਦੀ ਜ਼ਿੰਦਗੀ ਦੀ ਘੁਟਣ*
*ਅਤੇ ਮੁਕਤੀ ਦੇ ਸੁਪਨਿਆਂ ਤੱਕ*
*ਪਹੁੰਚਾਉਂਦੀਆਂ ਨੇ ਵਿਚਾਰ*
*ਜਿਵੇਂ ਕਿ ਬਾਰੂਦ ਦੀ ਢੇਰੀ ਤੱਕ*
*ਅੱਗ ਦੀ ਚਿੰਗਾਰੀ*
*ਘਰ-ਘਰ ਤੱਕ ਚਿੰਗਾਰੀ ਛਿੜਕਣ ਵਾਲਾ*
*ਤੇਜ਼ ਹਵਾ ਦਾ ਬੁੱਲਾ ਬਣ ਜਾਣਾ ਹੋਵੇਗਾ*
*ਜ਼ਿੰਦਗੀ 'ਤੇ ਆਉਣ ਵਾਲੇ ਦਿਨਾਂ ਦਾ ਸੱਚ*
*ਦੱਸਣ ਵਾਲੀਆਂ ਕਿਤਾਬਾਂ ਨੂੰ*
*ਘਰ-ਘਰ ਵਿਚ ਪਹੁੰਚਾਉਣਾ ਹੋਵੇਗਾ।*

ਸਾਡੇ ਕੋਲ਼ ਤੁਹਾਨੂੰ ਮਿਲਣਗੇ :

- ਸਰਵਉਤਮ ਵਿਸ਼ਵ ਕਲਾਸਿਕਸ - ਮਿਆਰੀ ਪ੍ਰਗਤੀਸ਼ੀਲ ਸਾਹਿਤ
- ਇਤਿਹਾਸ, ਫ਼ਲਸਫੇ ਅਤੇ ਸਮਾਜ ਵਿਗਿਆਨ ਦੀਆਂ ਚੋਣਵੀਆਂ ਕਿਤਾਬਾਂ
- ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਸੰਪੂਰਨ ਉਪਲੱਭਧ ਸਾਹਿਤ
- ਜੀਵਨ ਅਤੇ ਸਮਾਜ ਦੀ ਸਮਝ ਦੇਣ ਵਾਲ਼ਾ ਅਤੇ ਭਵਿੱਖ ਦਾ ਮਾਰਗ ਦੱਸਣ ਵਾਲ਼ਾ ਇਨਕਲਾਬੀ ਰਾਜਨੀਤਿਕ ਸਾਹਿਤ
- ਦਿਮਾਗ ਦੀਆਂ ਖਿੜਕੀਆਂ ਖੋਲਣ ਵਾਲ਼ਾ ਅਤੇ ਕਲਪਨਾ ਨੂੰ ਖੰਭ ਦੇਣ ਵਾਲ਼ਾ ਬਾਲ ਸਾਹਿਤ
- ਆਕਰਸ਼ਕ ਕਲਾਤਮਿਕ ਚਿੱਤਰ
- ਪੋਸਟਰ, ਕੈਲੰਡਰ ਅਤੇ ਕਾਰਡ
- ਇਨਕਲਾਬੀ ਗੀਤਾਂ ਦੇ ਕੈਸਟਸ

**ਆਓ, ਤੁਸੀਂ ਵੀ ਇਸ ਮੁਹਿੰਮ ਵਿੱਚ**
**ਸਾਡੇ ਹਮਸਫਰ ਬਣੋ !**

ਜਨਚੇਤਨਾ ਦੀਆਂ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਕਿਤਾਬਾਂ ਦੀ ਸੰਪੂਰਣ ਸੂਚੀ ਦੇਖਣ ਅਤੇ ਆਰਡਰ ਦੇਣ ਲਈ ਸਾਡੇ ਬਲੌਗ 'ਤੇ ਜਾਓ—
http://janchetnaa.blogspot.com

ਉੱਠੋ ! ਜਾਗੋ !! ਅੱਗੇ ਵਧੋ !!!

## ਅਜ਼ਾਦੀ ਮੁਨਾਫ਼ਾਖੋਰ ਲੁਟੇਰਿਆਂ ਲਈ ! ਲੋਕਤੰਤਰ ਚੋਰਾਂ–ਮੁਫ਼ਤਖੋਰਾਂ ਲਈ !!

## ਇੱਕੋ ਹੀ ਬਦਲ—ਇੱਕੋ ਹੀ ਰਾਹ

# ਨਵੇਂ ਇਨਕਲਾਬ ਦੀ ਮਸ਼ਾਲ ਜਗਾਓ !

# ਇਨਕਲਾਬੀ ਲੋਕ ਸਵਰਾਜ ਦਾ ਝੰਡਾ ਉੱਚਾ ਲਹਿਰਾਓ !!

15 ਅਗਸਤ, 1947 ਦੀ ਜਿਸ ਅਜ਼ਾਦੀ ਨੂੰ ਮਸ਼ਹੂਰ ਸ਼ਾਇਰ ਫੈਜ਼ ਨੇ 'ਦਾਗ-ਦਾਗ ਉਜਾਲਾ' ਕਿਹਾ ਸੀ, ਉਹ ਅੱਧੀ ਸਦੀ ਬੀਤਦੇ-ਬੀਤਦੇ ਭਾਦੋਂ ਦੀ ਮੱਸਿਆ ਦੀ ਕਾਲ਼ੀ ਰਾਤ ਵਿੱਚ ਤਬਦੀਲ ਹੋ ਚੁੱਕੀ ਹੈ। ਦੇਸ਼ ਸੜ ਰਿਹਾ ਹੈ। ਜ਼ਾਲਮ ਨੀਰੋ ਦੀਆਂ ਭਾਰਤੀ ਔਲਾਦਾਂ ਬੰਸਰੀ ਵਜਾ ਰਹੀਆਂ ਹਨ।

ਇਤਿਹਾਸ ਦੇ ਇਸ ਮੁਸ਼ਕਿਲ ਦੌਰ ਵਿੱਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸ਼ਬਦਾਂ ਨੂੰ ਦੁਹਰਾਉਂਦੇ ਹੋਏ ਅਸੀਂ ਇਨਸਾਨੀਅਤ ਦੀ ਰੂਹ ਵਿੱਚ ਹਰਕਤ ਪੈਦਾ ਕਰਨ ਲਈ ਇੱਕ ਵਾਰ ਫਿਰ ਇਨਕਲਾਬੀ ਸਪਿਰਟ ਤਾਜ਼ਾ ਕਰਨ ਦਾ ਸੱਦਾ ਦਿੰਦੇ ਹਾਂ। ਅਸੀਂ ਦੇਸੀ-ਵਿਦੇਸ਼ੀ ਪੂੰਜੀਪਤੀਆਂ ਦੇ ਜ਼ਾਬਰ ਲੁੱਟਤੰਤਰ ਨੂੰ ਤਬਾਹ-ਬਰਬਾਦ ਕਰਕੇ ਹਿੰਦ ਮਹਾਂਸਾਗਰ ਵਿੱਚ ਸੁੱਟ ਦੇਣ ਲਈ ਅਤੇ ਉਤਪਾਦਨ, ਰਾਜਕੀ ਪ੍ਰਬੰਧ ਅਤੇ ਸਮਾਜ ਦੇ ਪੂਰੇ ਢਾਂਚੇ ਉੱਤੇ ਅੱਗੇ ਵੱਧ ਕੇ ਕਬਜ਼ਾ ਕਰ ਲੈਣ ਲਈ ਕਿਰਤੀ ਲੋਕਾਂ ਨੂੰ ਆਵਾਜ਼ ਦਿੰਦੇ ਹਾਂ ਅਤੇ ਇਨਕਲਾਬੀ ਲੋਕ ਸਵਰਾਜ ਦਾ ਨਾਅਰਾ ਬੁਲੰਦ ਕਰਦੇ ਹਾਂ।

ਅਸੀਂ ਇਤਿਹਾਸ ਨੂੰ ਘੜਨ ਵਾਲ਼ੇ ਅਤੇ ਆਪਣੇ ਤਾਕਤਵਰ ਹੱਥਾਂ ਨਾਲ਼ ਸਮੇਂ ਦੇ ਪ੍ਰਵਾਹ ਨੂੰ ਮੋੜ ਦੇਣ ਵਾਲ਼ੇ ਕਿਰਤੀ ਲੋਕਾਂ, ਵਿਦਿਆਰਥੀਆਂ, ਨੌਜਵਾਨਾਂ ਦੀ ਅਣਖ ਨੂੰ ਲਲਕਾਰ ਰਹੇ ਹਾਂ ਅਤੇ ਇੱਕ ਨਵੀਂ ਮੁਸ਼ਕਿਲ ਅਤੇ ਫ਼ੈਸਲਾਕੁੰਨ ਲੜਾਈ ਦੀ ਤਿਆਰੀ ਵਿੱਚ ਸ਼ਾਮਲ ਹੋਣ ਲਈ, ਉਹਨਾਂ ਸਾਰੇ ਲੋਕਾਂ ਨੂੰ ਸੱਦਾ ਦੇ ਰਹੇ ਹਾਂ, ਜਿਨ੍ਹਾਂ ਦੀਆਂ ਆਤਮਾਵਾਂ ਜਵਾਨ ਹਨ, ਜੋ ਸੱਚੇ ਅਰਥਾਂ ਵਿੱਚ ਜਿਉਂਦੇ ਹਨ।

ਦੇਸ਼ ਦੇ ਇਤਿਹਾਸ ਦੇ ਅਜਿਹੇ ਮੋੜ ਉੱਤੇ, ਜਦੋਂ ਸਮੇਂ ਦੇ ਗਰਭ ਵਿੱਚ ਮਹੱਤਵਪੂਰਨ ਬਦਲਾਅ ਦੇ ਬੀਜ ਪਲ਼ ਰਹੇ ਹਨ। ਅਸੀਂ ਪੂੰਜੀਵਾਦੀ ਸੰਸਦੀ ਲੋਕਤੰਤਰ ਦੀ ਖਰਚੀਲੀ ਧੋਖਾਧੜੀ ਅਤੇ ਅਖੌਤੀ ਪੰਚਾਇਤੀ ਰਾਜ ਦੇ ਕਪਟੀ ਸ਼ੋਸ਼ੇ ਨੂੰ ਸਿਰੇ ਤੋਂ ਖਾਰਿਜ ਕਰਨ ਲਈ ਉਹਨਾਂ ਸਭ ਲੋਕਾਂ ਨੂੰ ਸੱਦਾ ਦਿੰਦੇ ਹਾਂ, ਜੋ ਇਸ ਪ੍ਰਬੰਧ ਦੁਆਰਾ ਠੱਗੇ ਜਾ ਰਹੇ ਹਨ, ਲੁੱਟੇ ਜਾ ਰਹੇ ਹਨ ਅਤੇ ਅਵਾਜ਼ ਉਠਾਉਣ 'ਤੇ ਕੁਚਲੇ ਜਾ ਰਹੇ ਹਨ। ਇਸ ਪ੍ਰਬੰਧ ਵਿੱਚ ਜਿਨ੍ਹਾਂ ਦਾ ਕੋਈ ਭਵਿੱਖ ਨਹੀਂ ਹੈ, ਉਹ ਹੀ ਨਵਾਂ ਪ੍ਰਬੰਧ ਬਣਾਉਣ ਲਈ ਅੱਗੇ ਆਉਣਗੇ। ਉਹਨਾਂ ਨੂੰ ਅੱਗੇ ਆਉਣਾ ਹੀ ਪਵੇਗਾ।

ਇਨਕਲਾਬੀ ਲੋਕ ਸਵਰਾਜ ਮੁਹਿੰਮ ਇਹੋ ਸੰਦੇਸ਼ ਦੇਸ਼ ਦੇ ਕੋਨੇ-ਕੋਨੇ ਤੱਕ ਲੈ ਜਾਣ ਦੇ ਕੰਮ ਵਿੱਚ ਜੁਟੀ ਹੋਈ ਹੈ। ਸਾਮਰਾਜਵਾਦ ਅਤੇ ਪੂੰਜੀਵਾਦ ਦਾ ਇੱਕ-ਇੱਕ ਦਿਨ ਸਾਡੇ ਲਈ ਭਾਰਾ ਹੈ। ਇਸ ਦਾ ਨਾਸ਼ ਸਾਡੀ ਹੋਂਦ ਦੀ ਸ਼ਰਤ ਹੈ। ਇਹਨਾਂ ਵਿਰੁੱਧ ਅਸੀਂ ਇਨਕਲਾਬੀ ਲੋਕ ਸਵਰਾਜ ਦਾ ਨਾਹਰਾ ਬੁਲੰਦ ਕਰਦੇ ਹਾਂ। ਇਨਕਲਾਬੀ ਲੋਕ ਸਵਰਾਜ ਦਾ ਮਤਲਬ ਹੈ, ਉਤਪਾਦਨ, ਰਾਜਭਾਗ ਅਤੇ ਸਮਾਜ ਦੇ ਪੂਰੇ ਪ੍ਰਬੰਧ ਉੱਪਰ ਉਤਪਾਦਨ ਕਰਨ ਵਾਲ਼ੀਆਂ ਜਮਾਤਾਂ ਦਾ ਕੰਟਰੋਲ, ਫੈਸਲੇ ਦੀ ਪੂਰੀ ਤਾਕਤ ਉਹਨਾਂ ਦੇ ਹੱਥਾਂ ਵਿੱਚ ਹੋਵੇ। ਇਸ ਦਾ ਸਾਰ ਤੱਤ ਹੈ—ਸਾਰੀ ਸੱਤ੍ਹਾ ਕਿਰਤੀਆਂ ਨੂੰ ! ਇਸਦਾ ਮਤਲਬ ਹੈ— ਸੰਸਾਰ ਪੂੰਜੀਵਾਦੀ ਪ੍ਰਬੰਧ ਨਾਲ਼ ਘਿਉ-ਖਿਚੜੀ ਦੇਸੀ ਪੂੰਜੀਵਾਦੀ ਢਾਂਚੇ ਨੂੰ ਚਕਨਾਚੂਰ ਕਰਕੇ ਪੂਰੇ ਸਮਾਜ ਦੇ ਆਰਥਿਕ ਅਧਾਰ ਅਤੇ ਉੱਪਰੀ ਢਾਂਚੇ ਦੀ ਨਿਆਂ ਅਤੇ ਸਮਾਨਤਾ ਦੇ ਅਧਾਰ 'ਤੇ ਮੁੜ ਉਸਾਰੀ। . . .

. . . ਸਵਾਲ ਅੱਜ ਵਿਦੇਸ਼ੀ ਗੁਲਾਮੀ ਬਨਾਮ ਸਵਦੇਸ਼ੀ ਦਾ ਨਹੀਂ ਹੈ, ਸਗੋਂ ਸਵਾਲ ਸੰਪੂਰਨ ਪੂੰਜੀਵਾਦੀ ਪ੍ਰਬੰਧ ਨੂੰ ਨਸ਼ਟ ਕਰਨ ਦਾ ਹੈ, ਜੋ ਅਣਇਤਿਹਾਸਕ ਅਤੇ ਮਨੁੱਖ ਧਰੋਹੀ ਹੋ ਚੁੱਕਾ ਹੈ।

ਇੱਕੀਵੀਂ ਸਦੀ ਦੇ ਇਤਿਹਾਸ ਦੇ ਏਜੰਡੇ 'ਤੇ ਇਹੋ ਕੇਂਦਰੀ ਮੁੱਦਾ ਹੈ। ਇਨਕਲਾਬੀ ਲੋਕ ਸਵਰਾਜ ਦਾ ਨਾਅਰਾ ਉਸ ਪੂੰਜੀਵਾਦੀ ਸੱਤ੍ਹਾ ਨੂੰ ਉਖਾੜ ਸੁੱਟਣ ਦੇ ਲਈ ਸੰਘਰਸ਼ ਦਾ ਨਾਅਰਾ ਹੈ, ਜਿਸ ਨੇ ਦੇਸੀ ਪੂੰਜੀਪਤੀਆਂ ਦੀ ਲੁੱਟ ਦੇ ਨਾਲ਼ ਹੀ ਸਾਮਰਾਜੀ ਦੇਸ਼ਾਂ ਅਤੇ ਉਹਨਾਂ ਦੀਆਂ ਬਹੁਕੌਮੀ ਕੰਪਨੀਆਂ ਦੀ ਲੁੱਟ ਲਈ ਦੇਸ਼ ਦੇ ਦਰਵਾਜ਼ੇ ਖੋਲ੍ਹ ਦਿੱਤੇ ਹਨ।

ਇਨਕਲਾਬੀ ਲੋਕ ਸਵਰਾਜ ਮੁਹਿੰਮ ਪੂੰਜੀਵਾਦੀ ਲੋਕਤੰਤਰ ਦੇ ਸਾਰੇ ਪਾਖੰਡਾਂ ਅਤੇ ਛਲ-ਕਪਟ ਦਾ ਭਾਂਡਾ ਭੰਨ੍ਹਦੇ ਹੋਏ ਵਰਤਮਾਨ ਸੰਸਦੀ ਪ੍ਰਣਾਲੀ ਨੂੰ ਸਿਰੇ ਤੋਂ ਖਾਰਿਜ ਕਰਦੇ ਹੋਏ ਅਤੇ ਸਰਕਾਰੀ ਪੰਚਾਇਤੀ ਰਾਜ ਦੀ ਅਸਲੀਅਤ ਨੂੰ ਸਮਝਣ ਦਾ ਸੱਦਾ ਦਿੰਦੀ ਹੈ।

ਇਨਕਲਾਬੀ ਲੋਕ ਸਵਰਾਜ ਮੁਹਿੰਮ ਵਿਆਪਕ ਤਬਦੀਲੀ ਅਤੇ ਸੰਘਰਸ਼ ਦੇ ਹਰ ਮੋਰਚੇ 'ਤੇ ਸਰਗਰਮ ਹੋਣ ਦੇ ਨਾਲ਼-ਨਾਲ਼ ਪਿੰਡ-ਪਿੰਡ ਵਿੱਚ, ਸ਼ਹਿਰਾਂ ਦੇ ਮੁਹੱਲਿਆਂ, ਬਸਤੀਆਂ ਵਿੱਚ ਲੋਕਾਂ ਦੀ ਬਦਲਵੀਂ ਸੱਤ੍ਹਾ ਦੇ ਇਨਕਲਾਬੀ ਕੇਂਦਰਾਂ ਦੇ ਰੂਪ ਵਿੱਚ ਲੋਕ ਸਵਰਾਜ ਪੰਚਾਇਤਾਂ ਬਣਾਉਣ ਦਾ ਸੱਦਾ ਦਿੰਦੀ ਹੈ।

ਅਸੀਂ ਜਾਣਦੇ ਹਾਂ, ਸਾਡਾ ਰਾਹ ਲੰਬਾ ਹੈ। ਪਰ ਇਹੋ ਇੱਕੋ ਬਦਲ ਹੈ। ਇਹੋ ਇਤਿਹਾਸ ਦਾ ਰਾਹ ਹੈ। ਇਸ ਲਈ ਸਾਡਾ ਇਹ ਸੰਗਰਾਮੀ ਸੰਕਲਪ ਹੈ ਕਿ ''ਲੋਕ ਸਵਰਾਜ ਸਾਡਾ ਜਨਮ ਸਿੱਧ ਅਧਿਕਾਰ ਹੈ ਅਤੇ ਹਰ ਕੀਮਤ 'ਤੇ ਅਸੀਂ ਉਸ ਨੂੰ ਪ੍ਰਾਪਤ ਕਰ ਕੇ ਰਹਾਂਗੇ।''

## ਖ਼ਤਮ ਕਰੋ ਪੂੰਜੀ ਦਾ ਰਾਜ ! ਲੜੋ ਬਣਾਓ ਲੋਕ ਸਵਰਾਜ !!

## ਇਨਕਲਾਬੀ ਲੋਕ ਸਵਰਾਜ ਮੁਹਿੰਮ

ਇਨਕਲਾਬੀ ਲੋਕ ਸਵਰਾਜ ਮੁਹਿੰਮ ਦਾ ਹਿੱਸਾ ਬਣਨ ਲਈ ਸੰਪਰਕ ਕਰੋ—ਨੌਜਵਾਨ ਭਾਰਤ ਸਭਾ। ਫੋਨ-9888696323, 9988076466